INTERNATIONAL MAGAZINE
RNI No. 61816/95

30/-

ਏਕੋ ਬ੍ਰਹਮੁ ਦੁਤੀਯ ਨਾਸਤਿ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਕਤੂਬਰ 2024



ਧੰਨੁ ਧੰਨੁ ਰਾਮਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ॥

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

ਸੰਤ ਬਾਬਾ ਲਖਬੀਰ ਸਿੰਘ ਜੀ ਸੰਗਤਾਂ ਨੂੰ ਵੱਖ-ਵੱਖ ਜਗ੍ਹਾਂ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।







ਅਨਾਜ ਮੰਡੀ
ਰੋਪੜ




ਸ੍ਰੀ
ਚਮਕੌਰ
ਸਾਹਿਬ






ਸਾਲਾਨਾ ਸਮਾਗਮ
ਸਬੰਧੀ ਮੀਟਿੰਗ
ਰਤਵਾੜਾ ਸਾਹਿਬ

# ਆਤਮ ਮਾਰਗ

ਸਾਲ-ਤੀਹਵਾਂ, ਮਹੀਨਾ-ਅਕਤੂਬਰ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ


**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in


Registration Under Foreign Contribution (Regulation) Act 1976 R. No. 115320023



**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.org
www.ratwarasahib.com
www.ratwarasahib.in

} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network

98728-14385, 94172-14385

98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ** | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਮੰਝ ਪਿਆਰਾ ਗੁਰੂ ਨੂੰ......।** | 18 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀਂ ਭਗਵੰਤ॥** | 29 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥** | 38 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** | 42 |
| | *ਡਾ. ਜਗਜੀਤ ਸਿੰਘ* | |
| 8. | **ਗੁਰ ਨਾਨਕ ਆਗਮਨ** | 45 |
| | *ਡਾ. ਭਾਈ ਵੀਰ ਸਿੰਘ ਜੀ* | |
| 9. | **ਗੁਰੂ ਰਾਮਦਾਸ ਦਰਸ਼ਨ** | 48 |
| | *ਪ੍ਰੋ. ਪੂਰਨ ਸਿੰਘ* | |
| 10. | **ਗੁਰਬਾਣੀ ਅਰਥ ਭੰਡਾਰ** | 50 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 11. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯

ਅਨੁਭਵੀ ਮਹਾਂਪੁਰਸ਼ਾਂ ਨੇ ਦੁਨੀਆਂ ਦੇ ਬਾਸ਼ਿੰਦਿਆਂ ਨੂੰ ਚਾਰ ਕਿਸਮਾਂ ਵਿਚ ਵੰਡਿਆ ਹੈ। ਪਹਿਲੇ ਪਾਮਰ, ਦੂਜੇ ਭੋਗੀ, ਤੀਜੇ ਜਗਿਆਸੂ ਤੇ ਚੌਥੇ ਮੁਕਤ ਆਤਮਾਵਾਂ। ਇਹ ਵੰਡ ਇਨ੍ਹਾਂ ਦੇ ਸੁਭਾਵਾਂ ਅਤੇ ਕਾਰਜਾਂ ਅਨੁਸਾਰ ਹੈ। 'ਪਾਮਰ ਤੇ ਭੋਗੀ' ਇਕ ਕੈਟਾਗਿਰੀ ਵਿਚ ਆਉਂਦੇ ਹਨ ਜੋ ਪ੍ਰਮੇਸ਼ਰ ਤੋਂ ਬੇਮੁਖ ਹੈ, ਭੁੱਲੀ ਹੋਈ ਹੈ। ਇਸ ਸ਼੍ਰੇਣੀ ਵਾਸਤੇ ਸਥੂਲ ਦਿਸਦਾ ਸੰਸਾਰ ਹੀ ਯਥਾਰਥ ਹੈ। ਇਨ੍ਹਾਂ ਦੀ ਆਤਮਿਕ ਉਡਾਰੀ ਜ਼ੀਰੋ ਹੈ। ਆਤਮਿਕ ਖੁਰਾਕ ਤੋਂ ਵਾਂਝੇ ਹਨ। ਸਰੀਰ ਦੇ ਭੋਗਾਂ, ਵਿਸ਼ਿਆਂ ਵਿਚ ਲੁਭਾਇਮਾਨ ਹੋ ਕੇ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਫਿਰ 84 ਦੇ ਗੇੜ ਵਿਚ ਗੋਤੇ ਖਾਂਦੇ ਹਨ ਭਾਵ -

*ਊਚੇ ਮੰਦਰ ਸੁੰਦਰ ਨਾਰੀ ॥*
*ਰਾਮ ਨਾਮ ਬਿਨੁ ਬਾਜੀ ਹਾਰੀ ॥* ਅੰਗ - ੬੫੯

*ਮਨਮੁਖਿ ਆਵੈ ਮਨਮੁਖਿ ਜਾਵੈ ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ ॥* ਅੰਗ - ੧੦੭੩

ਲੱਗਭੱਗ 98% ਦੁਨੀਆਂ ਦੇ ਬਸ਼ਿੰਦੇ ਇਸ ਵਿਚ ਸ਼ਾਮਿਲ ਹਨ। ਦੂਜੀ ਕੈਟਾਗਿਰੀ ਵਿਚ ਪ੍ਰਮੇਸ਼ਰ ਦੇ ਪਿਆਰੇ, ਜੋ ਰੂਹਾਨੀ ਮਾਰਗ 'ਤੇ ਚਲ ਰਹੇ ਹਨ ਤੇ ਕੁਝ ਕੁ (ਪਰ ਬਹੁਤ ਥੋੜ੍ਹੇ) ਪਹੁੰਚ ਚੁਕੇ ਹਨ -

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥*
ਅੰਗ - ੧੪੧੧

*ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥*
ਅੰਗ - ੧੪੨੭

ਇਹ ਦੋਨੋਂ ਸ਼੍ਰੇਣੀਆਂ ਵਿਚ ਕੇਵਲ 2% ਹੀ ਹਨ। ਇਨ੍ਹਾਂ ਵਿਚ ਜਗਿਆਸੂ 1.8% ਮੰਨੇ ਗਏ ਹਨ। ਕੇਵਲ 0.2% ਮੁਕਤ ਆਤਮਾਵਾਂ ਹਨ ਜਿਨ੍ਹਾਂ ਬਾਰੇ ਕਥਨ ਹੈ -

*ਐਸੇ ਜਨ ਵਿਰਲੇ ਸੰਸਾਰੇ ॥*
*ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥*
*ਆਪਿ ਤਰਹਿ ਸੰਗਤਿ ਕੁਲ ਤਾਰਹਿ*
*ਤਿਨ ਸਫਲ ਜਨਮੁ ਜਗਿ ਆਇਆ ॥* ਅੰਗ - ੧੦੩੯
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥* ਅੰਗ- ੧੦੭੬

ਆਪਣੀ ਵੀਚਾਰ ਕਰਨ ਦਾ ਸਬੰਧ ਜਗਿਆਸੂ ਅਤੇ ਮੁਕਤ ਆਤਮਾਵਾਂ ਨਾਲ ਹੈ।

ਦੁਨੀਆਂ ਵਿਚ ਅਨੇਕਾਂ ਤਰ੍ਹਾਂ ਦੇ ਦਾਨ ਪ੍ਰਚਲਿਤ ਹਨ। ਦੁਨੀਆਵੀ ਵਸਤੂਆਂ ਦੇ ਦਾਨਾਂ ਨੂੰ ਦੁਨੀਆਂ ਜਾਣਦੀ ਹੈ ਪਰ ਇਕ ਆਤਮ ਦਾਨ ਹੈ, ਜੀਅ ਦਾਨ ਹੈ ਜਿਸ ਦੀ ਸੋਝੀ ਕੇਵਲ ਜਗਿਆਸੂ ਜਨ ਰਖਦੇ ਹਨ। ਆਤਮ ਦਾਨ ਜਾਂ ਜੀਅ ਦਾਨ ਵਾਲੇ ਨੂੰ ਹੀ ਗੁਰਬਾਣੀ ਵਿਚ ਜਿਉਂਦਾ ਕਿਹਾ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
ਅੰਗ - ੨੫੩

ਉਹ ਦੁਨੀਆਂ ਦੇ ਅਹਾਰ ਨਾਲ ਜਿਉਂਦੇ ਹਨ ਪਰ ਰੱਬ ਦੇ ਪਿਆਰੇ ਆਤਮਿਕ ਅਹਾਰ ਦੇ ਸਹਾਰੇ ਚਲਦੇ ਹਨ -

*ਆਖਾ ਜੀਵਾ ਵਿਸਰੈ ਮਰਿ ਜਾਉ॥* ਅੰਗ - ੯

ਪ੍ਰੀਤ ਵਿਹੂਣੇ (ਮੁਰਦੇ) ਵਿਚ 'ਜੀਵਨ ਸ਼ਕਤੀ' ਪਾ ਦੇਣੀ ਉਹ ਜੀਅ ਦਾਨ ਹੈ। ਭਾਵ ਪ੍ਰਮੇਸ਼ਰ ਤੋਂ ਟੁੱਟੇ ਨੂੰ ਉਸ ਨਾਲ ਜੋੜ ਦੇਣਾ ਹੀ ਜੀਅ ਦਾਨ ਹੈ। ਇਸ ਸੇਵਾ ਦੇ ਪਾਤਰ ਕੇਵਲ ਰੱਬ ਦੇ ਪਿਆਰੇ ਹੀ ਹਨ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
ਅੰਗ - ੧੩੭੩

ਸਾਡੀ ਕੌਮੀ ਅਰਦਾਸ ਵਿਚ 8 ਦਾਨਾਂ ਦਾ ਜ਼ਿਕਰ ਹੈ ਜਿਵੇਂ ਕਿ ਸਿੱਖਾਂ ਨੂੰ 1. ਸਿੱਖੀ ਦਾਨ, 2. ਕੇਸ ਦਾਨ, 3. ਰਹਿਤ ਦਾਨ, 4. ਬਿਬੇਕ ਦਾਨ, 5. ਵਿਸਾਹ ਦਾਨ, 6. ਭਰੋਸਾ ਦਾਨ, ਸੱਤਵਾਂ ਦਾਨਾਂ ਸਿਰ ਦਾਨ ਨਾਮ ਦਾਨ ਤੇ ਅੱਠਵਾਂ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ। ਅੱਠ ਦਾਨਾਂ ਵਿਚੋਂ ਦਾਨਾਂ ਸਿਰ ਦਾਨ ਨਾਮ ਦਾਨ ਪ੍ਰਗਟਾਇਆ ਹੈ। ਇਹੀ ਨਾਮ ਦਾਨ 'ਜੀਅ ਦਾਨ' ਹੈ ਜੋ ਪ੍ਰਭੂ ਪਿਆਰੇ ਬਖਸ਼ਦੇ ਹਨ।

***'ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥' (ਅੰਗ-੨੯੦)*** ਦੇ ਧਾਰਨੀ ਹੋ ਮਾਨਵਤਾ ਨੂੰ ਇਸ ਦਾਨ ਪ੍ਰਤੀ ਸੁਚੇਤ ਕਰ, ਉਸ ਨਾਲ ਜੋੜ ਦਿੰਦੇ ਹਨ। ਉਨ੍ਹਾਂ ਬਾਰੇ ਹੀ ਦਸ਼ਮੇਸ਼ ਪਿਤਾ ਨੇ ਫੁਰਮਾਨ ਕੀਤਾ ਹੈ ਕਿ - ***ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮਹਿ ਹੌਂ ਕਰਹੁੰ ਨਿਵਾਸ॥*** ਰੱਬ ਦੇ ਪਿਆਰਿਆਂ ਦੀ ਚੁੰਬਕੀ ਹਸਤੀ ਸੋਭਤ ਵਿਚ ਆਏ ਮਨੁੱਖ ਦੇ ਤਨ ਮਨ ਨੂੰ ਖੀਵਾ ਕਰਦੀ ਹੈ। ਰੂਹਾਨੀ ਪਿਆਰ, ਫੁਹਾਰ ਦਾ ਸ਼ਾਂਤ ਰਸ ਬਖਸ਼ਦੀ ਹੈ। ਨਵਾਂ ਨਰੋਆਪਣ ਬਖਸ਼ਦੇ ਹੋਏ ਸਵੱਛ ਤੇ ਨਿਰਮਲ ਪ੍ਰਭਾਵ ਪਾਉਂਦੀ ਹੈ। ਸਵੈ ਸਰੂਪ ਦੀ ਸਥਿਤੀ ਬਖਸ਼ਦੀ ਹੈ। ਇਸ ਤਰ੍ਹਾਂ ਜੀਵ, ਆਤਮ ਤੀਰਥ ਦਾ ਇਸ਼ਨਾਨ ਕਰਦਾ ਸੱਚ ਮੰਡਲ ਵਿਚ ਨਿਵਾਸ ਕਰ ਜਾਂਦਾ ਹੈ। ਉਨ੍ਹਾਂ ਬਾਰੇ ਫੁਰਮਾਨ ਹੈ -

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ, ਕਥਾ ਕਹਾਣੀਆਂ, ਵਾਰਤਾਵਾਂ, ਜਗਿਆਸੂ ਜਨਾਂ ਦੇ ਜੀਵਨ ਨੂੰ ਉਤਸ਼ਾਹ ਤੇ ਪ੍ਰੇਮ ਹੁਲਾਰਾ ਦਿੰਦੀਆਂ ਹਨ। ਭੁਲਿਆਂ ਭਟਕਿਆ ਜੀਵ ਆਪਣੇ ਜੀਵਨ ਦੀ ਧੜਕਣ ਨੂੰ ਸੱਚ ਦੀ ਖੋਜ ਵਲ ਤੋਰਦਾ ਹੈ। ਉਨ੍ਹਾਂ ਦੀਆਂ ਕਥਾ ਕਹਾਣੀਆਂ 'ਨਾਮ ਖੁਮਾਰੀ' ਦੀ ਬਖਸ਼ਿਸ਼ ਕਰਕੇ, ਨਾਮ ਲਿਵ ਵਿਚ ਬਿਰਤੀ ਨੂੰ ਛੋਹ ਦੇ ਕੇ, ਲਿਵਤਾਰ ਨਾਮ ਅਭਿਆਸ ਕਮਾਈ ਕਰਨ ਲਈ, ਉਤਸ਼ਾਹ ਪੂਰਨ ਪ੍ਰੇਰਨਾ ਦਿੰਦੀਆਂ ਹਨ। ਉਨ੍ਹਾਂ ਦੀਆਂ ਦੁਨਿਆਵੀ ਕਿਰਿਆਵਾਂ, ਬਾਹਰਲਾ ਦਿਸਦਾ ਵਿਵਹਾਰ ਇਕ ਜੇਲ੍ਹਖਾਨੇ ਦੇ ਡਾਕਟਰ ਵਾਂਗੂੰ ਭਾਸਦਾ ਨਜ਼ਰ ਆਉਂਦਾ ਹੈ। ਜੇਲ੍ਹਖਾਨੇ ਵਿਚ ਅਨੇਕਾਂ ਕੈਦੀ ਹੁੰਦੇ ਹਨ। ਉਹ ਕਰਮ ਬੰਧਨਾਂ ਕਰਕੇ ਜੇਲ੍ਹਖਾਨੇ ਵਿਚ ਬੰਦ ਹੁੰਦੇ ਹਨ। ਪਰ ਉਸੇ ਜੇਲ੍ਹਖਾਨੇ ਵਿਚ ਡਾਕਟਰ ਜਾਂਦਾ ਹੈ। ਉਹ ਕਰਮ ਬੰਧਨ ਤੋਂ ਮੁਕਤ ਹੁੰਦਾ ਹੈ। ਉਹ ਜੇਲ੍ਹਖਾਨੇ ਵਿਚ ਜਾਂਦਾ ਹੈ ਸਿਰਫ ਇਸ ਕਰਕੇ ਕਿ ਬੰਦੀਖਾਨੇ ਵਿਚ ਪਏ ਕੈਦੀਆਂ ਦਾ ਇਲਾਜ ਕੀਤਾ ਜਾਵੇ। ਉਹ ਜੇਲ੍ਹਖਾਨੇ ਵਿਚ ਆਉਣ ਜਾਣ ਲਈ ਅਜ਼ਾਦ ਹੈ। ਬੰਧਨ ਰਹਿਤ ਹੈ। ਸਿਰਫ ਇਲਾਜ ਕਰਕੇ, ਕੈਦੀਆਂ ਨੂੰ ਦਵਾਈ ਦੇ ਕੇ ਵਾਪਸ ਆ ਜਾਂਦਾ ਹੈ। ਹੋਰ ਕੋਈ ਵੀ ਨਿਯਮ ਉਸ ਜੇਲ੍ਹਖਾਨੇ ਦਾ ਉਸ ਉਪਰ ਲਾਗੂ ਨਹੀਂ ਹੁੰਦਾ। ਇਸੇ ਤਰ੍ਹਾਂ ਰੱਬ ਦੇ ਪਿਆਰੇ ਸੰਤ ਜਨ, ਇਸ ਕਰਮਾਂ ਰੂਪੀ, ਬੰਧਨਾਂ ਦੇ ਭਰੇ ਧਰਤਿ ਮੰਡਲ 'ਤੇ ਆਉਂਦੇ ਹਨ ਇਥੋਂ ਦੇ ਬਾਸ਼ਿੰਦਿਆਂ ਦਾ ਇਲਾਜ ਕਰਕੇ ਨਾਮ ਦਾ ਦਾਰੂ ਦੇ ਕੇ, ਨਾਮ ਨਾਲ ਜੋੜ ਕੇ ਵਾਪਸ ਚਲੇ ਜਾਂਦੇ ਹਨ। ਜਿਨ੍ਹਾਂ ਬਾਰੇ ਫੁਰਮਾਨ ਹੈ -

*ਜਿਨਿ ਤੁਮ ਭੇਜੇ ਤਿਨਹਿ ਬੁਲਾਏ*
*ਸੁਖ ਸਹਜ ਸੇਤੀ ਘਰਿ ਆਉ ॥ ਅੰਗ - ੬੭੮*

ਉਸ ਵਾਹਿਗੁਰੂ ਵਲੋਂ ਕੋਈ ਖਾਸ ਮਿਸ਼ਨ ਦੇ ਕੇ ਭੇਜੇ ਜਾਂਦੇ ਹਨ ਤੇ ਮਿਸ਼ਨ ਪੂਰਾ ਕਰਕੇ ਵਾਪਸ ਬੁਲਾ ਲਏ ਜਾਂਦੇ ਹਨ। ਉਨ੍ਹਾਂ ਦੀ ਸਾਰੀ ਜੀਵਨ ਯਾਤਰਾ ਸਫ਼ਲ ਮੰਨੀ ਗਈ -

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥ ੧ ॥ ਰਹਾਉ ॥ ਦੂਜਾ ॥ ੧ ॥ ੩ ॥ ਅੰਗ- ੬੮੭*

ਆਪ ਆਪਣਾ ਜਨਮ ਸਫਲ ਕਰਕੇ, ਹੋਰਨਾਂ ਨੂੰ ਸਫਲ ਜਨਮ ਕਰਨ ਦੀ ਪ੍ਰੇਰਨਾ, ਉਤਸ਼ਾਹ ਦੇ ਕੇ ਆਪਣਾ ਮਿਸ਼ਨ ਪੂਰਾ ਕਰਕੇ ਸੰਸਾਰ ਮੰਚ ਤੋਂ ਕੂਚ ਕਰ ਜਾਂਦੇ ਹਨ। ਭਾਵੇਂ ਸਰੀਰ ਕਰਕੇ ਉਹਲੇ ਹੋ ਜਾਂਦੇ ਹਨ ਪਰ ਪਿਆਰ ਕਰਨ ਵਾਲਿਆਂ ਨੂੰ ਉਹ ਸਦਾ ਹੀ ਸੰਗ ਭਾਸਦੇ ਹਨ। ਉਹਨਾਂ ਵਲੋਂ ਕੀਤੇ ਕਾਰਜਾਂ ਕਰਕੇ ਉਹ ਸਦਾ ਹੀ ਅਮਰ ਹੁੰਦੇ ਹਨ। ਨਿਰਗੁਨ ਰੂਪ 'ਚ ਸਮਾਈ ਵੀ ਉਨ੍ਹਾਂ ਦੀ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ -

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਅੰਗ - ੮੪੬*

ਆਰੰਭੇ ਕਾਰਜਾਂ ਦੀ ਨਿਰੰਤਰਤਾ ਰੱਖਣ ਵਾਸਤੇ ਆਪਣੇ ਵਰੋਸਾਏ ਪਿਆਰੇ (ਉਤਰਾਧਿਕਾਰੀ) 'ਤੇ ਬਖਸ਼ਿਸ਼ ਕਰ ਜਾਂਦੇ ਹਨ। ਫਿਰ ਉਨ੍ਹਾਂ ਵਲੋਂ ਰਹਿੰਦੇ ਬਾਕੀ ਕਾਰਜਾਂ ਦੀ ਪੂਰਨਤਾ ਤੇ ਆਰੰਭੇ ਕਾਰਜਾਂ ਦੀ ਨਿਰੰਤਰਤਾ, ਉਨ੍ਹਾਂ ਤੋਂ ਵਰੋਸਾਏ ਪਿਆਰਿਆਂ ਰਾਹੀਂ ਹੁੰਦੀ ਹੈ। ਉਹ ਸਰੀਰ ਵਿਚ ਹੁੰਦੇ ਹੋਏ ਵੀ ਤੇ ਸਰੀਰ ਛੱਡਣ ਤੋਂ ਬਾਅਦ ਵੀ ਟੁੱਟੀਆਂ ਰੂਹਾਂ ਨੂੰ ਪ੍ਰਮੇਸ਼ਰ ਨਾਲ ਜੋੜ ਕੇ ਜੀਅ ਦਾਨ ਦੀ ਪ੍ਰੇਰਨਾ, ਉਤਸ਼ਾਹ, ਬਖਸ਼ਿਸ਼ ਕਰਦੇ ਰਹਿੰਦੇ ਹਨ। ਇਹ ਹਨ ਰੱਬੀ ਰੂਹਾਂ, ਸੁਪਰ ਆਤਮਾਵਾਂ, ਮੁਕਤ ਆਤਮਾਵਾਂ, ਸੰਤ ਜਨ ਜੋ ਜੀਵਾਂ ਦੇ ਭਵਸਾਗਰ ਤੋਂ ਪਾਰ ਕਰਨ ਦਾ ਵਸੀਲਾ, ਸਾਧਨ ਬਣਦੇ ਹਨ। ਆਪ ਪ੍ਰਮੇਸ਼ਰ ਨਾਲ ਜੁੜੇ ਹੋਣ ਕਾਰਨ, ਉਨ੍ਹਾਂ ਦੀ ਸੋਭਤ ਵਿਚ ਆਉਣ ਵਾਲਿਆਂ ਨੂੰ ਵੀ ਜੋੜਨ ਦੀ ਸ਼ਕਤੀ ਰਖਦੇ ਹਨ। ਭਾਵ -

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*

*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ- ੨੮੯*

ਭਾਵ –

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥*

*ਅੰਗ - ੬੦੮*

ਐਸੇ ਹਨ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ ਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ (ਬੀਜੀ) ਮਾਤਾ ਰਣਜੀਤ ਕੌਰ ਜੀ। ਜਿਨ੍ਹਾਂ ਨੇ ਸਾਰੀ ਜ਼ਿੰਦਗੀ 'ਆਪਿ ਜਪਹੁ ਅਵਰਹ ਨਾਮੁ ਜਪਾਵਹੁ॥' ਤੇ ਪਹਿਰਾ ਦੇ ਕੇ ਅਨੇਕਾਂ ਟੁੱਟੀਆਂ ਰੂਹਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ। ਨਾਮ ਬਾਣੀ ਦਾ ਜੀਅ ਦਾਨ ਦਿੰਦੇ ਹੋਏ ਜੀਵਾਂ ਨੂੰ ਭਵਸਾਗਰ ਤੋਂ ਪਾਰ ਕਰਨ ਦੀ ਲੋਚਾ ਉਨ੍ਹਾਂ ਦਾ ਮੁਖ ਮੰਤਵ ਸੀ। ਇਸੇ ਮੰਤਵ ਤਹਿਤ ਉਨ੍ਹਾਂ ਵਲੋਂ ਰਤਵਾੜਾ ਸਾਹਿਬ ਗੁਰਮਤਿ ਦੇ ਪ੍ਰਚਾਰ ਤੇ ਪਰਉਪਕਾਰ ਦਾ ਕੇਂਦਰ ਸਥਾਪਿਤ ਕੀਤਾ ਗਿਆ। ਬਖਸ਼ਿਸ਼ਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਨ। ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ (ਪਰਮ ਸੰਤ, ਬ੍ਰਹਮਗਿਆਨੀ, ਸੰਤ ਈਸ਼ਰ ਸਿੰਘ ਜੀ) ਨਾਲ ਇਹ ਅਗੰਮੀ ਮਿਲਾਪ ਲੱਖਾਂ ਪ੍ਰਾਣੀਆਂ ਦੇ ਉਧਾਰ ਦਾ ਵਸੀਲਾ ਬਣਿਆ ਜਿਸ ਤਹਿਤ ਅੱਜ ਵੀ ਅਨੇਕਾਂ ਪ੍ਰਾਣੀ ਜੀਵਨ ਲਾਹੇ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਦੀਆਂ ਘਾਲਣਾ ਕਮਾਈਆਂ ਨੂੰ ਯਾਦ ਕਰਨ ਹਿਤ, ਪਿਆਰ ਤੇ ਵੈਰਾਗ ਦੇ ਵਲਵਲੇ ਪ੍ਰਗਟਾਉਣ ਹਿਤ ਅਤੇ ਉਨ੍ਹਾਂ ਦੇ ਪਿਆਰਿਆਂ ਵਲੋਂ ਸ਼ਰਧਾ ਦੇ ਫੁੱਲ ਅਰਪਣ ਕਰਨ ਹਿਤ, ਰਤਵਾੜਾ ਸਾਹਿਬ ਵਿਖੇ ਉਨ੍ਹਾਂ ਦੀ ਨਿੱਘੀ ਯਾਦ ਵਿਚ 'ਮਹਾਨ ਗੁਰਮਤਿ ਰੂਹਾਨੀ ਸਮਾਗਮ' 30-31 ਅਕਤੂਬਰ, 1-2 ਨਵੰਬਰ 2024 ਨੂੰ ਹੋ ਰਹੇ ਹਨ। ਸਮਾਗਮ ਸਬੰਧੀ ਮੀਟਿੰਗਾਂ ਕਰਕੇ, ਟਰੱਸਟ ਦੇ ਮੌਜੂਦਾ ਮੁਖੀ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਸਦਕਾ, ਸਮੂੰਹ ਟਰੱਸਟੀਆਂ ਅਤੇ ਸੰਗਤ ਦੇ ਪਿਆਰ ਤੇ ਸਹਿਯੋਗ ਸਦਕਾ, ਆਪਣੀ ਯੋਗ ਅਗਵਾਈ ਵਿਚ ਸਮੁੱਚੇ ਪ੍ਰਬੰਧਾਂ ਨੂੰ ਆਖਰੀ ਛੋਹਾਂ ਦਿਤੀਆਂ ਜਾ ਰਹੀਆਂ ਹਨ। ਸੰਗਤਾਂ ਦੀ ਆਮਦ ਨੂੰ ਮੁਖ ਰਖਦੇ ਹੋਏ, ਵਿਸ਼ਾਲ ਪੰਡਾਲ, ਰਿਹਾਇਸ਼, ਗੁਰੂ ਕੇ ਲੰਗਰਾਂ, ਬਿਜਲੀ, ਪਾਣੀ ਹੋਰ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਦੇਸ਼ ਵਿਦੇਸ਼ ਵਿਚੋਂ ਪਿਆਰ, ਵੈਰਾਗ ਵਾਲੀਆਂ ਸੰਗਤਾਂ ਪਿਆਰੇ ਦੀ ਪਿਆਰੀ ਯਾਦ ਵਿਚ ਜੁੜਨ ਲਈ ਸ਼ਿਰਕਤ ਕਰ ਰਹੀਆਂ ਹਨ। ਅਨੇਕਾਂ ਅਨੁਭਵੀ ਬੁਲਾਰੇ, ਸੰਤ ਮਹਾਂਪੁਰਸ਼, ਰਾਗੀ, ਢਾਡੀ, ਕਵੀਸਰੀ ਜਥੇ ਉਨ੍ਹਾਂ ਦੀਆਂ ਘਾਲਣਾ ਕਮਾਈਆਂ ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੀ ਯਾਦ ਨੂੰ ਹੋਰ ਤਾਜ਼ਾ ਕਰਨ ਵਿਚ ਯੋਗਦਾਨ ਪਾਉਣਗੇ। ਇਸ ਪਿਆਰੀ ਨਿੱਘੀ ਯਾਦ ਤੋਂ ਇਲਾਵਾ ਇਨ੍ਹਾਂ ਚਾਰ ਰੋਜ਼ਾ ਮਹਾਨ ਰੂਹਾਨੀ ਗੁਰਮਤਿ ਸਮਾਗਮਾਂ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੱਤਾ ਗੱਦੀ ਦਿਵਸ, ਸਮੂੰਹ ਸ਼ਹੀਦਾਂ ਦੀ ਯਾਦ, ਸਿੱਖ ਧਰਮ ਵਿਚ ਸਤਿਕਾਰ ਯੋਗ ਬੀਬੀਆਂ ਵਲੋਂ ਪਾਏ ਗਏ ਯੋਗਦਾਨ ਬਾਰੇ ਖੁਲ੍ਹ ਕੇ ਵੀਚਾਰਾਂ ਹੋਣਗੀਆਂ। ਬੇਨਤੀ ਹੈ ਕਿ ਦੇਸ਼ ਵਿਦੇਸ਼ ਦੀਆਂ ਸੰਗਤਾਂ, ਆਪਣੇ ਪਹੁੰਚਣ ਦੀ ਮੈਗਜ਼ੀਨ ਵਿਚ ਦਰਸਾਏ ਨੰਬਰਾਂ 'ਤੇ ਅਗਾਂਹੂ ਸੂਚਨਾ ਭੇਜਣ ਦੀ ਕ੍ਰਿਪਾਲਤਾ ਕਰਨ ਜੀ, ਤਾਂ ਜੋ ਆਪ ਜੀ ਦੀ ਖਿਦਮਤ ਵਿਚ ਸੁਚੱਜੇ ਯੋਗ ਪ੍ਰਬੰਧ ਕਰ ਲਏ ਜਾਣ।

ਆਇ ਦੀਦਾਰੇ ਬਖਸ਼ੋ ਜੀ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

**1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**

**3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਕਤਿਕਿ
# ਸੰਗਰਾਂਦ - ਅਕਤੂਬਰ 17 (ਦਿਨ ਵੀਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥**
**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥**
**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥**
**ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥**
**ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥**
**ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥**
**ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥**
**ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥**
**ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥ ੯ ॥** ਅੰਗ- ੧੩੫

ਸਮੁੱਚੇ ਬਾਰਹਮਾਹਾਂ ਵਿਚ ਸਤਿਗੁਰਾਂ ਨੇ ਮਹੀਨਿਆਂ ਨੂੰ ਪ੍ਰਤੀਕ ਬਣਾ ਕੇ ਸਾਨੂੰ ਸਾਡੀ ਅੰਦਰਲੀ ਆਤਮਿਕ ਅਵਸਥਾ ਬਾਰੇ ਜਾਣੂ ਕਰਵਾਇਆ ਹੈ। ਜੇਠ-ਹਾੜ ਦੀ ਤਪਤ ਅਤੇ ਭਾਦੁਇ ਦੀ ਦੁਬਿਧਾ ਤੋਂ ਬਾਅਦ ਲੋੜ ਪ੍ਰਤੀਤ ਹੁੰਦੀ ਹੈ ਕਿ ਸੀਤਲਤਾ ਜਾਂ ਸਰਦ ਦੀ ਰੁੱਤ ਆਵੇ। ਇਸ ਵਾਸਤੇ ਉਪਰਾਲੇ ਕਰਨ ਦੀ ਲੋੜ ਹੈ।

*ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ॥*
*ਅੰਗ- ੯੨੮*

ਜੇ ਠੰਢਕ ਚਾਹੀਦੀ ਹੈ ਤਾਂ ਅਡੰਬਰ ਭਾਵ ਉਪਰਾਲਾ ਕਰਨ ਦੀ ਲੋੜ ਹੈ। ਨਵੇਂ ਮਹੀਨੇ ਦਾ ਆਰੰਭ ਹੋ ਜਾਣਾ ਜਾਂ ਪਹਿਲੇ ਦਾ ਚਲੇ ਜਾਣਾ ਇਹ ਸਾਡੀ ਸਮਝ ਦੀ ਪਕੜ ਵਿਚ ਹੈ ਪਰ ਕੁਝ ਮਹੀਨੇ ਐਸੇ ਹਨ ਜਿਨ੍ਹਾਂ ਵਿਚ ਆਤਮਿਕ ਅਵਸਥਾ ਦੀ ਉਡਾਰੀ ਲਈ (ਸਰਦ ਰੁਤ ਲਈ) ਕੁਝ ਕਰਨ ਦੀ ਲੋੜ ਹੈ। ਸਰਦ ਰੁੱਤ ਲਈ ਅੱਸੂ-ਕਤਕ ਇਕ ਅਡੰਬਰ ਹੈ। ਇਕ ਉਪਰਾਲਾ ਹੈ, ਤਿਆਰੀ ਦਾ। ਭਾਦੁਇ ਦੇ ਭਰਮ ਭੁਲਾਵਿਆਂ ਵਿਚੋਂ ਨਿਕਲ ਕੇ ਉਸ ਪ੍ਰਮੇਸ਼ਰ ਦੀ ਯਾਦ ਵਿਚ ਜੁੜਨਾ ਪਵੇਗਾ, ਇਹੀ ਸੁਖਾਂ ਦੀ ਪ੍ਰਾਪਤੀ ਦਾ ਸਾਰ ਹੈ। ਕਰਮ ਰੂਪੀ ਧਰਤੀ ਵਿਚ ਪ੍ਰਮੇਸ਼ਰ ਦੀ ਯਾਦ ਦਾ ਬੀਜ ਬੀਜਣਾ ਪਵੇਗਾ। 'ਅੱਸੂ ਕਤਕੇ ਹਰਿ ਪਿਆਸ ਜੀਉ' ਹਿਰਦੇ ਵਿਚ ਪ੍ਰਭੂ ਪ੍ਰੇਮ ਦੀ ਪਿਆਸ ਦਾ ਉਮਾਹ ਪੈਦਾ ਕਰਨਾ 'ਕਤਿਕਿ ਦੀ ਤਿਆਰੀ ਹੈ, ਉਪਰਾਲਾ ਹੈ। ਭਾਵ -

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥*
*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ ॥* *ਅੰਗ - ੧੩੪*

ਜੇ ਆਪਣੇ ਆਪ ਮਿਲਾਪ ਸੰਭਵ ਹੋਵੇ ਤਾਂ ਸਾਰੇ ਹੀ ਭਾਗਾਂ ਵਾਲੇ ਬਣ ਸਕਦੇ ਹਨ -

*ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥*
*ਅੰਗ - ੧੫੬*

ਇਥੇ ਉਸ ਦੀ ਨਦਰਿ ਦੀ ਲੋੜ ਹੈ -

*ਆਪਣਾ ਲਾਇਆ ਪਿਰਮੁ ਨ ਲਗਈ*
*ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ*
*ਜੈ ਭਾਵੈ ਤੈ ਦੇਇ ॥ ੧੩ ॥* *ਅੰਗ- ੧੩੭੮*

ਅਸਲ ਵਿਚ ਕਰਮ ਹੀ ਰੂਹਾਨੀਅਤ ਦਾ ਅਧਾਰ ਬਣਦੇ ਹਨ -

*ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥ ਅੰਗ- ੧੫੭*

ਸਰੀਰ ਕਰਮਾਂ ਦੀ ਧਰਤੀ ਹੈ। ਇਸ ਵਿਚ ਜਿਹੋ ਜਿਹਾ ਬੀਜ ਬੀਜਾਂਗੇ ਉਹੀ ਉੱਗੇਗਾ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - ੧੩੪*

ਅਰਥਾਤ -

*ਆਪੇ ਬੀਜਿ ਆਪੇ ਹੀ ਖਾਹੁ॥ ਅੰਗ - ੪*

ਸਰੀਰ ਵਿਚ ਕਰਮ ਇੰਦਰਿਆਂ ਅਤੇ ਗਿਆਨ ਇੰਦਰਿਆਂ ਦੇ ਆਪੋ ਆਪਣੇ ਕਰਮ ਹਨ। ਅੱਖਾਂ ਦਾ ਕੰਮ ਦੇਖਣਾ ਹੈ, ਕੰਨਾਂ ਦਾ ਕੰਮ ਸੁਣਨਾ ਹੈ, ਪੈਰਾਂ ਦਾ ਕਰਮ ਤੁਰਨਾ ਹੈ ਪਰ ਇਹ ਸਾਰੇ ਤਾਂ ਹੀ ਪ੍ਰਵਾਣ ਹਨ ਜੇਕਰ ਗੁਰੂ ਦੀ ਮਤਿ ਅਨੁਸਾਰ ਕਰਮ ਕਰਨ। ਇਨ੍ਹਾਂ ਅੰਗਾਂ ਨੇ ਕਰਨਾ ਕੀ ਹੈ? ਜੋ ਗੁਰੂ ਦੀ ਮਤਿ ਅਨੁਸਾਰ ਹੋਵੇ। ਇਸ ਪ੍ਰਤੀ ਸੁਚੇਤ ਰਹਿਣਾ ਹੀ ਸਰਦ ਰੁਤਿ ਦੀ ਤਿਆਰੀ ਹੈ, ਆਡੰਬਰ ਹੈ। ਜਿਵੇਂ ਕੰਨ ਜੋ ਹਨ, ਉਨ੍ਹਾਂ ਦਾ ਕਰਮ ਸੱਚੇ ਪਾਤਸ਼ਾਹ ਦਰਸਾ ਰਹੇ ਹਨ -

*ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥*
*ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥*
*ਅੰਗ - ੯੨੨*

ਗੁਰੂ ਹੁਕਮ ਦੇ ਵਿਪਰੀਤ ਜੇਕਰ ਹੋਰ ਕੁਝ ਸੁਣਾਂਗੇ ਤਾਂ ਭੈੜੇ ਗੀਤ ਆਦਿ ਸੁਣਨ ਸਬੰਧੀ ਫੁਰਮਾਨ ਹੈ -

*ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥*
*ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ*
*॥ ੧ ॥ ਰਹਾਉ ॥ ਅੰਗ- ੮੨੦*

ਇਸੇ ਤਰ੍ਹਾਂ ਜੀਭ ਦਾ ਕਾਰਜ ਹੈ -

*ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥*
*ਪ੍ਰਭਿ ਅਪਨੈ ਜਨ ਕੀਨੀ ਦਾਤਿ ॥ ਅੰਗ - ੨੮੬*

*ਰੇ ਜਿਹਬਾ ਕਰਉ ਸਤ ਖੰਡ ॥*
*ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ਅੰਗ - ੧੧੬੩*

ਪੈਰਾਂ ਦੀ ਸਫ਼ਲਤਾ ਬਾਰੇ ਫੁਰਮਾਨ ਹੈ -

*ਚਰਨ ਚਲਉ ਮਾਰਗਿ ਗੋਬਿੰਦ ॥*
*ਮਿਟਹਿ ਪਾਪ ਜਪੀਐ ਹਰਿ ਬਿੰਦ ॥ ਅੰਗ - ੨੮੧*

ਇਸ ਤਰ੍ਹਾਂ ਦੀ ਵੀਚਾਰ ਹਿਰਦੇ ਵਿਚ ਧਾਰਨ ਕਰਦੇ ਰਹਿਣ ਨੂੰ ਹੀ ਚੇਤੰਨ/ਸੁਚੇਤ ਕਿਹਾ ਹੈ ਕਿ ਆਪਣੇ ਕਰਮਾਂ ਪ੍ਰਤੀ ਹਰ ਵੇਲੇ ਸੁਚੇਤ ਰਹਿਣ ਦੀ ਲੋੜ ਹੈ। ਭਾਵ -

*ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥*
*ਅੰਗ - ੭੨੭*

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*
*ਅੰਗ - ੧੩੮੧*

ਜੇਕਰ ਨਹੀਂ ਸੁਚੇਤ ਹੋਵਾਂਗੇ ਤਾਂ ਮਹਾਰਾਜ ਫੁਰਮਾਂਦੇ ਹਨ -

*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਅੰਗ- ੮*

ਬਾਰਹਮਾਹਾ ਦੀ ਆਰੰਭਤਾ ਹੀ ਕਰਮਾਂ ਦੀ ਥਿਊਰੀ ਤੋਂ ਹੁੰਦੀ ਹੈ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਅੰਗ - ੧੩੩*

ਕਰਮਾਂ ਕਰਕੇ ਹੀ ਵਿਛੜੇ ਹਾਂ ਤੇ ਮਿਲਾਣਹਾਰੇ ਵੀ ਕਰਮ ਹੀ ਹਨ। ਇਸ ਕਰਕੇ ਦੂਸਰੇ ਨੂੰ ਦੋਸ਼ ਦੇਣਾ ਵਾਜਿਬ ਨਹੀਂ -

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥

ਸੁੱਖ ਦੁਖ ਕਰਮਾਂ ਕਰਕੇ ਹੀ ਆਉਂਦੇ ਜਾਂਦੇ ਹਨ।

*ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥*
*ਅੰਗ - ੧੪੯*

ਫਿਰ ਮਹਾਰਾਜ ਫੁਰਮਾਨ ਕਰਦੇ ਹਨ -

*ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥*
*ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥ ੧ ॥ ਰਹਾਉ ॥*
*ਅੰਗ - ੧੯੯*

ਪ੍ਰਭੂ ਪ੍ਰੇਮ ਵਾਲੇ 'ਭਗਤ' ਦੀ ਸੋਚ ਹੋਰ ਹੈ -

*ਰਾਖਿ ਲੇਹੁ ਹਮ ਤੇ ਬਿਗਰੀ ॥*
*ਸੀਲੁ ਧਰਮੁ ਜਪੁ ਭਗਤਿ ਨ ਕੀਨੀ*
*ਹਉ ਅਭਿਮਾਨ ਟੇਢ ਪਗਰੀ ॥ ੧ ॥ ਰਹਾਉ ॥*
*ਅੰਗ- ੮੫੬*

ਇਸੇ ਵੀਚਾਰ ਬਾਰੇ ਸੱਚੇ ਪਾਤਸ਼ਾਹ ਹੋਰ ਘੁੰਡੀਆਂ ਖੋਲ੍ਹਦੇ ਹਨ -

*ਸੋ ਸਿਖੁ ਸਖਾ ਬੰਧਪੁ ਹੈ ਭਾਈ*
*ਜਿ ਗੁਰ ਕੇ ਭਾਣੇ ਵਿਚਿ ਆਵੈ ॥*
*ਆਪਣੈ ਭਾਣੈ ਜੋ ਚਲੈ ਭਾਈ*
*ਵਿਛੁੜਿ ਚੋਟਾ ਖਾਵੈ ॥ ਅੰਗ - ੬੦੧*

ਆਪਣੀ ਮਰਜ਼ੀ ਵਿਚ ਚੋਟਾਂ ਹਨ, ਦੁਖ ਹਨ। ਸੁਖ ਉਸ ਦੇ ਹੁਕਮ ਰਾਹੀਂ ਵਾਪਰੇ ਭਾਣਿਆਂ ਨਾਲ, ਰਜ਼ਾ ਵਿਚ ਰਾਜ਼ੀ ਰਹਿਣਾ। ਸਾਰੇ ਦੁਖ ਉਸ ਨੂੰ ਭੁੱਲਣ ਵਿਚ ਹਨ -

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥

ਭਾਵ -

*ਹਰਿ ਬਿਸਰਤ ਸਦਾ ਖੁਆਰੀ ॥ ਅੰਗ - ੭੧੧*

ਪ੍ਰਮੇਸ਼ਰ ਨੂੰ ਭੁੱਲ ਕੇ ਹੀ ਮਨੁੱਖ ਮਾੜੇ ਕਰਮਾਂ

ਵਿਚ ਖਚਿਤ ਹੁੰਦਾ ਹੈ –

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥ ਅੰਗ – ੯੩੨*

ਜਦੋਂ ਉਸ ਪਰਮ ਸ਼ਕਤੀ ਤੋਂ ਟੁੱਟ ਗਏ ਫਿਰ ਜਨਮਾਂ–ਜਨਮਾਂ ਦੇ ਵਿਛੋੜੇ ਗਲ ਪੈ ਜਾਂਦੇ ਹਨ –

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥

ਇਕ ਵਾਰ ਦੇ ਖੁੰਝੇ ਹੋਏ ਪਤਾ ਨਹੀਂ ਕਦੋਂ ਵਾਪਸ ਸਹੀ ਰਸਤੇ 'ਤੇ ਆਵਾਂਗੇ। ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ –

*ਕਬੀਰ ਚਕਈ ਜਉ ਨਿਸਿ ਬੀਛੁਰੈ*
*ਆਇ ਮਿਲੈ ਪਰਭਾਤਿ ॥*
*ਜੋ ਨਰ ਬਿਛੁਰੇ ਰਾਮ ਸਿਉ*
*ਨਾ ਦਿਨ ਮਿਲੇ ਨ ਰਾਤਿ ॥ ਅੰਗ – ੧੩੭੧*

ਚਕਵੀ ਤਾਂ ਰਾਤ ਨੂੰ ਵਿਛੜ ਕੇ ਸਵੇਰੇ ਪੋਹ ਫੁਟਦੀ ਨੂੰ ਆਪਣੇ ਪ੍ਰੀਤਮ ਨੂੰ ਮਿਲ ਜਾਂਦੀ ਹੈ ਪਰ ਜੋ ਉਸ ਪ੍ਰਮਾਤਮਾ ਤੋਂ ਵਿਛੜ ਗਏ, ਪਤਾ ਨਹੀਂ ਕਦੋਂ ਮਿਲਣਗੇ। ਭਾਵ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ– ੧੭੬*

83 ਲੱਖ 99 ਹਜ਼ਾਰ, 999 ਜੂਨੀਆਂ ਦਾ ਗੇੜ ਫਿਰ ਤਿਆਰ ਹੈ। ਇਸ ਕਰਕੇ ਗੇੜ ਬਹੁਤ ਲੰਮਾ ਹੈ, ਸੁਚੇਤ ਹੋਣ ਦੀ ਸਖ਼ਤ ਲੋੜ ਹੈ –

ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥

ਸਾਰੇ ਸੁੱਖਾਂ ਦੇ ਸਾਧਨ ਜੋ ਪ੍ਰਤੀਤ ਹੁੰਦੇ ਸਨ ਕੋੜੇ ਹੋ ਗਏ, ਰੋਗ ਬਣ ਗਏ –

*ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ ॥ ਅੰਗ – ੪੬੯*

ਜਿਨ੍ਹਾਂ ਸੰਗੀ ਸਾਥੀਆਂ ਲਈ ਸੁਖ ਪੈਦਾ ਕੀਤੇ ਕੋਈ ਨਾਲ ਨਹੀਂ ਨਿਭਦਾ। ਰੋਗ/ਦੁਖ ਤਾਂ ਵਿਛੋੜੇ ਕਾਰਨ ਹਨ।

ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥

ਹੁਣ ਆਪਣੀ ਪੇਸ਼ ਕੋਈ ਜਾ ਨਹੀਂ ਸਕਦੀ ਹੋਣਾ ਉਹ ਹੈ ਜੋ ਕਰਮ ਸਿਧਾਂਤ ਅਨੁਸਾਰ ਪ੍ਰਮੇਸ਼ਰ ਨੂੰ ਭਾਉਂਦਾ ਹੈ –

ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥

ਜੇਕਰ ਭਾਗ ਜਾਗ ਪੈਣ ਫਿਰ ਕਿਸੇ ਮਿਲੇ ਹੋਏ ਦਾ ਮਿਲਾਪ ਹੋ ਜਾਂਦਾ ਹੈ –

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ – ੨੦੪*

*ਸੇਈ ਪਿਆਰੇ ਮੇਲ*
*ਜਿਨਾ ਮਿਲਿਆ ਤੇਰਾ ਨਾਲ ਚਿਤ ਆਵੇ।*
*ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ ॥*

ਵੱਡੇ ਭਾਗਾਂ ਨਾਲ ਉਸ ਦਾ ਮਿਲਾਪ ਹੋ ਜਾਵੇ ਤਾਂ ਸਾਰੇ ਦੁਖ ਖਤਮ ਹੋ ਜਾਂਦੇ ਹਨ। ਹੁਣ ਅਰਦਾਸ ਵਿਚ ਜੁੜਨਾ ਹੈ –

ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥

ਜਿਨ੍ਹਾਂ ਨੂੰ ਮਿਲਿਆਂ ਹੋਇਆਂ ਦੀ, ਰੱਬ ਦੇ ਪਿਆਰਿਆਂ ਦੀ ਸੰਗਤ ਪ੍ਰਾਪਤ ਹੋ ਗਈ ਉਨ੍ਹਾਂ ਦੇ ਵਿਛੋੜੇ ਦੇ ਝੋਰੇ ਮੁਕ ਜਾਣਗੇ। ਪਰ ਇਹ ਵੀ ਵੱਡੇ ਭਾਗਾਂ ਦੀ ਨਿਸ਼ਾਨੀ ਹੁੰਦੀ ਹੈ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨*

ਸੋ ਇਸ ਕਰਕੇ ਕਰਮਾਂ ਪ੍ਰਤੀ ਚੇਤੰਨ ਰਹਿਣਾ ਚਾਹੀਦਾ ਹੈ। ਇਨ੍ਹਾਂ ਨੂੰ ਅਨੁਭਵੀ ਮਹਾਂਪੁਰਸ਼ਾਂ ਨੇ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ – 1. ਸੰਚਿਤ ਕਰਮ 2. ਕਿਰਿਆਮਾਨ ਕਰਮ 3. ਪਰਾਲਬਧ ਕਰਮ। ਪਿਆਰੇ ਮਹਾਂਪੁਰਸ਼ਾਂ (ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ, ਬਾਨੀ ਟਰੱਸਟ ਰਤਵਾੜਾ ਸਾਹਿਬ) ਨੇ ਵੀ ਇਸ ਗੂੜ੍ਹ ਸਿਧਾਂਤ 'ਤੇ ਖੋਲ੍ਹ ਕੇ ਵੀਚਾਰਾਂ ਕੀਤੀਆਂ ਹਨ।

ਸੋ ਕਰਮਾਂ ਕਰਕੇ ਹੀ ਵਿਛੋੜਾ ਹੈ, ਕਰਮਾਂ ਕਰਕੇ ਹੀ ਮਿਲਾਪ ਸੰਭਵ ਹੈ। ਲੋੜ ਹੈ ਜੁੜੀਏ, ਅਰਦਾਸ ਵਿਚ ਕਿ –

ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਗੁਰੂ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ ਆਪ ਜੀ ਦੇ ਪੁੰਨ ਕਰਮ ਜਾਗੇ, ਗੁਰੂ ਮਹਾਰਾਜ ਜੀ ਦੀ ਹਜ਼ੂਰੀ ਸਾਨੂੰ ਪ੍ਰਾਪਤ ਹੋਈ ਤੇ ਮੈਨੂੰ ਵੀ ਪ੍ਰੇਰਨਾ ਹੋਈ ਕਿ ਮੈਂ ਆਪ ਦੇ ਦਰਸ਼ਨ ਕਰਾਂ। ਮਨ ਵਿਚ ਬੜੀ ਖੁਸ਼ੀ ਹੁੰਦੀ ਹੈ; ਓਹਦਾ ਕਾਰਨ ਵੀ ਹੈ ਇਕ ਖਾਸ, ਅਸੀਂ ਪਿਛਲੀ ਵਾਰੀ ਵੀ ਜਦ ਆਏ ਸੀ, ਦੱਸਿਆ ਸੀ। ਉਹ ਇਹ ਹੈ ਕਿ ਇਹ ਪਿੰਡ, ਸਾਡੇ ਪਿੰਡ (ਧਮੋਟ) 'ਚੋਂ ਨਿਕਲਿਆ ਹੋਇਆ ਹੈ। ਜੋ ਅਸਾਡੇ ਵੱਡੇ-ਵਡੇਰੇ ਹੁੰਦੇ ਸੀ ਤੇ ਉਸ ਥਾਂ ਦੇ ਡੂਮ ਵਗੈਰਾ ਹੁੰਦੇ, ਉਹ ਦੱਸਿਆ ਕਰਦੇ ਸੀ ਕਿ ਕੁਛ ਏਸ ਪਿੰਡ 'ਚੋਂ ਨਿਕਲ ਗਏ, ਐਧਰ ਰੋਪੜ ਵਲ ਨੂੰ ਚਲੇ ਗਏ, ਕੁਛ ਚਲੇ ਗਏ ਯੂ.ਪੀ. ਨੂੰ। ਬਹੁਤ ਵੱਡਾ ਪਿੰਡ ਹੈ 'ਧਮੋਟ'। ਕੋਈ ਤਕਰੀਬਨ 8000 ਦੀ ਆਬਾਦੀ ਹੈ। ਪਿਛਲੀ ਵਾਰੀ ਜਦੋਂ ਐਥੇ ਦੀਵਾਨ ਲੱਗੇ ਸੀ, ਮੇਰੇ ਯਾਦ ਹੈ ਕਿ ਬੀਬੀ ਜੀ (ਬੀਬੀ ਰਣਜੀਤ ਕੌਰ ਜੀ) ਨੇ ਉਠ ਕੇ ਕਿਹਾ ਸੀ ਕਿ ਬੀਬੀਓ, ਤੁਸੀਂ ਅੰਮ੍ਰਿਤ ਛਕਣ ਵਿਚ ਪਿਛੇ ਨਾ ਰਿਹੋ ਕਿਉਂਕਿ ਮੈਂ ਇਸ ਪਿੰਡ ਦੀ ਨੂੰਹ ਹਾਂ, ਤੇ ਦੂਸਰੇ ਦਿਨ 149 ਪ੍ਰੇਮੀਆਂ ਨੇ ਅੰਮ੍ਰਿਤ ਛਕਣ ਵਾਸਤੇ ਗੁਰੂ ਜੀ ਦੀ ਹਜ਼ੂਰੀ ਵਿਚ ਆਪਣੇ ਆਪ ਨੂੰ ਪੇਸ਼ ਕੀਤਾ। ਉਸ ਤੋਂ ਬਾਦ ਮੇਰੇ ਮਨ ਵਿਚ ਬੜਾ ਰਿਹਾ ਕਿਉਂਕਿ ਸਾਡਾ ਸੁਭਾਅ ਹੈ; ਇਸ ਪਿੰਡ ਦਾ ਸੁਭਾਅ ਸਾਡੇ ਪਿੰਡ ਵਰਗਾ ਹੀ ਹੈ। ਥੋੜ੍ਹਾ ਜਿਹਾ ਸੁਸਤੀ ਕਰ ਜਾਂਦੇ ਨੇ। ਵੈਸੇ ਮਾਸਟਰ ਜੀ (ਮਾਸਟਰ ਗੁਰਬਖਸ਼ ਸਿੰਘ) ਬੜੇ ਮੰਨੇ ਪ੍ਰਮੰਨੇ ਨੇ - ਇਲਾਕੇ ਦੇ, ਤੇ ਮੈਂ ਕੱਲ੍ਹ ਵੀ ਪੁਛਿਆ ਸੀ ਕਿ ਉਨ੍ਹਾਂ ਦਾ ਸਰੀਰ ਕਾਇਮ ਹੈ? ਕਹਿੰਦੇ, ਹਾਂ ਜੀ, ਉਹ ਤਾਂ ਕਾਇਮ ਨੇ। ਬੜੀ ਖੁਸ਼ੀ ਹੋਈ ਮਨ ਵਿਚ, ਲੇਕਿਨ ਗੱਲ ਇਹ ਹੈ ਕਿ ਕੁਛ ਹੌਲੀ-ਹੌਲੀ ਚਲਣ ਵਾਲੇ ਲੋਕ ਹਾਂ ਅਸੀਂ। ਸੋ ਅੱਜ 9-10 ਸਾਲ ਤੋਂ ਬਾਦ ਆਪ ਜੀ ਦੇ ਦਰਸ਼ਨ ਹੋਏ ਨੇ। ਉਸ ਤੋਂ ਬਾਦ ਬੜੀਆਂ ਹਵਾਵਾਂ ਵਗ ਗਈਆਂ, ਬੜੇ ਖਿਆਲ ਚਲ ਪਏ। ਉਸ ਵੇਲੇ ਸਾਡਾ ਜੋ ਹਿਰਦਾ ਸੀ, ਉਹ ਕੋਈ ਐਸ ਤਰ੍ਹਾਂ ਗੁੰਝਲਦਾਰ ਹਿਰਦਾ ਨਹੀਂ ਸੀ, simplicity, innosence ਸੀ ਤੇ ਜੋ ਬਚਨ ਦੱਸਿਆ ਜਾਂਦਾ ਸੀ, ਗੁਰਮਤਿ ਦੇ ਮੁਤਾਬਿਕ ਉਸ ਨੂੰ ਅਸੀਂ ਧਾਰਨ ਕਰਦੇ ਸੀ। ਲੇਕਿਨ ਸਮਾਂ ਬਦਲਿਆ ਤੇ ਬੜੇ ਕਿਸਮ ਦੇ ਖਿਆਲ ਪ੍ਰਚਲਤ ਹੋਏ। ਕੁਦਰਤੀ ਤੌਰ ਤੇ ਵਾਹਿਗੁਰੂ ਜੀ ਦਾ ਹੁਕਮ ਹੁੰਦਾ ਹੈ ਐਸ ਤਰ੍ਹਾਂ ਦਾ, ਉਸ ਦੇ ਮੁਤਾਬਿਕ ਹੀ ਸਭ ਗੱਲਾਂ ਹੋਇਆ ਕਰਦੀਆਂ ਨੇ। ਕੋਈ ਬੰਦਾ ਬੰਨ੍ਹ ਕੇ ਨਹੀਂ ਰੱਖ ਸਕਿਆ ਕਰਦਾ।

ਸੋ ਬਹੁਤ ਸਾਨੂੰ ਡਰ ਇਸ ਗੱਲ ਦਾ ਰਿਹਾ ਕਿ ਠੀਕ ਹੈ, ਰਾਜਸੀ ਗੱਲਾਂ ਹਨ, ਪਾਰਟੀਆਂ ਦੀਆਂ ਬਾਤਾਂ ਨੇ ਇਹ ਦੁਨੀਆਵੀ ਗੱਲਾਂ ਨੇ - ਸਾਰੀਆਂ ਹੀ। ਲੇਕਿਨ ਜੇ ਸਾਡੇ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਿਆਰ ਤੇ ਸਿਧਾਂਤ ਹੱਥ 'ਚੋਂ ਨਾ ਨਿਕਲੇ, ਤਾਂ ਸਾਡਾ ਕੁਛ ਨਹੀਂ ਵਿਗੜਦਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਦੇ ਪਾਸੋਂ ਜਦੋਂ ਜਾਣ ਲੱਗੇ, ਉਸ ਵੇਲੇ ਬੇਨਤੀ ਕੀਤੀ ਕਿ ਪਾਤਸ਼ਾਹ! ਜਿੰਨੇ ਸਿੰਘ ਸੀਗੇ, ਗੁਰੂਆਂ ਦੇ ਸੰਪਰਕ 'ਚ ਆਏ ਹੋਏ ਤੇ ਜੀਵ ਆਤਮ ਗਿਆਨੀ, ਮੁਕਤ ਅਵਸਥਾ ਦੇ ਗੁਰਸਿੱਖ ਜਿਹੜੇ ਸੀ, ਉਹ ਤਾਂ ਸ਼ਹੀਦ ਹੋ ਗਏ ਤੇ ਹੁਣ ਕੀ ਬਣੇਗਾ ਪੰਥ ਦਾ। 500 ਸਿੰਘ ਤੁਹਾਡੇ ਨਾਲ ਆਇਆ ਹੈ, ਇਨ੍ਹਾਂ ਵਿਚੋਂ ਵੀ ਬਹੁਤ ਸਾਰੇ ਡਾਵਾਂ-ਡੋਲ ਹੋ ਕੇ ਨੱਠ ਗਏ, ਰਸਤੇ 'ਚ ਸਾਥ ਛੱਡ ਗਏ। ਉਸ ਤਰ੍ਹਾਂ ਦੇ ਗੁਰਸਿੱਖਾਂ ਤੋਂ ਬਗੈਰ ਕਿਸ ਤਰ੍ਹਾਂ ਦੇ ਨਾਲ ਅੱਗੇ ਪੰਥ ਚਲੇਗਾ, ਤਾਂ ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਨੇ ਕਿਹਾ ਕਿ ਪ੍ਰੇਮੀਓ! ਇਕ ਸਿਧਾਂਤ ਅਸੀਂ ਲਿਆਂਦਾ ਹੈ, ਉਹ ਸਿਧਾਂਤ ਪ੍ਰਗਟ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਅੰਦਰ। ਸੰਤਾਂ ਨੂੰ, ਤੱਤ ਬੇਤਿਆਂ ਨੂੰ ਮਿਲ ਕੇ ਸਪੱਸ਼ਟਤਾ ਪ੍ਰਾਪਤ ਕਰੋ। ਕੁਛ ਹੋ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਥ ਨਾ ਛੱਡਿਓ। ਕੁਝ ਭੀ ਨਹੀਂ ਵਿਗੜਨਾ। ਬਾਣੀ ਜੀਵਨ ਦਾਤੀ, ਸੇਧ ਬਖਸ਼ਦੀ ਰਹੇਗੀ। ਪੰਥ ਚੜ੍ਹਦੀ ਕਲਾ ਵਿਚ ਹੀ ਰਹੇਗਾ।

ਕਿੰਨੇ ਖਿਆਲ ਆਉਣਗੇ ਦੁਨੀਆਂ ਦੇ ਅੰਦਰ। ਰੋਜ਼ ਨਵੀਂ ਵਿਦਿਆ ਆਉਂਦੀ ਹੈ, ਨਵੇਂ ਅਲੰਕਾਰ ਆਉਂਦੇ ਨੇ, ਨਵੀਆਂ ਪਰਿਭਾਸ਼ਾਵਾਂ ਆਉਂਦੀਆਂ ਨੇ – ਧਰਮ ਦੀਆਂ, ਲੇਕਿਨ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਾ ਛੱਡੀਏ, ਫੇਰ ਸਾਡਾ ਕੁਛ ਨਹੀਂ ਵਿਗੜ ਸਕਦਾ – ਚਾਹੇ ਅਸੀਂ ਪੜ੍ਹੇ ਹੋਏ ਹਾਂ, ਚਾਹੇ ਅਨਪੜ੍ਹ ਹਾਂ। ਬਾਹਰਲੀ ਦੁਨੀਆਂ 'ਚ ਮੈਂ ਜਾ ਕੇ ਦੇਖਿਆ, ਅਮਰੀਕਾ, ਇੰਗਲੈਂਡ ਵਗੈਰਾ 'ਚ ਸਾਰੇ, ਬਹੁਤ ਜ਼ਰੂਰਤ ਹੈ – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਦੱਸਣ ਦੀ। ਅਜੇ ਤੱਕ ਤਾਂ ਜਪੁਜੀ ਸਾਹਿਬ ਬਾਰੇ ਵੀ ਦਸ ਨਹੀਂ ਸਕੇ, ਹੋਰ ਤਾਂ ਅਸੀਂ ਕੀ ਦੱਸਣਾ ਹੈ। ਮੇਰਾ ਤਾਂ ਇਹ ਵਿਸ਼ਵਾਸ਼ ਹੈ ਕਿ ਅਜੇ 300 ਸਾਲ ਹੋਰ ਲੱਗਣੇ ਨੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਮਝ 'ਚ ਆਉਣੇ ਨੇ ਕਿਉਂਕਿ ਬਹੁਤ ਉਚੀ ਗੱਲ ਕਰ ਦਿਤੀ। ਜੇ ਅਸੀਂ 'ਏਕੰਕਾਰ' ਨੂੰ ਦੱਸਣ ਲੱਗੀਏ, ਕਿਸੇ ਦੀ ਸਮਝ 'ਚ ਨਹੀਂ ਆਉਣਾ। ਇਹ ਠੀਕ ਹੈ ਅਸੀਂ ਸਿੱਖ ਬਣੇ ਹੋਏ ਹਾਂ, ਗੁਰੂ ਸਾਹਿਬ ਦੀ ਸਿੱਖੀ ਧਾਰਨ ਕਰੀ ਹੋਈ ਹੈ ਪਰ ਜੋ ਸਿਧਾਂਤ ਗੁਰੂ ਮਹਾਰਾਜ ਦੇ ਕੇ ਗਏ ਨੇ, ਉਹ ਬਹੁਤ ਪੜ੍ਹਿਆਂ ਲਿਖਿਆਂ, ਵੱਡੇ ਸਾਇੰਟਿਸਟਾਂ ਦੀ ਅਕਲ ਨੂੰ ਮਾਤ ਕਰਨ ਵਾਲੇ ਦੇ ਹੋ ਗਏ; ਉਹ ਸਾਡੀ ਸਮਝ 'ਚ ਨਹੀਂ ਆਉਂਦੇ। ਜਿਨ੍ਹਾਂ ਨੇ ਸਮਝ ਲਿਆ, ਉਹ ਦੱਸਣ ਇਸ ਗੱਲ ਨੂੰ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਨੂੰ ਘੋਖ ਕੇ, ਖੋਜ ਕਰਕੇ ਕੀ ਸਮਝਿਆ ਹੈ ਤਾਂ ਉਹ ਦਸ ਦਿੰਦੇ ਨੇ ਕਿ ਮੈਂ ਕੁਛ ਵੀ ਨਹੀਂ ਸਮਝਿਆ। ਦੁਨੀਆਂ ਦੇ ਵੱਡੇ-ਵੱਡੇ ਆਦਮੀ ਜਦੋਂ ਇਲਮ ਦੇ ਵਿਚ ਤਰੱਕੀ ਕਰਕੇ ਸਿਖਰ 'ਤੇ ਪਹੁੰਚਦੇ ਨੇ, ਉਨ੍ਹਾਂ ਦੇ ਮੂੰਹ 'ਚੋਂ ਨਿਕਲ ਜਾਂਦਾ ਹੈ ਕਿ ਇਹ ਤਾਂ ਬੇਅੰਤ (endless) ਚੀਜ਼ ਹੈ, ਬੇਅੰਤ ਹੈ, ਮੈਂ ਤਾਂ ਇਕ ਬੱਚਾ ਜਿਹਾ ਬਣ ਗਿਆ ਪੜ੍ਹ ਕੇ। ਸੋ ਗੁਰੂ ਸਾਹਿਬ ਦਾ, ਗੁਰੂ ਗ੍ਰੰਥ ਸਾਹਿਬ ਜੀ ਦਾ ਐਸਾ ਸਿਧਾਂਤ ਹੈ, ਇਹ ਸਾਡੀ ਸਮਝ ਤੋਂ ਪਰ੍ਹੇ ਦੀ ਬਾਤ ਹੈ। ਇਹਦੇ ਵਿਚ ਬੇਅੰਤ, ਖਾਸੀਅਤਾਂ, ਬੇਅੰਤ ਚੀਜ਼ਾਂ ਦੀ ਦੇਣ ਹੈ, ਮਹਾਂਪੁਰਸ਼ਾਂ ਨੇ ਤੱਤ ਵੀਚਾਰ ਕਰਕੇ ਇਸ ਗੱਲ ਦਾ ਤੱਤ ਕੱਢਿਆ ਕਿ ਜੇ ਤੀਰਥ ਤੇ ਨਾਹੁਣ ਜਾਏ ਤਾਂ ਇਕ ਫਲ ਮਿਲ ਜਾਂਦਾ ਹੈ। ਜੇ ਸੰਤਾ ਦੇ ਕੋਲ ਚਲੇ ਜਾਓ, ਸੰਤਾਂ ਨੂੰ ਪ੍ਰਸੰਨ ਕਰ ਲਓ ਤਾਂ ਚਾਰ ਫਲ ਮਿਲ ਜਾਇਆ ਕਰਦੇ ਨੇ। ਪਰ ਜੇ ਗੁਰੂ ਦੀ ਬਾਤ ਸਮਝ ਲਓ, ਗੁਰੂ ਨੂੰ ਪ੍ਰਸੰਨ ਕਰ ਲਓ ਤਾਂ ਫਲਾਂ ਦੀ ਗਿਣਤੀ ਮਿਣਤੀ ਨਹੀਂ ਰਹਿੰਦੀ –

*ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ॥*
*ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਬੀਚਾਰ॥*

ਕਬੀਰ ਸਾਹਿਬ ਦਾ ਸਿਧਾਂਤ ਹੈ ਕਿ ਗੁਰੂ ਦੇ ਮਿਲਣ ਦੇ ਨਾਲ ਕਿੰਨੇ ਫਲ ਪ੍ਰਾਪਤ ਹੋ ਜਾਂਦੇ ਨੇ, ਜਿਹਨੂੰ ਅਸੀਂ ਦੱਸ ਨਹੀਂ ਸਕਦੇ। ਸਾਡੇ ਵਾਸਤੇ ਜਿਹੜੀ ਚੀਜ਼ ਹੈ – ਦੁਨੀਆਂ ਨੂੰ ਸਮਝਾਉਣ ਵਾਸਤੇ, ਉਹ ਸਾਨੂੰ ਵਿਦਿਆ ਦੀ ਲੋੜ ਹੈ ਕਿਉਂਕਿ ਪੜ੍ਹੇ-ਲਿਖਿਆਂ ਨਾਲ ਗੱਲ ਕਰਨੀ ਹੈ, ਉਨ੍ਹਾਂ ਨੂੰ ਸਮਝਾਉਣਾ ਹੈ, ਪਰਮਾਣ (reason) ਦੇਣਾ ਹੈ ਫੇਰ ਉਨ੍ਹਾਂ ਦੇ ਮਨ ਤੇ ਅਸਰ ਪਿਆ ਕਰਦਾ ਹੈ, ਇਸ ਤਰ੍ਹਾਂ ਪਿਆ ਨਹੀਂ ਕਰਦਾ।

ਇਕ ਵਾਰੀ ਮੈਂ ਬੈਠਾ ਸੀ, ਯੂਨੀਵਰਸਿਟੀ ਦੇ ਤਿੰਨ ਪ੍ਰੋਫੈਸਰ ਅਚਾਨਕ ਹੀ ਮੇਰੇ ਬਰਾਬਰ ਬੈਠੇ ਸੀ – ਆਹ 17 ਸੈਕਟਰ। ਉਥੇ ਸਾਨੂੰ ਕੋਈ ਕੰਮ ਸੀ – ਤਹਿਸੀਲ ਵਿਚ। ਉਹ ਤਹਿਸੀਲਦਾਰ ਚਲਿਆ ਗਿਆ, ਪਿਛੋਂ ਇਕ ਪ੍ਰੋਫੈਸਰ ਕਹਿਣ ਲੱਗਿਆ ਕਿ ਸਾਡਾ ਭੱਠਾ ਤਾਂ ਧਰਮ ਨੇ ਬਹਾਇਆ ਹੈ। ਹਿੰਦੁਸਤਾਨ ਦੇ ਅੰਦਰ ਲੋਕਾਂ ਨੂੰ ਸੁਸਤ ਤੇ ਵਹਿਮ ਪ੍ਰਸਤ ਬਣਾ ਦਿਤਾ-ਧਰਮ ਨੇ। ਇਹ ਅੰਨ੍ਹਾ ਵਿਸ਼ਵਾਸ਼ ਪੈਦਾ ਕਰਦੇ ਨੇ। ਉਥੇ ਬੈਠੇ-ਬੈਠੇ ਜਦ ਮੈਂ 10 ਕੁ ਮਿੰਟ ਗੱਲਾਂ ਉਨ੍ਹਾਂ ਦੀਆ ਸੁਣੀਆਂ ਤਾਂ ਮੈਂ ਬੇਨਤੀ ਕਰੀ ਕਿ ਮੈਨੂੰ ਵੀ ਤੁਸੀਂ ਕੁਛ ਇਜਾਜ਼ਤ ਦੇਵੋਂਗੇ ਕਿ ਮੈਂ ਬੋਲਾਂ? ਉਹਦੇ ਵਿਚ ਧਰਮ ਦੀ ਓ ਗੱਲ ਚਲ ਪਈ। ਤਿੰਨ ਘੰਟੇ ਬਚਨ ਹੁੰਦੇ ਰਹੇ। ਇਕ ਮੋਨਾ ਸੀ ਉਨ੍ਹਾਂ 'ਚ, ਦੋ ਸਿੱਖ ਸੀਗੇ। ਐਨੇ ਨੂੰ ਤਹਿਸੀਲਦਾਰ ਆਉਣ ਵਾਲਾ ਹੋ ਗਿਆ, ਖਬਰ ਹੋ ਗਈ। ਉਸ ਤੋਂ ਬਾਦ ਉਹ ਪ੍ਰੋਫੈਸਰ ਕਹਿਣ ਲੱਗਿਆ ਕਿ ਜਿੰਨਾਂ ਮੈਨੂੰ ਅੱਜ ਅਫਸੋਸ ਤੁਹਾਡੀਆਂ ਗੱਲਾਂ ਸੁਣ ਕੇ ਹੋਇਆ, ਐਨਾ ਜ਼ਿੰਦਗੀ ਭਰ 'ਚ ਕਦੇ ਨਹੀਂ ਹੋਇਆ ਤੇ ਜਿੰਨਾਂ ਮੈਂ ਦੁੱਖੀ ਅੱਜ ਹੋਇਆਂ ਐਨਾ ਕਦੇ ਨਹੀਂ ਹੋਇਆ। ਮੈਂ ਕਿਹਾ, ''ਕੀ ਗੱਲ? ਤੇਰਾ ਦਿਲ ਦੁਖ ਗਿਆ?'' ਕਹਿੰਦਾ, ''ਦਿਲ ਨਹੀਂ ਦੁਖਿਆ, ਮੈਂ ਮਾਸਕੋ ਪੜ੍ਹ ਕੇ ਆਇਆ ਹੋਇਆ ਹਾਂ ਤੇ ਮੈਂ Russian ਭਾਸ਼ਾ ਪੜ੍ਹਾਉਂਦਾ ਹਾਂ ਤੇ Head of Department ਹਾਂ – ਰਸ਼ੀਅਨ ਭਾਸ਼ਾ ਦਾ ਮੁਖੀ। ਮਾਸਕੋ ਦੇ ਵਿਚੋਂ ਪੂਰਾ ਨਾਸਤਕ ਹੋ ਕੇ ਮੈਂ ਆਇਆ ਸੀ ਤੇ ਮੈਂ ਇਹ ਕਹਿੰਦਾ ਸੀ ਕਿ ਨਾ ਕੋਈ ਰੱਬ ਹੈ, ਨਾ ਕੋਈ ਧਰਮ ਹੈ। ਇਸ ਕਰਕੇ ਅਸੀਂ ਧਰਮ ਦੀਆਂ ਧੱਜੀਆਂ ਉਡਾਉਣ ਲੱਗੇ ਸੀਗੇ ਐਥੇ। ਆਹ ਤੁਹਾਡੇ ਸਹਿਜ ਸੁਭਾਅ ਦੇ ਬਚਨ ਸੁਣ ਕੇ, ਮੇਰੇ ਮਨ 'ਚ ਇਹ ਅਫਸੋਸ ਹੋਇਆ ਕਿ ਮੈਂ ਅੱਜ ਟੇਪ

ਰਿਕਾਰਡਰ ਨਾ ਲਿਆਇਆ। ਮੈਂ ਜੇ ਇਹ ਬਚਨ ਰਿਕਾਰਡ ਕਰ ਲੈਂਦਾ ਤਾਂ ਇਹ ਸਾਰੇ ਦੇ ਸਾਰੇ ਤਿੰਨ ਘੰਟੇ ਦੇ ਮੈਂ ਮਾਸਕੋ ਦੇ ਵਿਚ ਭੇਜਣੇ ਸੀਗੇ। ਸਾਰੇ ਹੀ ਜਵਾਬ, ਜਿਹੜੇ ਮੇਰੇ ਮਨ ਵਿਚ ਸ਼ੰਕੇ ਸੀ, ਉਹ ਨਿਕਲ ਗਏ। ਮੈਂ ਕੇਵਲ ੴ ਦੀ ਵਿਆਖਿਆ ਕੀਤੀ ਸੀ, ਵੱਧ ਨਹੀਂ ਸੀ ਬੋਲਿਆ। ਉਹ ਕਹਿਣ ਲੱਗੇ ਕਿ ਆਹ ੴ ਹੀ ਜਿਹੜਾ ਤੁਸੀਂ ਦੱਸਿਆ ਹੈ, ਇਹਨੇ ਮੇਰੇ ਸਾਰੇ ਸ਼ੰਕੇ ਤੋੜ ਦਿਤੇ ਤੇ ਮੈਂ ਪੜ੍ਹਿਆ-ਲਿਖਿਆ, ਪੱਕੀ ਅਕਲ ਦਾ ਮਾਲਕ ਤੇ ਦੁਨੀਆ ਨੂੰ ਨਾਸਤਕ ਬਣਾਉਣ ਵਾਲਾ, ਆਹ ਤਾਲੀਮ ਤਾਂ ਸਾਨੂੰ ਪਤਾ ਹੀ ਨਹੀਂ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਐਨੀਆਂ ਉਚੀਆਂ ਗੱਲਾਂ ਕਹਿ ਦਿਤੀਆਂ। ਫੇਰ ਮੈਨੂੰ ਕਹਿਣ ਲੱਗਿਆ ਕਿ ਤੁਸੀਂ ਅਚਾਨਕ ਬੋਲੇ ਓਂ, ਕੋਈ ਘੋਟਿਆ ਹੋਇਆ ਇਲਮ ਨਹੀਂ ਬੋਲੇ। ਸਾਡੇ ਹਿਸਾਬ ਨਾਲ ਤੁਸੀਂ ਗੱਲ ਕਰੀ ਹੈ। ਮੈਂ ਡਿਪਾਰਟਮੈਂਟ ਦਾ ਇੰਚਾਰਜ ਹਾਂ, ਆਹ ਜਿਹੜੇ ਨੇ, ਪੰਜਾਬੀ ਨੇ ਤੇ ਆਹ ਪ੍ਰੋਫੈਸਰ ਨੇ। ਤੁਸੀਂ ਸਾਨੂੰ ਸਮਾਂ ਦੇਵੋ ਤੇ ਅਸੀਂ ਫੇਰ ਸਾਰਾ ਰਿਕਾਰਡ ਕਰੀਏ। ਮੈਂ ਕਿਹਾ, ਪ੍ਰੋਫੈਸ਼ਰ ਸਾਹਿਬ! ਜੋ ਬਚਨ ਇਕ ਵਾਰੀ ਨਿਕਲ ਗਿਆ, ਉਹ ਦੁਬਾਰਾ ਨਹੀਂ ਆਇਆ ਕਰਦਾ। ਉਹ ਅਨੁਭਵ ਦੀ ਗੱਲ ਹੋਰ ਹੁੰਦੀ ਹੈ। ਲੇਕਿਨ ਇਲਮ, ਘੋਟਾ ਲਾਇਆ ਹੋਇਆ ਹੋਰ ਹੁੰਦਾ ਹੈ, ਇਹ ਕੋਈ ਵਹਾਅ (flow) ਬਾਹਰੋਂ ਆ ਰਿਹਾ ਹੈ। ਐਸੇ ਤਰ੍ਹਾਂ ਦੀ ਹਾਲਤ ਪੈਦਾ ਹੋਵੇ, ਐਵੇਂ ਜਿਵੇਂ ਮੈਂ ਸਹਿਜ ਨਾਲ ਬੈਠਾ ਹੋਵਾਂ ਤੇ ਕੋਈ ਚੋਰੀ ਟੇਪ ਲਾ ਦੇਵੇ, ਤਾਂ ਤੇ ਗੱਲ ਬਣ ਜਾਊ। ਜੇ ਮੈਨੂੰ ਪਤਾ ਲਗ ਗਿਆ ਕਿ ਟੇਪ ਲਾਈ ਹੋਈ ਹੈ ਤਾਂ ਮੈਂ ਸੋਧ ਕੇ ਬੋਲਣ ਲੱਗ ਜਾਵਾਂਗਾ ਕਿਉਂਕਿ ਕੋਈ ਰਿਕਾਰਡ ਕਰ ਰਿਹਾ ਹੈ। ਸੋ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਅਸੀਂ ਨਹੀਂ ਕਰ ਸਕਦੇ। ਅਸੀਂ ਐਨੇ ਅਨਜਾਣ ਹਾਂ, ਅਸੀਂ ਤਾ ਅਜੇ ੳ, ਅ ਵਿਚ ਵੀ ਨਹੀਂ ਦਾਖਲ ਹੋਏ। ਸਿੱਖੀ ਦਾ ਅਸੀਂ ਪ੍ਰਚਾਰ ਨਹੀਂ ਕਰ ਸਕੇ।

ਇਕ ਪ੍ਰੋਫੈਸਰ ਮੈਨੂੰ ਅਮਰੀਕਾ 'ਚ ਮਿਲੇ। ਉਹ chemistry ਦੇ ਤੇ physics ਦੇ ਪ੍ਰੋਫੈਸਰ ਸੀ। ਉਥੇ ਅਮਰੀਕਨ ਬੱਚਿਆਂ ਨੂੰ ਪੜ੍ਹਾਉਂਦੇ ਸਨ। ਮੈਨੂੰ ਕਹਿਣ ਲੱਗਿਆ, ''ਜੀ! ਅੰਦਰ ਅੱਜ ਸੈਮੀਨਾਰ ਹੋ ਰਿਹਾ ਹੈ ਤੁਸੀਂ ਚੱਲੋ।'' ਮੈਂ ਕਿਹਾ, ''ਕੀ ਗੱਲ? ਮੈਨੂੰ ਅੱਜ ਸਮਾਂ ਨਹੀਂ ਹੈ।'' ਕਹਿੰਦਾ, ''ਉਥੇ 'ਸੋਚੈ ਸੋਚਿ ਨ ਹੋਵਈ' ਦੇ ਉਤੇ ਬੜੀ ਚਰਚਾ ਹੋ ਰਹੀ ਹੈ।'' ਓਥੇ ਬਚਨ ਚਲ ਪਿਆ, ਮੈਂ ਖੜ੍ਹਾ ਸੀ, ਕਾਰ ਸਾਡੀ ਚਾਲੂ (start) ਸੀ, ਅੱਧਾ ਘੰਟਾ ਲੰਘ ਗਿਆ। ਪ੍ਰੋਫੈਸਰ ਕਹਿਣ ਲੱਗਿਆ, ਇਹ ਜਿਹੜੇ ਬਚਨ ਅਸੀਂ ਸੁਣੇ ਨੇ - ਜਪੁਜੀ ਸਾਹਿਬ ਦੇ ਬਾਰੇ, ਤੁਸੀਂ ਇਕੋ ਲਾਈਨ ਦੇ ਉਤੇ 'ਸੋਚੈ ਸੋਚਿ' ਤੇ ਗੱਲ ਕੀਤੀ ਹੈ, ਇਹ ਗੱਲ ਮੇਰੇ ਯਾਦ ਨਹੀਂ ਰਹਿਣੀ, ਤੁਸੀਂ ਅੰਦਰ ਆ ਕੇ ਦਸ ਦਿਓ।'' ਮੈਂ ਕਿਹਾ, ਦੇਖੋ ਤੁਸੀਂ ਪ੍ਰੋਫੈਸਰ ਬਾਹਰ ਨਿਕਲੇ ਓਂ, ਪੜ੍ਹੇ ਲਿਖੇ ਓਂ, ਕਰੀਮ ਭਾਰਤ ਦੀ ਬਾਹਰ ਆ ਗਈ ਸਾਰੀ। ਤੁਹਾਨੂੰ ਸਾਇੰਸਦਾਨਾਂ, ਪ੍ਰੋਫੈਸਰਾਂ ਨੂੰ ਚਾਹੀਦਾ ਹੈ ਕਿ ਗੁਰਬਾਣੀ ਜਿਹੜੀ ਹੈ ਇਹ ਸਾਰੀ ਸਾਇੰਟੇਫਿਕ ਹੈ, ਇਹਦੇ ਵਿਚ ਕੋਈ ਗੱਲ ਗਲਤ ਨਹੀਂ ਹੈ। ਇਹ ਸਾਰੀ ਦੁਨੀਆਂ ਨੂੰ ਯਕੀਨ ਦਿਵਾ ਦੇਵੇਗੀ ਜਦੋਂ ਤੁਸੀਂ ਸਮਝਾਓਗੇ। ਤੁਸੀਂ ਐਡੇ-ਐਡੇ ਪ੍ਰੋਫੈਸਰ ਬੈਠੇ ਓਂ, ਤੁਹਾਨੂੰ ਇਹ ਚਾਹੀਦਾ ਹੈ ਕਿ ਐਥੇ ਅਮਰੀਕਾ ਦੇ ਅੰਦਰ ਇਹ ਬਚਨ ਦੱਸੋ। ਆਹ ਸਾਰੇ ਅਮਰੀਕਨ, ਉਹ ਐਨੇ ਭੋਲੇ ਲੋਕ ਨੇ, ਜੇ ਇਕ ਵਾਰੀ convince ਹੋ ਜਾਣ ਫੇਰ ਨਹੀਂ ਛੱਡਦੇ, ਇਕ ਵਾਰੀ ਮੰਨ ਲੈਣ। ਲੇਕਿਨ ਉਹਦੇ ਮੁਕਾਬਲੇ ਦੇ ਉਤੇ ਜਿਨ੍ਹਾਂ ਲੋਕਾਂ ਨਾਲ ਸਾਡਾ ਐਥੇ ਵਾਹ ਪੈ ਰਿਹਾ ਹੈ, ਜਿਹਨੂੰ ਅਸੀਂ ਆਪਣੇ ਕਹਿੰਦੇ ਹਾਂ, ਜਿਨ੍ਹਾਂ ਨੂੰ ਸਿੱਖ ਕਹਿੰਦੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਕਹਿੰਦੇ ਹਾਂ; ਹੈਰਾਨ ਹੋ ਜਾਈਦਾ ਹੈ ਕਿ ਐਨੇ ਹਨ੍ਹੇਰੇ 'ਚ ਬੈਠੇ ਨੇ, ਮੰਨਦੇ ਹੀ ਨਹੀਂ। ਛੋਟੀਆਂ-ਛੋਟਆਿਂ ਗੱਲਾਂ ਤੇ ਆਲੋਚਨਾ ਕਰੀ ਜਾਣਗੇ। ਮੈਂ ਜਦ ਬਾਹਰ ਜਾਂਦਾ ਸੀ ਸ. ਮਹਿੰਦਰ ਸਿੰਘ ਗਿੱਲ ਕਹਿੰਦਾ ਸੀ ਕਿ ਸਾਡੇ ਜੇ ਸੰਤ ਦਾ ਨਾਉਂ ਲੈ ਲਓ, ਖਿਝ ਜਾਂਦੇ ਨੇ। ਇਹ ਛੋਟੀਆਂ-ਛੋਟੀਆਂ ਗੱਲਾਂ ਨੇ। ਸੰਤ ਤਾਂ ਇਕ ਪੂਰਨ ਅਵਸਥਾ ਹੁੰਦੀ ਹੈ, ਸੰਤ ਕੋਈ ਭੇਖ ਨਹੀਂ ਹੋਇਆ ਕਰਦਾ, ਸੰਤ ਕੋਈ ਕਿਸੇ ਡੇਰੇ ਦਾ ਮਾਲਕ ਨਹੀਂ ਹੁੰਦਾ। ਸੰਤ ਤਾਂ ਜਦੋਂ ਅੰਦਰ ਦਿੱਬਯ ਨੇਤਰ ਖੁਲ੍ਹ ਜਾਵੇ ਅਤੇ ਅਨੁਭਵ ਵਿਚ ਪ੍ਰਕਾਸ਼ ਹੋ ਕੇ ਕਦੇ ਨਾਮ ਮੰਡਲ ਵਿਚੋਂ ਸੁਰਤ ਬਾਹਰ ਨਾ ਜਾਵੇ, ਉਸ ਨੂੰ ਕਹਿੰਦੇ ਹਨ। ਇਕ ਹੋਰ ਨੇਤਰ ਹੈ ਸਾਡੇ ਅੰਦਰ ਜਿਹਨੂੰ ਛੇਵੀ ਸੁਰਤ (sixth sense) ਕਹਿੰਦੇ ਹਨ। ਪੰਜ ਦਾ ਤਾਂ ਸਾਰਿਆਂ ਨੂੰ ਪਤਾ ਹੈ, ਅੱਖਾਂ ਨੂੰ ਜਾਣਦੇ ਹਾਂ, ਕੰਨਾਂ ਨੂੰ ਜਾਣਦੇ ਹਾਂ, ਨੱਕ ਨੂੰ ਅਸੀਂ ਜਾਣਦੇ ਹਾ, ਮੂੰਹ ਨੂੰ ਜਾਣਦੇ ਹਾਂ ਲੇਕਿਨ ਸਾਡੇ ਅੰਦਰ ਇਕ ਹੋਰ ਚੀਜ਼ ਹੈ, ਉਹ ਬੰਦ ਪਈ ਹੈ, ਉਹ ਖੁਲ੍ਹਦੀ ਨਹੀਂ ਹੈ, ਉਹਨੂੰ ਖੋਲ੍ਹਣ ਵਾਸਤੇ ਗੁਰੂ ਦੀ ਲੋੜ ਹੈ। ਗੁਰੂ ਦੀ ਤਾਲੀਮ ਨੂੰ ਕਮਾਉਣ ਦੀ ਲੋੜ ਹੈ। ਉਹ ਜਦੋਂ (ਛੇਵੀਂ ਸੂਝ) sixth sense ਖੁਲ੍ਹ ਜਾਂਦੀ ਹੈ

ਸਾਡੇ ਅੰਦਰ, ਜਿਹਨੂੰ ਅਸੀਂ ਦਸਵਾਂ ਦੁਆਰ ਵੀ ਕਹਿੰਦੇ ਹਾਂ ਜਾਂ ਅਨੁਭਵ ਵੀ ਕਹਿੰਦੇ ਹਾਂ, ਤੀਸਰਾ ਤਿਲ ਕਹਿੰਦੇ ਨੇ, ਕਈ ਪ੍ਰੇਮੀ ਇਸ ਨੂੰ ਸ਼ਿਵ ਨੇਤਰ ਕਹਿੰਦੇ ਹਨ, ਗੁਰੂ ਮਹਾਰਾਜ ਇਹਨੂੰ ਪ੍ਰਮੇਸ਼ਰ ਦੇ ਦਰਸ਼ਨ ਆਹ ਸੰਸਾਰ 'ਚੋਂ ਹੋਣ ਲੱਗ ਜਾਂਦੇ ਨੇ। ਇਹ ਗੱਲ ਅਸੀਂ ਸਮਝਾ ਨਹੀਂ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਸੀਂ ਪੜ੍ਹਦੇ ਹਾਂ, ਸੁਣਦੇ ਹਾਂ; ਓਹਦਾ ਕਿੰਨਾ ਕੁ ਸਾਡੇ ਅੰਦਰ ਅਸਰ ਹੁੰਦਾ ਹੈ? ਹੁਣ ਐਥੇ ਅਖੰਡਪਾਠ ਹੋਏ ਨੇ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ, ਇਹਦੇ ਵਿਚ ਗੁਰੂ ਮਹਾਰਾਜ ਇਹ ਕਹਿੰਦੇ ਨੇ ਕਿ ਜਿਹੜਾ ਬਾਣੀ ਸੁਣ ਲੈਂਦਾ ਹੈ, ਤੇ ਗਾ ਲੈਂਦਾ ਹੈ ਉਹਨੂੰ ਕ੍ਰੋੜਾਂ ਯੱਗਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ-

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

*ਅੰਗ- ੫੪੬*

ਗਾਉਣ ਨਾਲ condition ਚਲਦੀ ਹੈ। ਐਥੇ ਤਾ ਮਹਾਰਾਜ ਗਾਉਣਾ ਤੇ ਸੁਣਨਾ ਕਹਿ ਗਏ, ਜਦ ਅਸੀਂ ਹੋਰ ਅੱਗੇ ਜਾਂਦੇ ਹਾਂ ਤਾਂ ਮਹਾਰਾਜ ਇਹ ਕਹਿੰਦੇ ਨੇ ਕਿ ਗਾਉਣਾ ਤੇ ਸੁਣਨਾ ਥਾਉਂ ਕੀਹਦਾ ਪੈਂਦਾ ਹੈ, ਉਹਦੇ ਬਾਰੇ ਆਪ ਫੁਰਮਾਨ ਕਰਦੇ ਨੇ-

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਅੰਗ - ੬੬੯*

ਸਾਰੇ ਆਉਂਦੇ ਨੇ, ਆ ਕੇ ਨਮਸ਼ਕਾਰ ਵੀ ਕਰਦੇ ਨੇ ਤੇ ਉਤਮ ਬਾਣੀ ਗਾਉਂਦੇ ਨੇ, ਪਰ ਨਾਲ ਮਹਾਰਾਜ ਜੀ ਨੇ ਸ਼ਰਤ (condition) ਲਾ ਦਿਤੀ, ਪੜ੍ਹੇ-ਲਿਖੇ ਸਮਝਦੇ ਨੇ ਸ਼ਰਤ ਲਾ ਦਿਤੀ। ਉਹ ਸ਼ਰਤ ਕੀ ਹੈ-

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

*ਅੰਗ- ੬੬੯*

ਇਹ ਮੰਨਣੀ ਪੈਂਦੀ ਹੈ। ਬਾਣੀ ਜਦੋਂ ਅਸੀਂ ਮੰਨ ਲੈਂਦੇ ਹਾਂ ਫੇਰ ਕਮਾਉਣੀ ਪੈਂਦੀ ਹੈ, ਕਮਾ ਲੈਂਦੇ ਹਾਂ ਤਾਂ ਸਾਨੂੰ ਜਿਧਰ ਬਾਣੀ ਲਿਜਾਉਣਾ ਚਾਹੁੰਦੀ ਹੈ, ਉਹ ਹੈ ਕਿ ਤੁਹਾਡੇ ਅੰਦਰ ਬਾਹਰ ਵਾਹਿਗੁਰੂ ਵਸਦਾ ਹੈ। ਬਹੁਤ ਸਪੱਸ਼ਟ ਅੱਖਰਾਂ 'ਚ ਕਹਿੰਦੇ ਨੇ। ਕੋਈ ਐਸੀ ਫਿਲਾਸਫੀ ਨਾਲ ਨਹੀਂ ਮਹਾਰਾਜ ਜੀ ਗੱਲ ਕਹਿੰਦੇ, ਸਿੱਧੀ ਜਿਵੇਂ ਆਪਾਂ ਬੋਲਦੇ ਹਾਂ -

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥*

*ਅੰਗ- ੬੮੪*

ਵਾਹਿਗੁਰੂ ਤੇਰੇ ਨਾਲ ਰਹਿੰਦਾ ਹੈ। ਕਹਿੰਦੇ ਨੇ, ਕਿਵੇਂ ਰਹਿੰਦਾ ਹੈ? ਜੀ ਮੈਨੂੰ ਤਾਂ ਕਦੇ ਦਿਸਦਾ ਨਹੀਂ, ਮੈਂ ਤਾਂ ਜਾਣਦਾ ਨਹੀਂ ਹਾਂ। ਮਹਾਰਾਜ ਜੀ ਕਹਿੰਦੇ ਨੇ ਜਿਵੇਂ ਸ਼ੀਸ਼ੇ ਦੇ ਵਿਚ ਪਰਛਾਵਾਂ ਹੁੰਦਾ ਹੈ ਨਾ, ਜਿਵੇਂ ਇਕ ਫੁੱਲ ਵਿਚ ਖੁਸ਼ਬੂ ਹੁੰਦੀ ਹੈ, ਐਸ ਤਰ੍ਹਾਂ ਤੇਰੇ ਅੰਦਰ ਰਹਿੰਦਾ ਹੈ -

*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ ॥ ਅੰਗ - ੬੮੪*

ਜਿਹਨੇ ਇਹਦੀ ਖੋਜ ਕਰ ਲਈ -

*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥*
*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਜਿਹਨੇ ਖੋਜ ਕਰ ਲਈ, ਜਿਹਦੀਆਂ ਬਿਅੰਨ ਅੱਖੜੀਆਂ ਖੁਲ੍ਹ ਗਈਆਂ, ਤੀਸਰਾ ਨੇਤਰ ਜਿਹਦਾ ਖੁਲ੍ਹ ਗਿਆ, ਅਨੁਭਵ ਜਿਹਦਾ ਜਾਗ ਪਿਆ, ਉਹ ਫੇਰ ਹਰ ਵਕਤ ਪ੍ਰਮੇਸ਼ਰ ਵਿਚ ਰਹਿਣ ਲਗ ਜਾਂਦਾ ਹੈ। ਜੇ ਫਸਲਾਂ ਨੂੰ ਦੇਖਦਾ ਹੈ ਤਾਂ ਵੀ ਇਹਦੇ ਪਿਛੇ ਪ੍ਰਮੇਸ਼ਰ ਨੂੰ ਦੇਖਦਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਚੀਨ ਵਿਚ ਗਏ ਹੋਏ ਨੇ। ਚੀਨ ਦੇ ਵਿਚ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆ ਗਏ। ਸਾਧੂ ਸੇਵੀ ਵੀ ਸੀਗੇ ਕਿਉਂਕਿ ਤਿੱਬਤ ਦਾ ਅਸਰ ਸੀ ਉਨ੍ਹਾਂ ਦੇ ਉਤੇ। ਓਸ ਵੇਲੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਪਾਤਸ਼ਾਹ! ਸਾਨੂੰ ਕੋਈ ਐਸਾ ਉਪਦੇਸ਼ ਦਿਓ, ਜਿਹੜਾ ਕਮਾ ਕੇ ਸਾਡਾ ਸੁਖਾਲਾ ਜਿਹਾ ਉਧਾਰ ਹੋ ਜਾਵੇ। ਮਹਾਰਾਜ ਜੀ ਕਹਿੰਦੇ, ਦੇਖੋ! ਤੁਹਾਨੂੰ ਦੋ ਗੱਲਾਂ ਦਸਦੇ ਹਾਂ ਤੁਸੀਂ ਯਾਦ ਰੱਖਿਓ - ਸਿਰਫ ਦੋ ਗੱਲਾਂ।

ਦੱਸੋ ਮਹਾਰਾਜ! ਕ੍ਰਿਪਾ ਕਰਕੇ।

ਮਹਾਰਾਜ ਜੀ ਕਹਿੰਦੇ, ''ਤੁਸੀਂ ਕੁੱਤਿਆਂ ਵਾਂਗਣ ਨਾ ਦੇਖਿਆ ਕਰੋ, ਸ਼ੇਰ ਵਾਂਗਣ ਦੇਖਿਆ ਕਰੋ।'' ਬਚਨ ਸਮਾਪਤ ਹੋ ਗਿਆ। ਵੱਡੇ-ਵੱਡੇ ਜਿਹੜੇ ਪੜ੍ਹੇ ਲਿਖੇ ਬੈਠੇ ਸੀ ਓਥੇ, ਉਹ ਸਾਰੇ ਹੈਰਾਨ ਹੋ ਗਏ ਕਿ ਕੁੱਤੇ ਕਿਵੇਂ ਦੇਖਦੇ ਹੁੰਦੇ ਨੇ ਤੇ ਸ਼ੇਰ ਕਿਵੇਂ ਦੇਖਦੇ ਨੇ। ਮਹਾਰਾਜ ਜੀ ਨੇ ਸਾਨੂੰ ਕਿਹਾ ਹੈ ਕਿ ਸ਼ੇਰ ਵਾਂਗਣ ਦ੍ਰਿਸ਼ਟੀ ਰੱਖੋ, ਕੁੱਤੇ ਵਾਲੀ ਦ੍ਰਿਸ਼ਟੀ ਨਾ ਰੱਖੋ। ਗੱਲ ਧਿਆਨ ਨਾਲ ਸਮਝਿਓ, ਥੋੜ੍ਹਾ ਜਿਹਾ

ਧਿਆਨ ਦੇਣ ਦੀ ਲੋੜ ਹੈ। ਸੋ ਉਸ ਵੇਲੇ ਮਹਾਰਾਜ ਜੀ ਕੋਲ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਸਾਨੂੰ ਇਹ ਦੱਸੋ, ਸਾਡੀ ਤਾਂ ਸਮਝ 'ਚ ਨਹੀਂ ਆਇਆ ਕਿ ਕੁੱਤਾ ਕਿਵੇਂ ਦੇਖਦਾ ਹੈ ਤੇ ਸ਼ੇਰ ਕਿਵੇਂ ਦੇਖਦਾ ਹੈ? ਮਹਾਰਾਜ ਕਹਿੰਦੇ, "ਦੇਖੋ! ਤੁਸੀਂ ਕੁੱਤੇ ਦੇ ਡੰਡਾ ਮਾਰੋ, ਉਹ ਡੰਡਾ ਮਾਰਨ ਵਾਲੇ ਨੂੰ ਨਹੀਂ ਫੜਦਾ, ਉਹ ਡੰਡੇ ਨੂੰ ਮੂੰਹ ਮਾਰਦਾ ਹੈ। ਇੱਟ ਮਾਰੋ ਤੁਸੀਂ ਕੁੱਤੇ ਦੇ, ਉਹ ਨੱਠ ਕੇ ਇੱਟ ਨੂੰ ਪਏਗਾ, ਬੰਦੇ ਵਲ ਨੂੰ ਨਹੀਂ ਆਉਂਦਾ। ਜਿਹੜਾ ਸ਼ੇਰ ਹੈ ਉਹਦੇ ਤੁਸੀਂ ਕੋਈ ਚੀਜ਼ ਮਾਰੋ, ਤੀਰ ਮਾਰੋ ਜਾਂ ਹੋਰ ਕੋਈ ਚੀਜ਼ ਮਾਰੋ, ਕੋਈ ਇੱਟ ਵੱਟਾ ਮਾਰੋ, ਉਹ ਇੱਟ ਵੱਟਾ ਮਾਰਨ ਵਾਲੇ ਵਲ ਨੂੰ ਆਉਂਦਾ ਹੈ। ਉਹਦੀ ਦ੍ਰਿਸ਼ਟੀ ਓਸ ਵਲ ਹੈ ਜਿਹੜਾ ਸਭ ਕੁਝ ਕਰ ਰਿਹਾ ਹੈ। ਫੇਰ ਵੀ ਗੱਲ ਸਮਝ 'ਚ ਨਾ ਆਈ। ਕਹਿਣ ਲੱਗੇ, "ਸੱਚੇ ਪਾਤਸ਼ਾਹ! ਅਜੇ ਗੱਲ ਸਮਝ 'ਚ ਨਹੀਂ ਆਈ, ਆਪ ਕ੍ਰਿਪਾ ਕਰਕੇ ਸਾਨੂੰ ਹੋਰ ਖੋਲ੍ਹ ਕੇ ਦੱਸੋ।" ਮਹਾਰਾਜ ਜੀ ਕਹਿੰਦੇ ਕਿ ਦੇਖੋ ਤੁਹਾਨੂੰ ਦੱਸੀਏ ਕਿ ਆਹ ਜਿਹੜਾ ਸੰਸਾਰ ਤੁਹਾਨੂੰ ਨਜ਼ਰ ਆਉਂਦਾ ਹੈ ਨਾ, ਜਿੰਨਾਂ ਵੀ ਕੁਛ ਤੁਸੀਂ ਦੇਖਦੇ ਓਂ, ਪਹਾੜ ਦੇਖਦੇ ਓਂ, ਦਰਿਆ ਦੇਖਦੇ ਓਂ, ਚੰਗੇ ਬੰਦੇ ਦੇਖਦੇ ਓਂ, ਮਾੜੇ ਬੰਦੇ ਦੇਖਦੇ ਓਂ, ਇਹ ਸਾਰਿਆਂ ਦੇ ਪਿਛੇ ਕੌਣ ਹੈ; ਉਹ ਦੇਖੋ ਤੁਸੀਂ। ਗੱਲ ਸਮਝ 'ਚ ਆਉਣ ਲਗ ਗਈ। ਮਹਾਰਾਜ ਜੀ ਨੇ ਕਿਹਾ, ਦੇਖੋ! ਤੁਹਾਨੂੰ ਹੋਰ ਥੋੜ੍ਹਾ ਜਿਹਾ ਸਮਝਾ ਦੇਈਏ ਕਿ ਜਦੋਂ ਇਹ ਸੰਸਾਰ ਨਹੀਂ ਸੀ ਬਣਿਆਂ, ਓਸ ਵੇਲੇ ਐਥੇ ਵਾਹਿਗੁਰੂ ਹੀ ਵਾਹਿਗੁਰੂ ਸੀ; ਨਾ ਕੋਈ ਮਾਇਆ ਸੀ, ਨਾ ਕੋਈ ਸ਼ਕਤੀ, ਨਾ ਕੋਈ ਸ਼ਿਵ ਜੀ, ਨਾ ਬਰ੍ਹਮਾ, ਨਾ ਮਹੇਸ਼, ਨਾ ਕੋਈ ਵਿਸ਼ਨੂੰ ਜੀ, ਨਾ ਕੋਈ ਦੇਵੀਆਂ, ਕੋਈ ਨਹੀਂ ਸੀਗਾ, ਨਾ ਕੋਈ ਹਵਾ ਸੀ, ਨਾ ਕੋਈ ਅੱਗ ਸੀ, ਨਾ ਕੋਈ ਅਸਮਾਨ ਸੀ, ਨਾ ਕੋਈ ਟਾਈਮ ਸੀ, ਕੋਈ ਚੀਜ਼ ਨਹੀਂ ਸੀ, ਇਕੱਲਾ ਹੀ ਵਾਹਿਗੁਰੂ ਸੀ। ਵਾਹਿਗੁਰੂ ਜੀ ਦੇ ਮਨ 'ਚ ਹੋਈ ਨਾ ਜਦ ਇਹ ਗੱਲ, ਤਾਂ ਫੁਰਨਾ ਆਇਆ, ਉਸ ਨੇ ਆਪਣਾ ਅਕਾਰ ਬਣਾ ਲਿਆ –

*ਨਿਰੰਕਾਰ ਆਕਾਰ ਕਰਿ ਏਕੰਕਾਰ ਅਪਾਰ ਸਦਾਇਆ॥*

*ਭਾਈ ਗੁਰਦਾਸ ਜੀ, ਵਾਰ ੩੯/੨*

'ਏਕੰਕਾਰ' ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸਭ ਤੋਂ ਪਹਿਲਾਂ '੧' ਦੇ ਰੂਪ ਵਿਚ ਲਿਖ ਦਿਤਾ। ਇਹ ਨਿਰੰਕਾਰ ਦਾ ਉਹ ਸਰੂਪ ਹੈ ਜਿਸ ਵਕਤ ਸ੍ਰਿਸ਼ਟੀ ਰਚਣ ਦਾ ਆਪ ਨੇ ਕਾਰਜ ਸ਼ੁਰੂ ਕੀਤਾ। ਜਿਵੇਂ ਇਕ ਬੰਦਾ ਘਰ ਬੈਠਾ ਪਾਠ ਕਰ ਰਿਹਾ ਹੈ, ਸਮਾਧੀ ਲਾਈ ਹੋਈ ਹੈ, ਜਦ ਉਹ ਬਾਹਰ ਆ ਕੇ ਕੰਮ ਕਰਦਾ ਹੈ ਜਾਂ ਕਿਸੇ ਦਫ਼ਤਰ 'ਚ ਜਾਂਦਾ ਹੈ ਤਾਂ ਉਸ ਦਾ ਦਫ਼ਤਰ ਵਾਲਾ ਨਾਂ ਹੁੰਦਾ ਹੈ ਕਿ ਫਲਾਣੇ ਸਾਹਿਬ ਆ ਗਏ, ਫਲਾਣੇ ਸੈਕਟਰੀ ਸਾਹਿਬ ਆ ਗਏ, ਫਲਾਣਾ ਸੁਪਰਡੈਂਟ ਆ ਗਿਆ। ਉਸ ਵੇਲੇ ਉਹ ਓਹਦਾ ਨਾਉਂ ਨਹੀਂ ਹੁੰਦਾ, ਅਹੁਦੇ ਦਾ ਨਾਉਂ ਹੁੰਦਾ ਹੈ। ਇਸ ਤਰ੍ਹਾਂ ਨਾਲ ਜੋ ਨਿਰੰਕਾਰ ਜੀ ਸੀ, ਜਦੋਂ ਸ੍ਰਿਸ਼ਟੀ ਸਿਰਜਣ ਲੱਗੇ ਉਨ੍ਹਾਂ ਦਾ ਨਾਉਂ ਏਕੰਕਾਰ ਹੋਇਆ –

*ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰ ਸਦਾਯਾ॥*

*ਭਾਈ ਗੁਰਦਾਸ ਜੀ, ਵਾਰ ੨੬/੨*

ਪਾਰਾਵਾਰ ਵਾਲਾ ਏਕੰਕਾਰ ਉਹਨੇ ਆਪਣੇ ਆਪ ਨੂੰ ਸਦਾਇਆ। ਏਕੰਕਾਰ ਤੋਂ ਕੀ ਹੋਇਆ? ਕਹਿੰਦੇ–

*ਕੀਤਾ ਪਸਾਉ ਏਕੋ ਕਵਾਉ॥* *ਅੰਗ– ੩*

ਸਿਰਫ ਇਕ ਆਵਾਜ਼ ਕੀਤੀ ਹੈ। ਇਹ ਜਿਹੜੇ ਬਾਕੀ ਧਰਮ ਨੇ ਸਾਧਸੰਗਤ ਜੀ! ਥੋੜ੍ਹਾ ਜਿਹਾ ਸੋਚਣਾ ਹੈ, ਉਹ ਇਹ ਹੈ ਕਿ ਜਿੰਨੀ ਈਸਾਈਅਤ ਹੈ, ਈਸਾਈ ਨੇ, ਇਹ ਰੱਬ ਤੱਕ ਤਾਂ ਪਹੁੰਚਦੇ ਨੇ ਲੇਕਿਨ ਰੱਬ ਦੇ ਨਾਲ ਇਕ ਗੱਲ ਕਹਿੰਦੇ ਨੇ ਕਿ There was logas before the creation of Universe, that was within God. ਇਕ ਸ਼ਬਦ ਸੀਗਾ ਜਦੋਂ ਕੁਛ ਵੀ ਨਹੀਂ ਸੀਗਾ। ਮੁਸਲਮਾਨ ਇਹ ਕਹਿੰਦੇ ਨੇ ਕਿ ਇਕ ਸ਼ਬਦ ਸੀ ਜਦੋਂ ਅਜੇ ਅੱਲਾ ਤਾਲਾ ਨੇ ਸੰਸਾਰ ਨਹੀਂ ਸੀ ਰਚਿਆ। ਹਿੰਦੂਆਂ ਦੇ ਵਿਚ ਹੋਰ ਤਰ੍ਹਾਂ ਹੈ, ਹਿੰਦੂ ਧਰਮ ਇਹ ਕਹਿੰਦਾ ਹੈ ਕਿ ਪ੍ਰਮੇਸ਼ਰ ਦੇ ਨਾਲ ਤ੍ਰਿਗੁਣੀ, ਮਾਇਆ ਦੇ ਉਤੇ ਓਹਦੀ ਸੱਤਾ ਪਈ ਤਾਂ ਜੀਵ ਬਣ ਗਿਆ। ਮਹਾਰਾਜ ਜੀ ਕਹਿੰਦੇ ਹਨ ਕਿ ਕੋਈ ਨਹੀਂ ਸੀ ਪ੍ਰੇਮੀਓਂ! ਭੁਲੇਖਾ ਕੱਢ ਦਿਓ। ਮਹਾਰਾਜ ਜੀ ਇਕ ਕਦਮ ਅੱਗੇ ਜਾਂਦੇ ਨੇ, ਜਿਥੇ ਸਭ ਨੂੰ ਲਿਜਾਉਣਾ ਚਾਹੁੰਦੇ ਨੇ, ਉਹ ਕਹਿੰਦੇ ਕੁਛ ਵੀ ਨਹੀਂ ਸੀਗਾ। ਉਸ ਵੇਲੇ ਨਿਰੰਕਾਰ ਆਪ ਹੀ ਸੀ, ਨਿਰੰਕਾਰ ਨੇ ਏਕੰਕਾਰ ਕਹਾ ਕੇ –

*ਏਕੰਕਾਰਹੁ ਸਬਦੁ ਧੁਨਿ.......।*

ਓਸ ਤੋਂ ਸ਼ਬਦ ਧੁਨ ਹੋਈ। ਧੁਨ ਆਪਾਂ ਜਾਣਦੇ ਹਾਂ – ਜੇ ਕੋਈ ਵਾਜਾ ਵਜਾਈਏ, ਉਹ ਧੁਨ ਬਣਦੀ ਹੈ; ਜੇ ਸੰਖ ਵਜਾਈਏ, ਸੰਖ ਦੀ ਧੁਨ ਬਣਦੀ ਹੈ; ਜੇ ਬਿਗਲ ਵਜਾਈਏ ਤਾਂ ਬਿਗਲ ਦੀ ਧੁਨ ਬਣਦੀ ਹੈ। ਧੁਨ ਕਹਿੰਦੇ ਨੇ – ਲਗਾਤਾਰ ਆਵਾਜ਼ ਨੂੰ। ਉਨ੍ਹਾਂ ਤੋਂ ਇਕ ਲਗਾਤਾਰ ਸ਼ਬਦ ਹੋਇਆ – ਨਿਰੰਕਾਰ ਤੋਂ ਏਕੰਕਾਰ ਹੋ ਕੇ। ਗੁਰੂ ਦਸਵੇਂ ਪਾਤਸ਼ਾਹ

ਕਹਿੰਦੇ ਨੇ -

*ਪ੍ਰਥਮ ਓਅੰਕਾਰ ਤਿਨ ਕਹਾ............॥*

ਸਭ ਤੋਂ ਪਹਿਲਾਂ 'ਓਅੰਕਾਰ' ਦਾ ਉਚਾਰਣ ਹੋਇਆ -

*.............ਸੋ ਧੁਨ ਪੂਰ ਜਗਤ ਮੋ ਰਹਾ।*

ਉਹ ਧੁਨ ਜਗਤ ਦੇ ਵਿਚ ਪੂਰ ਰਹੀ ਹੈ। ਉਹ ਹੁਣ ਤੁਹਾਡੇ ਅੰਦਰ, ਮੇਰੇ ਅੰਦਰ, ਸਾਰਿਆਂ ਦੇ ਅੰਦਰ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ -

*ਏਕੰਕਾਰਹੁ ਸਬਦ ਧੁਨ ਓਅੰਕਾਰ ਅਕਾਰ ਬਨਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਓਅੰਕਾਰ ਨਾਉਂ ਹੋ ਗਿਆ ਓਹਦਾ ਤੇ ਫਰਕ ਕੋਈ ਨਹੀਂ ਪਿਆ। ਉਹ ਵੀ ਪ੍ਰਮੇਸ਼ਰ, ਉਹ ਵੀ ਪ੍ਰਮੇਸ਼ਰ; ਇਕੋ ਹੀ ਚੀਜ਼ ਹੈ। ਸੋ 'ਓਅੰਕਾਰ' ਤੋਂ ਮਹਾਰਾਜ ਨੇ ਇਕ 'ਏਕਾ' ਲਾ ਕੇ ਇਕੱਠਾ ਕਰ ਦਿਤਾ ਕਿ ਕਿਤੇ ਭੁਲੇਖਾ ਨਾ ਪੈ ਜਾਵੇ ਕਿ 'ਏਕੰਕਾਰ' ਹੋਰ ਹੈ, 'ਓਅੰਕਾਰ' ਹੋਰ ਹੈ, ਉਨ੍ਹਾਂ ਨੇ ੴ ਕਹਿ ਦਿਤਾ। ਹੁਣ ਇਥੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ। ਸ੍ਰੀ ਗੁਰੂ ਨਾਨਕ ਸਾਹਿਬ ਕਹਿੰਦੇ ਨੇ ਕਿ ਸ੍ਰਿਸ਼ਟੀ ਨੂੰ ਤਾਂ ਤੁਸੀਂ ਇਉਂ ਸਮਝੋ ਜਿਵੇਂ ਕੋਈ ਇੱਟ ਵੱਟਾ ਮਾਰਦਾ ਹੈ ਤੇ ਸ਼ੇਰ ਦ੍ਰਿਸ਼ਟੀ ਹੁੰਦੀ ਹੈ ਕਿ ਸ੍ਰਿਸ਼ਟੀ ਦੇ ਪਿਛੇ ਪ੍ਰਮੇਸ਼ਰ ਦਾ ਦਰਸ਼ਨ ਕਰੋ। ਆਹ ਸਾਰੀ ਦੇ ਪਿਛਲੇ ਪਾਸੇ ਸੱਤਾ ਦੇਣ ਵਾਲਾ ਵਾਹਿਗੁਰੂ ਤੁਹਾਡੇ ਸਾਰਿਆਂ ਦੇ ਅੰਦਰ ਹੈ। ਹੁਣ ਸਾਡਾ ਕੰਮ ਕੀ ਹੈ? ਅਸੀਂ 83 ਲੱਖ, 99 ਹਜ਼ਾਰ, 999 ਜੂਨਾਂ ਕੁੱਤੇ, ਬਿੱਲੇ ਬਣਦੇ-ਬਣਦੇ ਐਥੇ ਤਕ ਪਹੁੰਚੇ ਹਾਂ। ਬੜੀ ਮੁਸ਼ਕਲ ਦੇ ਨਾਲ ਸਾਨੂੰ ਮਾਨਸ ਜਨਮ ਮਿਲਿਆ ਹੈ। ਬਹੁਤਿਆਂ ਨੂੰ ਤਾਂ ਇਹ ਪਤਾ ਹੀ ਨਹੀਂ ਹੈ ਕਿ ਕੀ ਗੱਲ ਹੈ। ਕਦੇ ਸੋਚਣ ਦਾ ਵਿਹਲ ਨਹੀਂ ਹੈ ਕਿ ਮੈਂ ਮਨੁੱਖ ਕਿਵੇਂ ਬਣ ਗਿਆ। ਉਨ੍ਹਾਂ ਨੂੰ ਤਾਂ ਇਹ ਹੈ ਕਿ ਮੈਂ ਜਦ ਮਾਂ ਦੇ ਪੇਟ 'ਚੋਂ ਆਇਆ, ਓਸ ਦਿਨ ਹੀ ਮੇਰਾ ਜਨਮ ਸ਼ੁਰੂ ਹੋਇਆ ਹੈ ਤੇ ਜਦ ਮੈਂ ਮਰ ਗਿਆ, ਖਤਮ ਹੋ ਜਾਵਾਂਗਾ, ਇਹ ਤਾਂ ਗੱਲ ਹੁੰਦੀ ਨਹੀਂ।

ਇਥੇ ਤੁਹਾਨੂੰ ਕਿੰਨਾ ਹੀ ਤਜਰਬਾ ਹੈ, ਭੂਤ-ਭਾਤ ਜ਼ਿਆਦਾ ਹੁੰਦੇ ਨੇ, ਜੀ ਫਲਾਣਾ ਬੋਲ ਰਿਹਾ ਹੈ ਫਲਾਣੇ ਦੇ ਅੰਦਰ। (ਜੇ ਹੈਗਾ, ਤਾਂ ਹੀ ਬੋਲਦਾ ਹੈ, ਫੇਰ ਮਰਿਆ ਤਾਂ ਹੈ ਨਹੀਂ ਨਾ ਉਹ, ਜੀਉਂਦਾ ਹੈ। ਮਹਾਰਾਜ ਜੀ ਕਹਿੰਦੇ ਨੇ -

*ਮਰਣਹਾਰੁ ਇਹੁ ਜੀਅਰਾ ਨਾਹੀ॥ ਅੰਗ- ੧੮੮*

ਇਸ ਤੋਂ ਵੀ ਪਹਿਲਾਂ ਜਦੋਂ ਮਨੁੱਖ ਦੀ ਜੂਨੀ 'ਚ ਆਇਆ ਸੀ, ਇਸ ਤੋਂ ਪਹਿਲਾਂ ਵੀ ਜੀਉਂਦਾ ਸੀ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਜਦ ਅਸੀਂ ਏਸ ਸਰੀਰ ਵਿਚ ਨਹੀਂ ਸੀ ਆਏ, ਅਸੀਂ ਹੇਮਕੁੰਟ ਪਰਬਤ ਤੇ ਬੈਠੇ ਬੜੀ ਭਾਰੀ ਤਪੱਸਿਆ ਕਰਕੇ ਪ੍ਰਮੇਸ਼ਰ ਦੇ ਨਾਲ ਇਕਮਿਕ ਹੋ ਗਏ, ਇਕ ਜੋਤ ਹੋ ਗਏ। ਉਤੋਂ ਮੈਨੂੰ ਪ੍ਰਭੂ ਨੇ ਭੇਜਿਆ ਕਿ ਤੂੰ ਸੰਸਾਰ 'ਚ ਜਾਹ ਕਿਉਂਕਿ ਸੰਸਾਰ ਦੇ ਅੰਦਰ ਵਹਿਮ-ਪ੍ਰਸਤੀ, ਆਦਮੀ ਦੇ ਮੁੱਢਲੇ ਹੱਕ ਕੁਚਲੇ ਗਏ ਸਨ। ਬਹੁਤ ਗਲਤ ਖਿਆਲ ਪੈਦਾ ਹੋ ਗਏ। ਤੂੰ ਜਾ ਕੇ ਉਨ੍ਹਾਂ 'ਚ ਧਰਮ ਦਾ ਪ੍ਰਚਾਰ ਕਰ, ਉਹ ਧਰਮ ਦੇ ਨਾਉਂ ਤੇ ਅਧਰਮ ਦੀਆਂ ਗੱਲਾਂ ਕਰਦੇ ਨੇ। ਕਹਿੰਦੇ ਨੇ ਧਰਮ ਹੈ, ਲੇਕਿਨ ਹੈ ਅਧਰਮ। ਕਿੱਡਾ ਅਧਰਮ ਸੀ, ਵਿਚਾਰ ਕਰੋ।

ਬਾਬਰ ਐਥੇ ਆਉਂਦਾ ਹੈ, ਏਥੇ ਆ ਕੇ ਮਥਰਾ ਦੇ ਉਤੇ ਹਮਲਾ ਕਰ ਦਿਤਾ, ਮੰਦਰ ਢਾਹ ਦਿਤੇ, ਲਾਇਬ੍ਰੇਰੀਆਂ ਸਾੜ ਦਿਤੀਆਂ। ਇਕ ਲੱਖ ਬੰਦਾ ਉਨ੍ਹਾਂ ਪਿੰਡਾਂ ਦਾ, ਬਜ਼ੁਰਗ, ਬੱਚਿਆਂ ਸਮੇਤ ਬੀਬੀਆਂ ਅਤੇ ਜੁਆਨ ਬੰਦੇ ਸਾਰੇ ਹੀ ਫੜ ਲਏ ਤੇ ਬਾਬਰ ਦੇ ਪਾਸ ਗਏ ਕਿ ਮਹਾਰਾਜ! ਇਕ ਲੱਖ ਬੰਦਾ ਫੜਿਆ ਗਿਆ, ਦੱਸੋ ਇਨ੍ਹਾਂ ਨੂੰ ਗੁਲਾਮ ਬਣਾ ਲੈਂਦੇ ਸੀ, ਲੜਕੀਆ ਜਿਹੜੀਆਂ ਸੁੰਦਰ ਹੁੰਦੀਆਂ, ਉਨ੍ਹਾਂ ਨੂੰ ਪਿਛੇ ਭੇਜ ਦਿੰਦੇ ਸੀ। ਉਹ ਅਫ਼ਗਾਨਿਸਤਾਨ 'ਚ ਜਾ ਕੇ, ਓਸ ਤੋਂ ਵੀ ਪਰ੍ਹੇ ਇਰਾਨ ਵਿਚ ਜਾ ਕੇ, ਤਾਸ਼ਕੰਦ ਵਿਚ ਜਾ ਕੇ ਉਨ੍ਹਾਂ ਦੀ ਵਿਕਰੀ ਕਰਨ ਲਈ ਬੋਲੀ ਹੁੰਦੀ ਸੀ, ਨਿਲਾਮੀ ਹੋਇਆ ਕਰਦੀ ਸੀ। ਨਿਲਾਮੀ ਦੇਣ ਵਾਲੇ ਇਕੱਠੇ ਹੋ ਜਾਂਦੇ ਸੀ - ਹਜ਼ਾਰਾਂ ਬੰਦੇ। ਉਹ ਛਾਂਟ-ਛਾਂਟ ਕੇ ਬੜੀਆਂ ਸਸਤੀਆਂ, ਥੋੜ੍ਹੇ-ਥੋੜ੍ਹੇ ਪੈਸਿਆਂ ਨੂੰ ਐਂ ਸਮਝ ਲਓ ਅੱਜਕਲ੍ਹ ਦੇ ਦੋ-ਦੋ ਸੌ, ਤਿੰਨ-ਤਿੰਨ ਸੌ ਰੁਪਈਏ 'ਚ, ਉਨ੍ਹਾਂ ਲੜਕੀਆਂ ਨੂੰ ਮੁੱਲ ਲੈ ਲੈਣਾ ਤੇ ਉਨ੍ਹਾਂ ਦਾ ਨਾਂ ਕੋਈ ਦੀਨ, ਨਾ ਕੋਈ ਧਰਮ, ਉਨ੍ਹਾਂ ਦੀ ਔਲਾਦ ਜਿਹੜੀ ਨਜਾਇਜ਼ ਹੁੰਦੀ ਸੀ, ਉਹਦਾ ਨਾ ਕੋਈ ਹੱਕ। ਉਹ ਚੀਜ਼ਾਂ ਨੂੰ ਧਰਮ ਗਿਣਿਆ ਜਾਂਦਾ ਸੀ ਤੇ ਪੁੱਛਿਆ ਬਾਬਰ ਨੂੰ ਕਿ ਮਹਾਰਾਜ! ਕੀ ਹੁਕਮ ਹੈ, ਇਕ ਲੱਖ ਬੰਦਾ ਅਸੀਂ ਕੈਦ ਕਰ ਲਿਆ। ਕਹਿਣ ਲੱਗਿਆ, ਅੱਜ ਮੈਂ ਅੱਲਾਹ ਤਾਲਾ ਨੂੰ ਖੁਸ਼ ਕਰਨਾ ਚਾਹੁੰਦਾ ਹਾਂ। ਲਾਇਨਾਂ ਲਾ ਲਓ, ਅੱਡੇ ਲਾ ਲਓ ਤੇ ਮੈਂ

ਇਹ ਦੇਖਣਾ ਚਾਹੁੰਦਾ ਹਾਂ ਕਿ ਸੂਰਜ ਚੜ੍ਹੇ ਤੋਂ ਲੈ ਕੇ ਸੂਰਜ ਛਿਪੇ ਤੱਕ ਇਹ ਇਕ ਲੱਖ ਬੰਦਾ ਮੇਰੀਆਂ ਅੱਖਾਂ ਦੇ ਸਾਮ੍ਹਣੇ ਮਾਰ ਦਿਤਾ ਜਾਵੇ। ਲਾਈਨਾਂ ਲੱਗ ਗਈਆਂ, ਬਹੁਤ ਜ਼ਿਆਦਾ ਮਾਰਨ ਵਾਲੇ ਆ ਗਏ; ਗਰਦਨ ਧਰਾਉਂਦੇ ਨੇ, ਲੱਕੜੀ ਤੇ, ਉਤੋਂ ਕੱਟੀ ਜਾਂਦੇ ਨੇ, ਧਰਾਉਂਦੇ ਨੇ ਕੱਟੀ ਜਾਂਦੇ ਨੇ। ਦੂਜੇ ਜਿਹੜੇ ਨੇ ਖਿੱਚ ਕੇ ਪਰ੍ਹੇ ਨੂੰ ਕਰ ਦਿੰਦੇ ਨੇ। ਬਾਬਰ ਨੇ ਤੋਜ਼ਕਿ ਬਾਬਰੀ 'ਚ ਆਪਣੇ ਹੱਥ ਨਾਲ ਲਿਖਿਆ ਹੈ ਕਿ ਇਹ ਕਾਫ਼ਰਾਂ ਨੂੰ ਮਾਰਦੇ-ਮਾਰਦੇ ਖ਼ੂਨ ਐਨਾ ਉਚਾ ਹੋ ਗਿਆ ਕਿ ਮੈਂ ਆਪਣਾ ਤੰਬੂ ਤਿੰਨ ਵਾਰ ਬਦਲਿਆ। ਹੁਣ ਤੁਸੀਂ ਵਿਚਾਰੋ ਕਿ ਇਹ ਧਰਮ ਹੈ ਕਿ ਅਧਰਮ ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਆਉਂਦਾ ਹੈ, ਕਹਿੰਦੇ ਨੇ ਪ੍ਰੇਮੀਓਂ! ਮਨੁੱਖ ਦਾ ਮਾਰਨਾ ਤਾਂ ਕਿਤੇ ਰਿਹਾ, ਤੁਸੀਂ ਜੀਵ ਜੰਤੂ ਵੀ ਨਾ ਮਾਰੋ। ਆਪਣੇ ਖਾਣ ਵਾਸਤੇ ਨਾ ਮਾਰੋ, ਤੁਹਾਨੂੰ ਪ੍ਰਮੇਸ਼ਰ ਨੇ ਬੜਾ ਕੁਝ ਦਿਤਾ ਹੋਇਆ ਹੈ - ਖਾਣ ਵਾਸਤੇ। ਜੇ ਤੁਸੀਂ ਜੀਵਾਂ ਨੂੰ ਮਾਰ ਕੇ ਖਾਨੇ ਓਂ -

*ਜੀਅ ਬਧਹੁ ਸੁ ਧਰਮੁ ਕਰਿ ਥਾਪਹੁ......॥*

*ਅੰਗ - ੧੧੦੩*

ਤੁਸੀਂ ਕਹਿੰਦੇ ਓ ਧਰਮ ਐ - ਜੀਵਾਂ ਨੂੰ ਮਾਰਨਾਂ -

*.......ਅਧਰਮੁ ਕਹਹੁ ਕਤ ਭਾਈ॥ ਅੰਗ - ੧੧੦੩*

ਫੇਰ ਕਿਹੜੀ ਚੀਜ਼ ਦਾ ਨਾਮ ਤੁਸੀਂ ਅਧਰਮ ਰੱਖੋਂਗੇ?

*ਆਪਸ ਕਉ ਮੁਨਿਵਰ ਕਰਿ ਥਾਪਹੁ.....॥ ਅੰਗ - ੧੧੦੩*

ਫੇਰ ਤੁਸੀਂ ਕਹਿੰਦੇ ਓਂ ਅਸੀਂ ਬੜੇ ਮੁਨੀ ਹਾਂ, ਬੜੇ ਪਾਰਸ ਹਾਂ, ਬੜੇ ਵਧੀਆ ਸਿੰਘ ਹਾਂ ਫੇਰ -

*...........ਕਾ ਕਉ ਕਹਹੁ ਕਸਾਈ॥ ਅੰਗ- ੧੧੦੩*

ਫੇਰ ਕਸਾਈ ਕੀਹਨੂੰ ਕਹੋਂਗੇ ਤੁਸੀਂ? ਸਿੱਖ ਧਰਮ ਦੇ ਵਿਚ ਇਹ ਗੱਲਾਂ ਨਹੀਂ ਹਨ। ਸਿੱਖ ਧਰਮ ਦੇ ਵਿਚ ਹੈ ਕਿ ਜੀਉਂਦੇ ਰਹੋ ਤੇ ਦੂਸਰਿਆਂ ਨੂੰ ਵੀ ਜੀਉਣ ਦਾ ਹੱਕ ਦੇਵੋ। ਜਿੰਨੀ ਦੇਰ ਤਕ ਤੁਸੀਂ ਕਿਸੇ ਨੂੰ ਜੀਵਨ ਨਹੀਂ ਦੇ ਸਕਦੇ, ਕਿਸੇ ਜੀਵ ਨੂੰ ਖਾਣ ਦਾ ਵੀ ਕੋਈ ਹੱਕ ਨਹੀਂ ਹੈ ਤੇ ਗੁਰੂ ਮਹਾਰਾਜ ਕਹਿੰਦੇ ਨੇ -

*ਕਬੀਰ ਖੂਬੁ ਖਾਨਾ ਖੀਚਰੀ*
*ਜਾ ਮਹਿ ਅੰਮ੍ਰਿਤੁ ਲੋਨੁ ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥*

*ਅੰਗ- ੧੩੭੪*

ਹੇਰਾ ਕਹਿੰਦੇ ਨੇ ਸ਼ਿਕਾਰ ਖੇਲ੍ਹ ਕੇ, ਮਾਰ ਕੇ ਜੀਵ ਲਿਆ ਕੇ ਉਹਨੂੰ ਰਿੰਨ੍ਹ ਕੇ ਖਾਣਾ। ਮਹਾਰਾਜ ਕਹਿੰਦੇ ਨੇ ਪ੍ਰੇਮੀਓਂ! ਆਹ ਜਿਹੜੀ ਸੁਖਾਲੀ ਜਿਹੀ ਰੋਟੀ ਹੈ ਨਾ ਸਾਡੀ, ਇਹਦੇ ਨਾਲ ਦੀ ਦੁਨੀਆਂ 'ਚ ਕੋਈ ਚੀਜ਼ ਨਹੀਂ। ਇਹ ਸਤੋ ਗੁਣ ਪੈਦਾ ਕਰਦੀ ਹੈ, ਇਹ ਧਰਮ ਵੱਲ ਨੂੰ ਪ੍ਰੇਰਦੀ ਹੈ, ਇਹਦੇ ਵਿਚ ਦਇਆ ਹੈ। ਜੇ ਤੁਸੀਂ ਦਇਆ ਦਾ ਸਾਥ ਛੱਡ ਦਿਤਾ, ਧਰਮ ਨਹੀਂ ਆਉਣਾ ਤੁਹਾਡੀ ਜ਼ਿੰਦਗੀ ਦੇ ਅੰਦਰ। ਦਇਆ ਜਿਹੜੀ ਹੈ ਮਹਾਰਾਜ ਫੁਰਮਾਨ ਕਰਦੇ ਨੇ, ਰੋਜ਼ ਪੜ੍ਹਦੇ ਹਾਂ -

***'ਧੌਲੁ ਧਰਮੁ'*** ਅਗਾਂਹਾਂ ਕੀ ਹੈ ਕਹਿੰਦੇ ***'ਦਇਆ ਕਾ ਪੂਤੁ ॥'*** (ਅੰਗ-3) ਉਹ ਤਾਂ ਪੁੱਤਰ ਹੀ ਦਇਆ ਦਾ ਹੈ। ਜੇ ਦਇਆ ਹੀ ਨਿਕਲ ਗਈ ਹਿਰਦੇ 'ਚੋਂ, ਫੇਰ ਬਾਕੀ ਕੀ ਰਹਿ ਗਿਆ? ਫੇਰ ਤਾਂ ਕੁਛ ਵੀ ਨਾ ਰਿਹਾ।

ਸੋ ਇਨ੍ਹਾਂ ਧਰਮਾਂ ਦੇ ਵਿਚ ਵਿਸ਼ਵਾਸ਼ ਸੀ ਕਿ ਇਕ ਲੱਖ ਬੰਦਾ ਮਾਰਨ ਤੋਂ ਬਾਦ ਇਹ ਖਿਆਲ ਕਰਨਾ ਕਿ ਮੇਰੇ ਉਤੇ ਹੁਣ ਅੱਲਾਹ ਤਾਲਾ ਖੁਸ਼ ਹੋ ਜਾਏਗਾ, ਉਹਦੇ ਤੌਜ਼ਕਿ ਬਾਬਰੀ 'ਚ ਲਿਖਿਆ ਹੋਇਆ ਮਿਲਦਾ ਹੈ ਕਿ ਅੱਜ ਮੈਂ ਐਨਾ ਪ੍ਰਸੰਨ ਹਾਂ ਕਿ ਮੇਰੇ ਉਤੇ ਅੱਲਾ ਖੁਸ਼ ਹੋ ਗਿਆ। ਬੱਚਿਆਂ ਨੂੰ ਮਾਰ ਕੇ, ਗੋਦੀ ਦੇ ਬੱਚਿਆਂ ਨੂੰ ਮਾਰ ਕੇ, ਬਿਰਧਾਂ ਨੂੰ ਮਾਰ ਕੇ, ਬੀਬੀਆਂ ਦੇ ਗਲ ਵੱਢ-ਵੱਢ ਕੇ, ਭਾਈਆਂ ਨੂੰ, ਜੁਆਨਾਂ ਨੂੰ ਮਾਰ ਕੇ, ਸਾਰੇ ਇਲਾਕੇ ਨੂੰ ਉਜਾੜ ਕੇ ਪ੍ਰਸੰਨ ਕਿਸ ਗੱਲ ਦੇ ਉਤੇ ਹੈ ਕਿ ਮੈਂ ਅੱਜ ਦੂਸਰੇ ਧਰਮ ਦੇ ਬੰਦੇ ਮਾਰ ਦਿਤੇ, ਇਹਨੂੰ ਅਸੀਂ ਧਰਮ ਕਹਿੰਦੇ ਹਾਂ।

ਅਕਾਲ ਪੁਰਖ ਕਹਿਣ ਲੱਗੇ, ਤੁਸੀਂ ਜਾਓ, ਲੋਕਾਂ ਨੂੰ ਕੁਬੁੱਧ ਕਰਨ ਤੋਂ ਹਟਾਓ, ਕੁਬੁੱਧੀ ਹੋ ਰਹੀ ਹੈ - ਧਰਮ ਦੇ ਨਾਂ ਦੇ ਉਤੇ। ਸੋ ਮਹਾਰਾਜ ਕਹਿੰਦੇ ਅਸੀਂ ਆਏ ਹੀ ਏਸ ਕਰਕੇ ਹਾਂ -

*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨਮੰ॥ (ਬਚਿਤ੍ਰ ਨਾਟਕ)*

ਸਮਝ ਲਓ ਅਸੀਂ ਧਰਮ ਨੂੰ ਉਭਾਰਨ ਵਾਸਤੇ, ਸਾਧੂਆਂ ਦਾ ਜੋ ਜੀਵਨ ਹੈ, ਜੋ ਸਾਧੂਆਂ ਦਾ ਰਸਤਾ ਹੈ, ਉਹਨੂੰ ਅਸੀਂ ਚਲਾਉਣ ਵਾਸਤੇ ਆਏ ਹਾਂ।

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-25)***

ਸੰਤ ਕਦੇ ਵੀ ਸੁਣੀ ਸੁਣਾਈ ਗੱਲ ਨਹੀਂ ਕਹਿੰਦੇ–

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥* *ਅੰਗ- ੮੯੪*

ਜਿਹੜੀ ਅੱਖਾਂ ਨਾਲ ਦੇਖੀ ਗੱਲ ਕਹਿੰਦੇ ਨੇ ਉਹ ਸਾਨੂੰ ਦਸਦੇ ਨੇ। ਹੁਣ ਸਾਡਾ ਫਰਜ਼ ਕੀ ਬਣਦੈ? ਅਸੀਂ ਤਾਂ ਅੰਨ੍ਹੇ ਹਾਂ, ਅੰਨ੍ਹੇ ਨੂੰ ਜੇ ਕੋਈ ਦਸ ਦੇਵੇ ਕਿ ਤੇਰੇ ਮੂਹਰੇ ਟੋਆ ਆਉਣਾ ਹੈ। ਸੜਕ ਏਧਰਲੇ ਪਾਸੇ ਹੈ, ਜੇ ਤਾਂ ਮੰਨ ਲਵੇ ਗੱਲ ਫੇਰ ਤਾਂ ਠੀਕ ਹੈ, ਨਹੀਂ ਤਾਂ ਟੋਏ ਵਿਚ ਜ਼ਰੂਰ ਗਿਰੇਗਾ। ਸਾਡਾ ਫਰਜ਼ ਹੁੰਦੈ ਕਿ ਅਸੀਂ ਟੋਇਆਂ 'ਚ ਗਿਰਨ ਲਈ ਨਵੇਂ ਤਜਰਬੇ ਨਾ ਕਰੀਏ, ਅਸੀਂ ਗੁਰੂ ਦੀ ਬਾਤ ਮੰਨ ਕੇ ਜਿਵੇਂ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ, ਉਸੇ ਤਰ੍ਹਾਂ ਨਾਲ ਅਸੀਂ ਕਰੀਏ –

*ਧਾਰਨਾ – ਈਹਾ ਖਾਟ ਚਲਹੁ ਹਰਿ ਲਾਹਾ,*
*ਆਗੈ ਬਸਨ ਸੁਹੇਲਾ ਜੀ।*

ਸੋ ਸਾਰੀ ਗੱਲ ਸਿਆਣਾ ਪੁਰਸ਼ ਇਹ ਸੋਚਦਾ ਹੈ ਕਿ ਸੰਸਾਰ 'ਤੇ ਤਾਂ ਰਹਿਣਾ ਨਹੀਂ, ਜ਼ਰੂਰ ਕਿਤੇ ਨਾ ਕਿਤੇ ਜਾਣਾ ਹੈ। ਜੇ ਮੈਨੂੰ ਨਹੀਂ ਪਤਾ, ਤਾਂ ਗੁਰੂ ਮਹਾਰਾਜ ਤੋਂ ਪੁੱਛ ਲਓ। ਗੁਰੂ ਜੀ ਦਸਦੇ ਨੇ ਕਿ ਪ੍ਰੇਮੀਆਂ! ਤੂੰ ਇਥੇ ਰਹਿਣਾ ਨਹੀਂ। ਪ੍ਰੇਮੀਆਂ, ਜਿਥੇ ਰਹਿਣਾ ਹੈ, ਉਥੇ ਦਾ ਥਾਂ ਸੰਵਾਰ ਤੂੰ। ਜੇ ਉਹ ਜਗ੍ਹਾ ਨਹੀਂ ਸੰਵਾਰਦਾ, ਫੇਰ ਤੇਰੇ ਨਾਲੋਂ ਵੱਡਾ ਮੂਰਖ ਕੋਈ ਨਹੀਂ –

*ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥*
*ਅੰਗ – ੨੦੫*

ਮਹਾਰਾਜ ਕਹਿੰਦੇ, ਮੇਰੇ ਪਿਆਰੇ ਮਿੱਤਰੋ! ਮੇਰੀ ਬੇਨਤੀ ਸੁਣ ਲਓ, ਤੁਹਾਡਾ ਜਿਹੜਾ ਜਨਮ ਹੈ ਨਾ ਇਹ ਗੁਰੂ ਦੀ ਸੇਵਾ ਕਰਨ ਵਾਸਤੇ ਹੈ। ਕਿਉਂਕਿ ਗੁਰੂ ਕੋਲ ਨਾਮ ਹੁੰਦੈ। ਨਾਮ ਜਿਹੜਾ ਹੈ, ਉਹਦਾ ਕੋਈ ਮੁੱਲ ਨਹੀਂ ਹੁੰਦਾ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ ਅੰਗ – ੮੧*

*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥*
*ਅੰਗ – ੪੦*

ਜੇ ਗੁਰੂ ਦੀ ਸੇਵਾ ਕਰ ਲਓ ਉਹਦੇ ਕੋਲ ਰਤਨ ਹੈ, ਅਮੁੱਲ ਜਿਹੜਾ ਤੁਹਾਨੂੰ ਉਹ ਦੇ ਦੇਵੇਗਾ –

*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥*
*ਅੰਗ- ੨੦੫*

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥* *ਅੰਗ – ੨੫੨*

ਸਭ ਆਦਰ ਦੇਣਗੇ। ਸੋ ਇਸ ਤਰ੍ਹਾਂ ਲਾਹਾ ਖੱਟਣ ਵਾਸਤੇ ਆਏ ਹਾਂ, ਦਰਗਾਹ ਹੈ ਸਾਧਸੰਗਤ ਜੀ।

ਇਕ ਵਾਰੀ ਮੈਂ ਮਹਾਰਾਜ ਜੀ ਦੇ ਕੋਲ ਰਾੜਾ ਸਾਹਿਬ ਗਿਆ, ਯੂ.ਪੀ ਤੋਂ ਆਇਆ ਸੀ। ਮੁੜਦੇ ਹੋਏ ਮੇਰਾ ਖਿਆਲ ਹੋਇਆ ਕਿ ਪਿੰਡ ਵਲ ਦੀ ਹੋ ਚੱਲੀਏ। ਉਥੇ ਮੈਂ ਬੱਸ ਦਾ ਇੰਤਜ਼ਾਰ ਕਰਦਾ ਸੀ, ਟਾਹਲੀ ਥੱਲੇ ਖੜ੍ਹ। ਉਥੇ ਹੀ ਇਕ ਪ੍ਰੇਮੀ ਪਿਆ ਸੀ ਮੰਜੇ ਦੇ ਉਤੇ। ਉਹ ਮੈਨੂੰ ਦੇਖ ਕੇ ਉੱਠ ਕੇ ਬੈਠ ਗਿਆ। ਮੈਨੂੰ ਕਹਿਣ ਲੱਗਿਆ ਕਿ ਕਿੱਥੋਂ ਆਇਆ ਹੈਂ? ਮੈਂ ਕਿਹਾ ਕਿ ਰਾੜਾ ਸਾਹਿਬ ਤੋਂ ਆਇਆ ਹਾਂ। ਐਨੀ ਗੱਲ ਸੁਣਦੇ ਹੀ ਰੋਣ ਲਗ ਗਿਆ, ਹਿੰਦੂ ਜੈਂਟਲਮੈਨ ਸੀ। ਅਮਰ ਨਾਥ ਨਾਮ ਸੀ ਉਹਦਾ। ਮੈਂ ਕਿਹਾ, ਕੀ ਗੱਲ ਤੂੰ ਕਿਉਂ ਰੋਣ ਲਗ ਗਿਆ? ਕਹਿੰਦਾ, ਉਹ ਤਾਂ ਭਗਵਾਨ ਨੇ, ਆਪ ਭਗਵਾਨ ਕੇ ਪਾਸ ਸੇ ਆਏ ਹੋ। ਮੈਂ ਕਿਹਾ, ਤੈਨੂੰ ਵੀ ਕੁਛ ਪਤਾ ਲੱਗਿਆ? ਕਹਿੰਦਾ, ਮੈਂ ਮਰ ਗਿਆ ਸੀਗਾ। ਬਿਮਾਰ ਸੀ ਬਹੁਤ। ਕਹਿੰਦਾ, ਕੋਈ ਇਲਾਜ ਨਾ ਹੋਇਆ ਮੇਰਾ। ਅਖੀਰ ਮੈਂ ਮਰ ਗਿਆ। ਮਰਿਆ ਹੋਇਆ, ਕਹਿੰਦਾ, ਮੈਨੂੰ ਪਤਾ ਹੀ ਨਹੀਂ ਸੀ ਕਿਸੇ ਚੀਜ਼ ਦਾ। ਜਮਦੂਤਾਂ ਨੇ ਮੈਨੂੰ ਆ ਕੇ ਫੜ ਲਿਆ। ਉਹ ਲਈ ਜਾਂਦੇ ਨੇ। ਮੈਂ ਮਿੰਨਤਾਂ ਕਰਦਾ ਹਾਂ। ਜਦੋਂ ਮੈਂ ਭਿਆਨਕ ਸ਼ਕਲਾਂ ਦੇਖੀਆਂ ਮੈਂ ਬਹੁਤ ਡਰ ਗਿਆ। ਬੜੀਆਂ ਮਿੰਨਤਾਂ ਮੈਂ ਕਰੀਆਂ ਕਿ ਮੈਨੂੰ ਕੋਈ ਛੁਡਾ ਦਿਓ। ਕਹਿੰਦਾ, ਮੇਰੇ ਧਿਆਨ ਵਿਚ ਆ ਗਿਆ ਕਿ ਜਦੋਂ ਮੈਂ ਸਹੁਰਿਆਂ ਨੂੰ ਜਾਂਦਾ ਸੀ, ਘਣਕਸਾਂ ਸੀ ਉਹਦੇ ਸਹੁਰੇ। ਕਿ ਜਿਉਂ ਮੈਂ ਸਹੁਰਿਆਂ ਨੂੰ ਜਾਂਦਾ ਹੁੰਦਾ ਤਾਂ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਕੇ ਜਾਂਦਾ ਹੁੰਦਾ ਸੀ। ਕੁਰਸੀ ਲੱਗੀ

ਹੁੰਦੀ ਮਹਾਰਾਜ ਜੀ ਦੀ, ਰਾੜਾ ਸਾਹਿਬ ਦੇ ਵਿਚੀਂ ਰਸਤਾ ਲੰਘਦਾ ਹੁੰਦਾ ਸੀ। ਰਾਹੀ ਜਾਂਦੇ ਹੁੰਦੇ ਤਾਂ ਉਹਨਾਂ ਨੇ ਨਮਸ਼ਕਾਰ ਕਰਕੇ ਹੀ ਜਾਣਾ। ਕਹਿੰਦਾ, ਮੈਂ ਨਮਸ਼ਕਾਰ ਵੀ ਕਰਨੀ, ਉਹਨਾਂ ਨੇ ਕਈ ਬਚਨ ਵੀ ਕਰਨੇ। ਮੈਂ ਕਿਹਾ, ਹੋਵੇ ਨਾ ਤਾਂ ਮੈਂ ਉਹਨਾਂ ਦੀ ਆਰਾਧਣਾ ਕਰਾਂ? ਜਦੋਂ ਮੈਂ ਆਰਾਧਣਾ ਕਰੀ ਕਿ ਮਹਾਂਪੁਰਸ਼ੋ ਮੈਨੂੰ ਛੁਡਾ ਲਓ, ਮੈਂ ਬੁਰਾ ਫਸ ਗਿਆ। ਮੈਨੂੰ ਨਹੀਂ ਸੀ ਪਤਾ ਕਿ ਮੇਰੇ ਨਾਲ ਆ ਵੀ ਭਾਣਾ ਵਰਤਣਾ ਹੈ। ਮਰ ਕੇ ਇਸ ਤਰ੍ਹਾਂ ਹੁੰਦੈ, ਮੈਨੂੰ ਤਾਂ ਪਤਾ ਨਹੀਂ ਸੀ, ਸਾਨੂੰ ਤਾਂ ਦਸਿਆ ਹੀ ਨਹੀਂ ਕਿਸੇ ਨੇ, ਨਾ ਅਸੀਂ ਮੰਨਿਆ ਜੇ ਕਿਸੇ ਨੇ ਦਸਿਆ ਵੀ ਹੋਵੇ। ਕਹਿੰਦਾ, ਉਸੇ ਵੇਲੇ ਮਹਾਂਪੁਰਸ਼ ਆ ਗਏ। ਆ ਕੇ ਜਮਦੂਤਾਂ ਨੂੰ ਕਹਿਣ ਲੱਗੇ, ਇਹਨੂੰ ਕਿੱਥੇ ਲਈਂ ਜਾਂਦੇ ਹੋਂ? ਕਹਿੰਦੇ, ਮਹਾਰਾਜ! ਇਹਨੂੰ ਧਰਮਰਾਜ ਦੇ ਲੈ ਕੇ ਜਾਣਾ ਹੈ, ਇਹਨੇ ਕੋਈ ਗੁਰੂ ਨਹੀਂ ਧਾਰਨ ਕਰਿਆ, ਨਿਗੁਰਾ ਪੁਰਸ਼ ਹੈ। ਕਹਿਣ ਲੱਗੇ, ਨਹੀਂ ਇਹਨੂੰ ਛੱਡ ਦਿਓ। ਇਹਦੀ ਤਾਂ 7 ਸਾਲ ਹੋਰ ਉਮਰ ਰਹਿੰਦੀ ਹੈ ਅਜੇ। ਤੁਸੀਂ ਧਰਮਰਾਜ ਨੂੰ ਪੁੱਛ ਲਿਓ ਜਾ ਕੇ। ਕਹਿੰਦਾ, ਮਹਾਂਪੁਰਸ਼ਾਂ ਦਾ ਐਡਾ ਪ੍ਰਤਾਪ ਸੀ ਕਿ ਜਮ ਵੀ ਡਰ ਗਏ ਦੇਖ ਕੇ। ਕਹਿੰਦਾ ਉਸੇ ਵੇਲੇ ਮੈਨੂੰ ਛੱਡ ਗਏ ਤੇ ਮੈਂ ਕਿਹਾ ਮਹਾਰਾਜ! ਮੈਂ ਸਾਰੀ ਜਾਇਦਾਦ ਆਪ ਦੇ ਚਰਨਾਂ 'ਤੇ ਮੱਥਾਂ ਟੇਕਦਾ ਹਾਂ। ਕਹਿੰਦਾ, ਅਰਥੀ 'ਤੇ ਪਿਆ ਸੀ, ਮੇਰਾ ਪੈਰ ਹਿੱਲ ਗਿਆ। ਹੌਲੀ-ਹੌਲੀ ਕਹਿੰਦਾ, ਮੇਰੇ ਵਿਚ ਜਾਨ ਪੈ ਗਈ, ਮੈਂ ਉੱਠ ਕੇ ਬਹਿ ਗਿਆ। ਰੋਂਦੇ-ਰੋਂਦੇ ਸਭ ਚੁੱਪ ਕਰ ਗਏ। ਮੇਰੀ ਘਰਵਾਲੀ ਮੇਰੇ ਕੋਲ ਆਈ ਕਹਿਣ ਲੱਗੀ, ਕਿਵੇਂ ਹੈ? ਮੈਂ ਕਿਹਾ, ਹਾਂ ਤਾਂ ਮੈਂ ਠੀਕ, ਪਰ ਇਕ ਗੱਲ ਸੁਣ ਲੈ। ਮੈਂ ਤਾਂ ਸਾਰੀ ਜਾਇਦਾਦ ਰਾੜੇ ਵਾਲੇ ਮਹਾਂਪੁਰਸ਼ਾਂ ਨੂੰ ਮੱਥਾ ਟੇਕ ਆਇਆ। ਜੇ ਤਾਂ ਹੈਗਾ ਠੀਕ, ਨਹੀਂ ਤਾਂ ਮੈਂ ਪੈ ਜਾਂਦਾ। ਉਹਨਾਂ ਕਹਿ ਦਿੰਦਾ ਕਿ ਮਹਾਰਾਜ! ਮੈਨੂੰ ਨਾ ਰੋਕੋ। ਜਾਣ ਦਿਓ। ਉਹ ਕਹਿੰਦੀ, ਤੇਰੇ ਨਾਲੋਂ ਜਾਇਦਾਦ ਚੰਗੀ ਹੈ? ਉਹ ਜਦੋਂ ਰਾਜ਼ੀ ਹੋ ਗਿਆ, ਮਹੀਨਾ ਡੇਢ ਹੋ ਗਿਆ। ਕਹਿੰਦਾ, ਫੇਰ ਮੈਂ ਰਾੜਾ ਸਾਹਿਬ ਗਿਆ, ਉਥੇ ਜਾ ਕੇ ਮਹਾਰਾਜ ਜੀ ਦਰਸ਼ਨ ਕੀਤੇ। ਮੈਂ ਸਾਰੀ ਵਿਥਿਆ ਦੱਸੀ ਕਿ ਮਹਾਰਾਜ ਮੈਂ ਜਾਇਦਾਦ ਸਾਰੀ ਆਪ ਦੇ ਚਰਨਾਂ 'ਚ ਭੇਟਾ ਕਰ ਦਿਤੀ, ਸਾਡੇ ਖੂਹ ਨਾਲ ਖੂਹ ਲਗਦਾ ਸੀ, ਵੱਟ ਨਾਲ ਵੱਟ ਲਗਦੀ ਸੀ। ਉਹਦਾ ਬਾਗ ਲਾਇਆ ਹੋਇਆ ਸੀ 20-25 ਵਿੱਘੇ ਦਾ। ਬਹੁਤ ਸੋਹਣਾ ਬਾਗ ਸੀ। ਵਿਚ ਕੋਠੇ ਪਾਏ ਸੀ, ਸਾਧੂ ਮਹਾਂਪੁਰਸ਼ ਜਦੋਂ ਬਰਸਾਤ ਦੇ ਮਹੀਨੇ 'ਚ ਨਾਲੇ ਤਾਂ ਅੰਬ ਚੂਪਿਆ ਕਰਦੇ ਸੀ, ਨਾਲੇ ਉਹਨਾਂ ਕੋਠਿਆਂ 'ਚ ਰਹਿੰਦੇ ਸੀ। ਸਾਡੇ ਖੂਹ 'ਤੇ ਵੀ ਕੋਠਾ ਸੀ। ਉਥੇ ਵੀ ਸਾਧੂ-ਮਹਾਂਪੁਰਸ਼ ਆ ਕੇ ਰਿਹਾ ਕਰਦੇ ਸੀ। ਉਨ੍ਹਾਂ ਦਿਨਾਂ 'ਚ ਸੰਤ ਬਹੁਤ ਉੱਚੇ ਹੋਇਆ ਕਰਦੇ ਸੀ। ਦੂਰ-ਦਰਾਜ਼ ਤੁਰ ਫਿਰ ਕੇ ਪ੍ਰਚਾਰ ਕਰਿਆ ਕਰਦੇ ਸੀ। ਬਾਹਰ ਰਹਿੰਦੇ ਸੀ ਰੋਹੀਆਂ 'ਚ। ਸੋਹਣਾ ਸਵੱਛ ਥਾਂ ਖੂਹ ਹੋਵੇ ਲੱਗਿਆ ਹੋਇਆ। ਹਲਟੀ ਹੋਵੇ, ਇਸ਼ਨਾਨ ਕਰਨ ਕੁੰਡਾ ਬਣੀਆਂ ਹੋਣ, ਉਥੇ ਸੰਤ ਟਿਕ ਜਾਇਆ ਕਰਦੇ ਸੀ। ਫੇਰ ਉਥੇ ਸਤਿਸੰਗ ਕਰਿਆ ਕਰਦੇ ਸੀ ਬੈਠ ਕੇ। ਪਿੰਡਾਂ ਦੇ ਲੋਕ ਉਥੇ ਰਾਸ਼ਨ ਲਿਆ ਕੇ ਲੰਗਰ ਚਲਾਇਆ ਕਰਦੇ ਸੀ ਤੇ ਫੇਰ ਉਹਨਾਂ ਦੇ ਬਚਨ ਸੁਣਿਆ ਕਰਦੇ ਸੀ। ਮੰਡਲੇਸ਼ਵਰ ਕਹਿੰਦੇ ਸੀ ਉਹਨਾਂ ਨੂੰ। ਉਹ ਸਾਰੇ ਭਾਰਤ ਵਰਸ਼ ਵਿਚ ਮੰਡਲੀਆਂ ਫੇਰਿਆ ਕਰਦੇ ਸੀ। ਉਹਨਾਂ ਦਿਨਾਂ 'ਚ ਇਹ ਨਹੀਂ ਸੀਗਾ-ਹਿੰਦੂ ਸੰਤ ਆਉਂਦੇ ਸੀ, ਪਰਮਹੰਸ ਆਉਂਦੇ ਸੀ ਸਭ ਦੇ ਬਚਨ ਇਕੱਠੇ ਹੋ ਕੇ ਸੁਣਦੇ ਸੀ। ਕਿਉਂਕਿ ਸੰਤ ਦੀ ਕੋਈ ਜਾਤ ਨਹੀਂ ਹੁੰਦੀ। ਜਾਤ-ਪਾਤ ਦੀਆਂ ਹੱਦਾਂ ਤੋਂ ਸੰਤ ਉਪਰ ਲੰਘ ਗਿਆ ਹੁੰਦੈ। ਹੱਦ-ਬੇਹੱਦ ਦੋਵੇਂ ਟੱਪੇ ਹੁੰਦੇ ਨੇ ਉਹ।

ਸੋ ਉਹ ਕਹਿਣ ਲੱਗਿਆ, ਮਹਾਰਾਜ! ਇਸ ਤਰ੍ਹਾਂ ਮਕਾਨ ਵੀ ਬਣਿਆ ਹੋਇਆ ਹੈ। ਪੌੜੀਆਂ ਲੱਗੀਆਂ ਹੋਈਆਂ ਨੇ। ਕੋਠੇ 'ਤੇ ਵੀ ਬੰਦਾ ਆਰਾਮ ਨਾਲ ਬੈਠ ਸਕਦਾ ਹੈ। ਬਹੁਤ ਸੋਹਣਾ ਹੈ, ਮੈਂ ਸਾਰਾ ਹੀ ਆਪ ਦੇ ਚਰਨਾਂ ਵਿਚ ਭੇਟਾ ਕਰਦਾ ਹਾਂ। ਮਹਾਰਾਜ ਕਹਿੰਦੇ, ਕੀ ਕਰਾਂਗੇ? ਉਥੇ ਕੀਹਨੂੰ ਭੇਜਾਂਗੇ? ਕਹਿੰਦਾ, ਮਹਾਰਾਜ! ਹੁਣ ਤਾਂ ਮੈਂ ਸੰਕਲਪ ਕਰ ਦਿਤਾ। ਮਹਾਰਾਜ ਜੀ ਕਹਿਣ ਲੱਗੇ, ਛੋਟੇ ਸੰਤਾਂ ਕੋਲ ਚਲਿਆ ਜਾਹ। ਛੋਟੇ ਮਹਾਰਾਜ ਸੰਤ ਕਿਸ਼ਨ ਜੀ ਕੋਲ ਆ ਗਿਆ। ਉਥੇ ਆ ਕੇ ਸਾਰੀ ਵਿਥਿਆ ਦੱਸੀ। ਸੂਦ ਸੀਗੇ ਉਹ ਕਹਿੰਦੇ, ਲਾਲਾ! ਗੱਲ ਇਸ ਤਰ੍ਹਾਂ ਹੈ ਕਿ ਜਾਂ ਤਾਂ ਤੂੰ ਪਾ ਦੇ ਮੁੱਲ ਜਾਂ ਅਸੀਂ ਪਾ ਦਿੰਦੇ ਹਾਂ। ਜੇ ਸਾਡੇ ਤੋਂ ਮੁੱਲ ਪੁਆਉਣਾ ਹੈ ਫੇਰ ਇਸ ਤਰ੍ਹਾਂ ਨਾ ਕਹੀ ਕਿ ਬਹੁਤਾ ਪਾ ਦਿਤਾ ਜਾਂ ਘੱਟ ਪਾ ਦਿਤਾ। ਉਹ ਕਹਿਣ ਲੱਗਿਆ, ਮਹਾਰਾਜ! ਤੁਸੀਂ ਲੈਣੀ ਹੈ ਜਾਇਦਾਦ। ਤੁਸੀਓਂ ਪਾ ਦਿਓ ਮੁੱਲ। ਮੈਂ ਵੇਚ ਕੇ ਪੈਸੇ ਦੇ ਦੇਵਾਂਗਾ। ਜੇ ਘਟੇ ਮੈਂ ਹੋਰ ਗਹਿਣੇ ਵਗੈਰਾ, ਕਰਜ਼ਾ ਚੁੱਕ ਕੇ ਦੇ ਦੇਵਾਂਗਾ। ਕਹਿੰਦੇ, ਲੈ ਬਈ, ਹੁਣ ਬੋਲੀਂ ਨਾ। ਕਹਿੰਦੇ, ਉਹਦਾ ਮੁੱਲ 2000

ਰੁਪਏ, 25 ਵਿੱਘੇ ਜ਼ਮੀਨ। ਹੁਣ ਤਾਂ 25 ਲੱਖ ਤੋਂ ਵੀ ਉਤੇ ਹੈ। ਉਹ ਚੁੱਪ ਕਰ ਗਿਆ। ਉਥੇ ਕਿਸੇ ਦਾ ਵੀ ਨਾਮ ਨਹੀਂ ਲਿਖਿਆ ਹੋਇਆ ਰਾੜਾ ਸਾਹਿਬ। ਉਹਦਾ ਨਾਉਂ ਲਿਖਿਆ ਹੋਇਐ ਕਿ ਆਹ ਧਮੋਟ ਵਾਲੇ ਅਮਰਨਾਥ ਨੇ ਸੇਵਾ ਕਰਾਈ ਹੈ।

ਸੋ ਇਹ ਹੈ ਕਿ ਜੇ ਤਾਂ ਕੋਈ ਹੈ ਬੇਲੀ ਉਹ ਤਾਂ ਛੁਡਾ ਲੈਂਦਾ ਹੈ। ਜੇ ਬੇਲੀ ਹੀ ਨਹੀਂ ਆਪਣਾ ਕੋਈ ਬਣਾਇਆ, ਫੇਰ ਉਹ ਛੁਡਾਉਂਦਾ ਨਹੀਂ। ਇਹ ਗੱਲਾਂ ਸਾਡੇ ਉਤੇ ਆਉਣੀਆਂ ਨੇ, ਵਾਪਰਨੀਆਂ ਨੇ। ਇਹ ਕਹਾਣੀਆਂ ਨਹੀਂ ਹਨ। ਇਹ ਗੀਤ ਨਹੀਂ ਹੈਗੇ। ਇਹ ਤਾਂ ਸੱਚ ਦੀਆਂ ਬਾਤਾਂ ਨੇ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਇਹ ਜੀਵ ਸਮਝਦਾ ਹੈ ਬਈ ਮੈਂ ਬੜੀਆਂ ਜੂਨਾਂ 'ਚੋਂ ਘੁੰਮ ਕੇ ਆਇਆ ਹਾਂ -

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

ਫੇਰ ਇਹ ਗਰੰਟੀ ਨਹੀਂ ਹੈਗੀ। ਮੈਂ ਬੇਨਤੀ ਜਿਥੋਂ ਕਰਨੀ ਸ਼ੁਰੂ ਕਰੀ ਹੈ ਉਹ ਇਹ ਹੈ ਕਿ ਮਤਾ ਖਿਆਲ ਹੋਵੇ ਕਿ ਅਸੀਂ ਮੁੜ ਕੇ ਮਨੁੱਖ ਬਣ ਜਾਵਾਂਗੇ। ਇਹ ਵਾਹਿਗੁਰੂ ਦੀ ਮੌਜ ਹੈ ਕਿੰਨੇ ਜਨਮ ਮਨੁੱਖ ਦੇ ਹੋਰ ਦਿੰਦੈ। ਜੇ ਤਾਂ ਮਨੁੱਖ ਬਣਨ ਵਾਲਾ ਕੰਮ ਕਰਿਆ, ਫੇਰ ਤਾਂ ਬਣ ਜਾਵਾਂਗੇ। ਜੇ ਨਾ ਕੰਮ ਕਰਿਆ ਫੇਰ ਤਾਂ ਮੁਸ਼ਕਲ ਹੈ, ਇਸ ਤਰ੍ਹਾਂ ਨਾਲ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਬਾਰ-ਬਾਰ ਨਾ ਮਿਲਣੀ*
*ਮਾਨਸ ਦੇਹੀ-ਮਾਨਸ ਦੇਹੀ।*
*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ਅੰਗ - ੧੩੬੬*
*ਫਫਾ ਫਿਰਤ ਫਿਰਤ ਤੂ ਆਇਆ ॥*
*ਦ੍ਰੂਲਭ ਦੇਹ ਕਲਿਜੁਗ ਮਹਿ ਪਾਇਆ ॥*
*ਫਿਰਿ ਇਆ ਅਉਸਰੁ ਚਰੈ ਨ ਹਾਥਾ ॥*
*ਨਾਮੁ ਜਪਹੁ ਤਉ ਕਟੀਅਹਿ ਫਾਸਾ ॥*
*ਫਿਰਿ ਫਿਰਿ ਆਵਨ ਜਾਨੁ ਨ ਹੋਈ ॥*
*ਏਕਹਿ ਏਕ ਜਪਹੁ ਜਪੁ ਸੋਈ ॥*
*ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥*
*ਮੇਲਿ ਲੇਹੁ ਨਾਨਕ* ***ਬੇਚਾਰੇ ॥ ਅੰਗ - ੨੫੯***

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਅੰਗ - ੬੩੧*

ਬਹੁਤ ਯੁੱਗ ਲੰਘ ਗਏ, ਮਾਨਸ ਦੇਹ ਪ੍ਰਾਪਤ ਹੋਈ ਨੂੰ।

*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ - ੬੩੧*

ਤੇਰੀ ਵਾਰੀ ਆ ਗਈ ਪ੍ਰਮੇਸ਼ਰ ਨੂੰ ਮਿਲਣ ਦੀ। ਤੂੰ ਯਾਦ ਨਹੀਂ ਇਹ ਗੱਲ ਰੱਖਦਾ? ਕਿਉਂ ਐਨਾ ਭੁੱਲ ਵਿਚ ਪੈ ਗਿਆ। ਜੋ ਇਥੇ ਅਸੀਂ ਕੀਤਾ ਹੋਇਆ ਹੈ ਸਾਧਸੰਗਤ ਜੀ, ਉਹਦਾ ਅਸੀਂ ਅਵੱਸ਼ ਫਲ ਭੋਗਣਾ ਹੈ।

ਸੋ ਮੈਂ ਬੇਨਤੀ ਕਰਦਾ ਸੀ ਚੰਡੀਗੜ੍ਹ ਵਾਲੀ ਬੀਬੀ ਦੀ ਉਹ ਫੇਰ ਦੱਸਣ ਲੱਗੀ ਕਿ ਮੈਂ ਹੁਣ ਤਾਂ ਲੈ ਕੇ ਜਾਂਦੀ ਹਾਂ। ਇਹਦੇ ਵਿਚ ਸਾਰੀਆਂ ਚੀਜ਼ਾਂ ਨੇ। ਬੀਜ ਰਹੀ ਹਾਂ ਕਿ ਦਰਗਾਹ 'ਚ ਜਾ ਕੇ ਵਧਣਾ ਹੈ। ਮਹਾਰਾਜ ਕਹਿੰਦੇ, ਤੁਸੀਂ ਨਾਮ ਬੀਜ ਲਓ -

*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*
*ਅੰਗ - ੫੯੫*

ਇਸ ਸਰੀਰ ਦੇ ਵਿਚ ਜੇ ਨਾਮ ਬੀਜ ਲਿਆ, ਫੇਰ ਤੋਟਾ ਹੀ ਨਹੀਂ ਆਉਣਾ ਦਰਗਾਹ ਦੇ ਅੰਦਰ, ਐਡਾ ਵੱਡਾ ਸਿੱਕਾ ਹੈ ਇਹ। ਜਿਵੇਂ ਪੌਂਡ ਲੈ ਆਈਏ ਇੰਗਲੈਂਡ ਤੋਂ, ਦਿਨਾਰ ਲੈ ਆਈਏ ਅਰਬ ਕੰਟਰੀਆਂ 'ਚੋਂ। ਬਹੁਤ ਬਣ ਜਾਂਦੇ ਨੇ। ਇਵੇਂ ਨਾਮ ਦਾ ਬੇਪਨਾਹ ਮੁੱਲ ਬਣ ਜਾਂਦਾ ਹੈ ਦਰਗਾਹ ਦੇ ਵਿਚ ਜਾ ਕੇ। ਵਧੀ ਜਾਂਦਾ ਹੈ, ਫੇਰ ਤੋਟਾ ਹੀ ਨਹੀਂ ਆਉਂਦਾ, ਜੇ ਇਥੇ ਨਾਮ ਬੀਜ ਲਈਏ। ਸੋ ਇਹ ਮੌਕਾ ਹੈ ਸਾਧਸੰਗਤ ਜੀ ਬੀਜਣ ਦਾ, ਬੀਜ ਲਓ। ਸੁਚੇਤ ਹੋਵੋ, ਜਿਹੜੀ ਮਾਇਆ ਦੀ ਨੀਂਦ ਪਈ ਹੋਈ ਹੈ, ਇਹਨੂੰ ਲਾਹੋ। ਮਹਾਰਾਜ ਬਾਰ-ਬਾਰ ਤਾਕੀਦ ਕਰਦੇ ਨੇ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥ ਅੰਗ - ੧੧੬੮*

ਛੱਡ ਦੇ ਹਉਮੈ ਵਾਲੀ ਸੁਰਤੀ। ਜੇ ਤੇਰੀ ਸੁਰਤਿ ਨਹੀਂ ਜਾਗਦੀ ਸੰਤਾਂ ਤੋਂ ਪੁੱਛ ਲੈ। ਉਹ ਦਸ ਦੇਣਗੇ। ਹੁਣ ਨਾਮ ਜਪ ਲੈ, ਜੋ ਅੱਗੇ ਤੇਰੇ ਦਰਗਾਹ 'ਚ ਕੰਮ ਆਏਗਾ।

ਇਕ ਵਾਰੀ ਕਬੀਰ ਸਾਹਿਬ ਤੁਰੇ ਜਾਂਦੇ ਨੇ। ਜਾਂਦੇ-ਜਾਂਦੇ ਕੀ ਦੇਖਦੇ ਨੇ ਕਿ ਇਕ ਗ੍ਰਹਿਸਤੀਆਂ ਦਾ ਘਰ ਹੈ। ਉਥੇ ਇਕ ਸੰਨਿਆਸੀ ਸੰਤ ਰਹਿੰਦਾ ਸੀ। ਉਹਦੇ ਬਾਰੇ ਇਹ ਮਸ਼ਹੂਰ ਸੀ ਕਿ ਉਹਦੀ ਦਸਵੇਂ ਦੁਆਰ 'ਚ ਸੁਰਤ ਚੜ੍ਹ ਜਾਂਦੀ ਹੈ ਤੇ ਫੇਰ ਅਨਹਦ ਨਾਦ ਬਾਹਰ ਦੀ ਸੁਣਦੇ ਨੇ। ਭੋਲੇ ਸੀ ਲੋਕ।

ਉਹ ਖਾ ਪੀ ਲੈਣਾ, ਮੱਖਣ ਖਾ ਲਿਆ, ਦੁੱਧ ਪੀ ਲੈਣਾ, ਮਲਾਈਆਂ ਖਾ ਲੈਣੀਆਂ, ਨੀਂਦ ਆ ਜਾਣੀ। ਕਹਿਣਾ ਦੇਖੋ ਚੁਬਾਰੇ ਦੇ ਕੋਲ ਨਾ ਆਇਓ, ਮੇਰੀ ਸਮਾਧੀ ਲੱਗੀ ਹੁੰਦੀ ਹੈ। ਕਹਿੰਦੇ, ਬਾਬਾ ਜੀ! ਪਤਾ ਵੀ ਲਗ ਜਾਂਦੈ। ਕਹਿੰਦਾ, ਹਾਂ, ਦੂਰ-ਦੂਰ ਅਵਾਜ਼ ਆਉਂਦੀ ਹੈ ਸਮਾਧੀ ਲੱਗੀ ਦੀ। ਉਹ ਘਰਾੜੇ ਮਾਰਦਾ ਹੁੰਦਾ ਸੀ। ਜਦੋਂ ਘਰਾੜੇ ਸੁਣਨੇ, ਬੀਬੀਆਂ ਨੇ ਕਹਿਣਾ ਸੰਤਾਂ ਦੀ ਸਮਾਧੀ ਲੱਗੀ ਹੋਈ ਹੈ। ਹੁਣ ਅਵਾਜ਼ ਆਉਣੀ ਸ਼ੁਰੂ ਹੋ ਗਈ। ਕਬੀਰ ਸਾਹਿਬ ਨੂੰ ਵੀ ਕਿਸੇ ਨੇ ਦਸਿਆ। ਕਬੀਰ ਸਾਹਿਬ ਉਥੇ ਆ ਗਏ, ਕਹਿਣ ਲੱਗੇ, ਸੰਤ ਜੀ! ਐਡਾ ਪਖੰਡ ਕਰਦੇ ਹੋਂ, ਤੁਸੀਂ ਕੋਈ ਪ੍ਰਮੇਸ਼ਰ ਦਾ ਭਜਨ ਕਰਿਆ ਕਰੋ। ਗ੍ਰਹਿਸਤੀਆਂ ਦਾ ਜਿਹੜਾ ਖਾਂਦਾ ਹੈ, ਉਹਦੇ ਤਿੰਨ ਫਰਜ਼ ਹੁੰਦੇ ਨੇ। ਇਕ ਤਾਂ ਗ੍ਰਹਿਸਤੀਆਂ ਦਾ ਜੇ ਛਕਣੈ ਤਾਂ ਹੋਰ ਨਹੀਂ ਤਾਕਤ ਤਾਂ ਵਾਹਿਗੁਰੂ ਦਾ ਭਜਨ ਜ਼ਰੂਰ ਕਰੇ, ਨਾਮ ਜਪੇ ਜਿੰਨਾਂ ਜਪ ਸਕਦਾ ਹੈ, ਉਹਦਾ ਵੀ ਹਿੱਸਾ ਵਿਚੇ ਰੱਖੇ। ਦੂਸਰਾ ਹੋਇਆ ਕਰਦੈ ਕਿ ਉਹਨਾਂ ਦੀਆਂ ਵਾਸ਼ਨਾਵਾਂ, ਇਛਾਵਾਂ ਪੂਰੀਆਂ ਕਰੇ। ਜੇ ਛਕਣਾ ਹੀ ਹੈ। ਤੀਸਰਾ ਹੋਇਆ ਕਰਦੇ ਕਿ ਉਹਨਾਂ ਨੂੰ ਸ਼ੁਭ ਮੱਤ ਦੇ ਕੇ ਪ੍ਰਮਾਤਮਾ ਦੇ ਨਾਲ ਜੋੜੇ। ਤੁਸੀਂ ਤਾਂ ਤਿੰਨੋ ਹੀ ਕੰਮ ਨਹੀਂ ਕਰਦੇ। ਨਾ ਪ੍ਰਮੇਸ਼ਰ ਦਾ ਭਜਨ ਕਰਦੇ ਹੋਂ। ਨਾ ਇਨ੍ਹਾਂ ਦੀਆਂ ਇਛਾਵਾਂ ਪੂਰੀਆਂ ਕਰਦੇ ਹੋਂ ਤੇ ਨਾ ਤੁਸੀਂ ਕੋਈ ਇਨ੍ਹਾਂ ਦਾ ਉਧਾਰ ਹੀ ਕਰਦੇ ਹੋਂ। ਤੁਹਾਨੂੰ ਬੈਲ ਬਣ ਕੇ ਲੇਖਾ ਦੇਣਾ ਪਵੇਗਾ। ਗੁੱਸੇ ਹੋ ਗਿਆ। ਕਹਿਣ ਲੱਗਿਆ, ਓ ਜਾਹ, ਤੂੰ ਜੁਲਾਹਾ ਤੇ ਮੈਂ ਬ੍ਰਾਹਮਣ। ਮੇਰੀ ਤਾਂ ਜਾਤ ਹੀ ਤੇਰੇ ਨਾਲੋਂ ਉੱਚੀ ਹੈ, ਤੂੰ ਸੌ ਜਨਮ ਤਪ ਕਰੀ ਜਾਵੇ ਮੈਂ ਤਾਂ ਵੀ ਤੇਰੇ ਨਾਲੋਂ ਉੱਚਾ ਹਾਂ। ਮੈਨੂੰ ਕੀ ਸਿੱਖਿਆ ਦਿੰਦਾ ਹੈਂ? ਉਹ ਕਹਿੰਦੇ, ਦੇਖ ਲੈ, ਫੇਰ ਔਖੇ ਹੋਣਾ ਪੈਂਦਾ ਹੈ। ਕਹਿੰਦਾ, ਜਦੋਂ ਔਖਾ ਹੋਵਾਂਗਾ ਤੂੰ ਨਾ ਛੁਡਾਈਂ ਮੈਨੂੰ। ਮੈਨੂੰ ਨਾ ਕੋਈ ਗੱਲ ਕਹੀਂ ਆ ਕੇ। ਇਹ ਭਗਤ ਜਨ ਮੈਨੂੰ ਖਲਾਉਂਦੇ ਨੇ, ਮੈਂ ਖਾਂਦਾ ਹਾਂ, ਤੂੰ ਕੌਣ ਆ ਗਿਆ, ਵਿਚਾਲੇ ਟੋਕਣ ਵਾਲਾ?

ਥੋੜ੍ਹੀ ਦੇਰ ਤੋਂ ਬਾਅਦ ਉਹ ਚੜ੍ਹਾਈ ਕਰ ਗਿਆ। ਕਾਫੀ ਸਮੇਂ ਤੋਂ ਬਾਅਦ ਦੀ ਗੱਲ ਹੈ ਇਕ ਵਾਰ ਕਬੀਰ ਜੀ ਜਾ ਰਹੇ ਨੇ ਤੇ ਇਕ ਪਲਿਆ ਹੋਇਆ ਬੈਲ, ਮੋਟਾ ਤਾਜਾ, ਸਾਹ ਸਤ ਸੁੱਟੀਂ ਲੰਮਾ ਪਿਆ ਹੈ। ਪੰਜਾਲੀ ਗਲ 'ਚ ਹੈ। ਕੀਲੀ ਕੱਢ ਦਿਤੀ ਉਹਨਾਂ ਨੇ। ਪੰਜਾਲੀ ਪਰੇ ਕਰੀ ਹੋਈ ਹੈ, ਨੱਥ ਨੱਕ 'ਚ ਪਾ ਕੇ ਰੱਸੇ ਤੋਂ ਫੜਿਆ ਹੋਇਐ ਤੇ ਕੁੱਟ ਰਹੇ ਨੇ ਉਹਨੂੰ। ਉਹ ਹਿਲਦਾ ਹੀ ਨਹੀਂ, ਓਵੇਂ ਜਿਵੇਂ ਲੰਮਾ ਪਿਆ ਹੈ। ਉਹਨਾਂ ਨੇ ਸਾਰਾ ਜ਼ੋਰ ਲਾ ਲਿਆ ਕੁੱਟ-ਕੁੱਟ ਕੇ, ਨੱਕ ਵੀ ਬੰਦ ਕਰਕੇ ਦੇਖ ਲਿਆ ਇਹਦਾ, ਉਹ ਉੱਠਿਆ ਹੀ ਨਹੀਂ।

ਕਬੀਰ ਸਾਹਿਬ ਨੂੰ ਤਰਸ ਆ ਗਿਆ ਕਿ ਐਨੀ ਮਾਰ ਪੈ ਰਹੀ ਹੈ ਇਸ ਬੈਲ 'ਤੇ। ਕੋਲ ਚਲੇ ਗਏ, ਜਾ ਕੇ ਅੰਤਰ ਧਿਆਨ ਹੋਏ ਕਿ ਇਹਨੇ ਕਿਹੜਾ ਕਰਮ ਕਰ ਦਿਤਾ, ਜਿਹਦੇ ਨਾਲ ਇਹ ਐਨੀ ਮਾਰ ਖਾ ਰਿਹੈ। ਜਦੋਂ ਅੰਤਰ ਧਿਆਨ ਹੋਏ, ਸੰਤ ਸਾਮ੍ਹਣੇ ਆ ਕੇ ਖੜ੍ਹ ਗਏ। ਕਹਿੰਦੇ, ਲੈ ਬਈ, ਆਹ ਤਾਂ ਸੰਤ ਫਸ ਗਿਆ ਵਿਚਾਰਾ। ਉਸ ਵੇਲੇ ਉਹਨਾਂ ਨੂੰ ਕਹਿਣ ਲੱਗੇ ਕਿ ਭਾਈ! ਮੈਂ ਗੱਲ ਕਰ ਲਵਾਂ ਬੈਲ ਨਾਲ? ਮਾਰੋ ਨਾ, ਪਾਸੇ ਹਟ ਜਾਓ। ਕਬੀਰ ਸਾਹਿਬ ਬੈਲ ਦੇ ਸਿਰ ਵਲ ਬਹਿ ਗਏ, ਕੰਨ ਹੱਥ 'ਚ ਫੜ ਲਿਆ, ਫੜ ਕੇ ਕਹਿਣ ਲੱਗੇ -

*ਧਾਰਨਾ - ਗੂੰਗਾ ਮੁੱਖ ਹੋ ਗਿਆ,*
*ਹੁਣ ਕਿਵੇਂ ਗੁਣ ਗਾਵੇਂਗਾ?*

ਕਹਿੰਦੇ, ਸੰਤ ਜੀ! ਹੁਣ ਕੀ ਸ਼ਕਲ ਬਣ ਗਈ ਤੁਹਾਡੀ। ਚਾਰ ਤਾਂ ਤੁਹਾਡੇ ਖੁਰ ਆ ਗਏ। ਜਿਹੜੇ ਪੈਰਾਂ ਨੂੰ ਧੋ-ਧੋ ਕੇ ਕਹਿੰਦੇ ਸੀ ਕਿ ਮਿੱਟੀ ਨਾ ਲਗ ਜਾਵੇ ਕਿਤੇ। ਹੁਣ ਦੇਖ ਲੈ ਕਿਹੋ ਜਿਹੇ ਹੋ ਗਏ, ਕਾਲੇ ਖੁਰ ਆਏ ਹੋਏ ਨੇ। ਮੂੰਹ ਵਿਚ ਜ਼ੁਬਾਨ ਹੈਗੀ ਚਾਰ ਗੁਣਾਂ ਵੱਡੀ, ਪਰ ਗੂੰਗੀ ਹੋ ਗਈ। ਹੁਣ ਤੂੰ ਬੋਲ ਨਹੀਂ ਸਕਦਾ। ਇਹਨਾਂ ਨੂੰ ਕਹਿ ਨਹੀਂ ਸਕਦਾ ਕਿ ਤੁਸੀਂ ਮੈਨੂੰ ਕੁੱਟਦੇ ਕਿਉਂ ਹੋਂ? ਕਹਿ ਕੇ ਦਿਖਾ ਹੁਣ? ਹੁਣ ਤੂੰ ਕਿਵੇਂ ਗੁਣ ਗਾਵੇਂਗਾ? ਕੋਈ ਹੈ ਤਰੀਕਾ? ਫੇਰ ਤੇਰੇ ਦੋ ਸਿੰਗ ਨਿਕਲ ਆਏ -

*ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ ॥*
*ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ ॥*

*ਅੰਗ - ੫੨੪*

ਹੁਣ ਦਸ ਕਿੱਥੇ ਲੁਕੇਂਗਾ? ਤੇਰੇ ਉਠਦੇ ਦੇ ਵੀ ਪਰਾਣੀ ਪੈਂਦੀ ਹੈ ਤੇ ਬੈਠਦੇ ਦੇ ਵੀ ਪੈਂਦੀ ਹੈ -

*ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥*
*ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ ॥ ੧ ॥*
*ਰਹਾਉ ॥* *ਅੰਗ - ੫੨੪*

ਓਦੋਂ ਤਾਂ ਖਾਂਦਾ ਸੀ ਨਾ ਮਲਾਈਆਂ, ਕਦੇ ਕਹਿੰਦਾ ਸੀ ਜਲੇਬੀਆਂ ਲਿਆਓ ਜੀ। ਕਦੇ ਲੱਡੂ ਲਿਆਓ, ਬਰਫੀਆਂ ਲਿਆਓ ਪੇੜੇ ਲੈ ਕੇ ਆਓ। ਆਹ ਕਰ ਦਿਓ, ਔਹ ਕਰ ਦਿਓ। ਕਹਿ ਕੇ ਕਰਾਉਂਦਾ ਸੀ ਨਾ, ਹੁਣ ਦਸ? ਹੁਣ ਕਹਿ ਦੇਵੇਂਗਾ

ਕਿ ਆਹ ਤੂੜੀ ਮੈਨੂੰ ਕਿਹੋ ਜਿਹੀ ਪਾ ਰਹੇ ਹੋਂ, ਮਾਰੂ ਚੀਜ਼ਾਂ ਦੀ ਪਾ ਰਹੇ ਨੇ -

*ਸਾਰੋ ਦਿਨੁ ਡੋਲਤ ਬਨ ਮਹੀਆ*
*ਅਜਹੁ ਨ ਪੇਟ ਅਘਈਹੈ ॥* *ਅੰਗ - ੫੨੪*

ਰੱਸਾ ਖੋਲ੍ਹ ਕੇ ਛੱਡ ਦਿੰਦੇ ਨੇ, ਜਾਹ ਖਾ ਆ। ਮਿੱਟੀ ਵਾਲੇ ਕੱਖ ਤੇਰੇ ਮੂੰਹ ਵਿਚ ਜਾਂਦੇ ਨੇ। ਮਿੱਟੀ ਵੀ ਨਾਲ ਜਾਂਦੀ ਹੈ। ਹੁਣ ਦਸ ਇਹਦੇ ਨਾਲ ਪੇਟ ਭਰ ਜਾਏਗਾ ਤੇਰਾ? -

*ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ ॥*
*ਅੰਗ - ੫੨੪*

ਜੇ ਉਸੇ ਵੇਲੇ ਤੂੰ ਮੇਰੀ ਗੱਲ ਮੰਨ ਲੈਂਦਾ, ਤਾਂ ਤੇਰਾ ਇਹ ਹਾਲ ਤਾਂ ਨਾ ਹੁੰਦਾ -

*ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ*
*ਅਨਿਕ ਜੋਨਿ ਭਰਮਈਹੈ ॥* *ਅੰਗ - ੫੨੪*

ਹੁਣ ਤੇਰਾ ਖਹਿੜਾ ਤਾਂ ਛੁਟਣਾ ਨਹੀਂ, ਅਗਲਾ ਜਨਮ ਤੇਰਾ ਕੁੱਤੇ ਦਾ ਤਿਆਰ ਹੈ, ਅਗਲਾ ਜਨਮ ਤੈਨੂੰ ਫੇਰ ਉੱਡਣ ਵਾਲੇ ਪੰਛੀ ਦਾ ਤਿਆਰ ਹੈ, ਇਹ ਤਾਂ 84 ਲੱਖ ਜੂਨਾਂ 'ਚ ਤੈਨੂੰ ਘੁੰਮਣਾ ਪੈ ਗਿਆ ਪ੍ਰੇਮੀਆ। ਉਸ ਵਕਤ ਤੂੰ ਸਾਡਾ ਕਹਿਣਾ ਮੰਨ ਲੈਂਦਾ-

*ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ*
*ਇਹੁ ਅਉਸਰੁ ਕਤ ਪਈਹੈ ॥* *ਅੰਗ - ੫੨੪*

ਤੈਨੂੰ ਰਤਨ ਜਨਮ ਮਿਲਿਆ ਸੀ ਤੇ ਪ੍ਰਮੇਸ਼ਰ ਨੂੰ ਭੁਲਾ ਕੇ ਤੂੰ ਖਤਮ ਕਰ ਦਿਤਾ। ਹੁਣ ਦਸ ਵਾਰੀ ਆ ਜਾਏਗੀ ਤੇਰੀ? ਕਦੋਂ ਵਾਰੀ ਆਏਗੀ, ਸੋਚ ਤੂੰ? ਹੁਣ ਤਾਂ ਕੇਵਲ ਪਛਤਾਉਣਾ ਹੀ ਪੱਲੇ ਰਹਿ ਗਿਆ-

*ਭ੍ਰਮਤ ਫਿਰਤ ਤੇਲਕ ਕੇ ਕਪਿ*
*ਜਿਉ ਗਤਿ ਬਿਨੁ ਰੈਨਿ ਬਿਹਈਹੈ ॥* *ਅੰਗ - ੫੨੪*

ਜਿਵੇਂ ਤੇਲੀ ਆਪਣੇ ਬਲਦ ਨੂੰ ਪੈੜ ਵਿਚ ਜੋੜ ਕੇ ਖੋਪੇ ਲਾ ਕੇ ਡੰਡਾ ਮਾਰਦੈ। ਸਾਰਾ ਦਿਨ ਚਲੀ ਜਾਂਦੈ, ਉਹਦਾ ਖਿਆਲ ਹੁੰਦੈ, ਪਤਾ ਨਹੀਂ ਮੈਂ ਕਿੱਡੀ ਕੁ ਦੂਰ ਲੰਘ ਗਿਆ। ਜਦੋਂ ਖੋਪੇ ਖੋਲ੍ਹਦੇ ਨੇ, ਉਹ ਪੈੜ ਵਿਚ ਹੀ ਖੜ੍ਹਾ ਹੁੰਦਾ ਹੈ -

*ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ॥*
*ਅੰਗ - ੫੨੪*

ਹੁਣ ਤੁਸੀਂ ਰੱਬ ਦਾ ਨਾਮ ਨਹੀਂ ਲੈਂਦੇ ਪ੍ਰੇਮੀਓਂ! ਕਹਿੰਦੇ, ਫੇਰ ਸਿਰ ਸੁੱਟ ਕੇ ਪਛਤਾਉਣਾ ਪੈਂਦੈ। ਦੋ ਪ੍ਰਮੇਸ਼ਰ ਦਾ ਨਾਮ ਜਪ ਲੈਣਾ ਚਾਹੀਦਾ ਹੈ। ਕਹਿਣਾ ਮੰਨ ਲੈਣਾ ਚਾਹੀਦਾ ਹੈ। ਮਹਾਰਾਜ ਬਾਰ-ਬਾਰ ਤਾਕੀਦ ਇਸ ਤਰ੍ਹਾਂ ਕਰਦੇ ਨੇ -

*ਧਾਰਨਾ - ਜਿਵੇਂ ਫੁੱਟੜ ਘੜੇ ਦਾ ਪਾਣੀ,*
*ਅਉਧ ਤੇਰੀ ਜਾਵੇ ਬੀਤਦੀ।*
*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*ਅੰਗ - ੭੨੬*

ਉਮਰ ਲੰਘਦੀ ਤੁਰੀ ਜਾ ਰਹੀ ਹੈ। ਮਹਾਰਾਜ ਕਹਿੰਦੇ, ਜੇ ਪ੍ਰਮੇਸ਼ਰ ਨੂੰ ਯਾਦ ਕਰਨ ਦਾ ਤੇਰਾ ਮਨ ਬਣ ਗਿਆ। ਦਿਨ ਰਾਤ ਲਗ ਕੇ ਕਰ ਲੈ। ਨਹੀਂ ਤਾਂ ਤੈਨੂੰ ਪਛਤਾਉਣਾ ਪੈ ਜਾਣੈ ਦਰਗਾਹ 'ਚ ਜਾ ਕੇ। ਔਖਾ ਹੋਏਂਗਾ ਕਿਉਂਕਿ ਮਰਨਾ ਸਭ ਦੇ ਸਿਰ ਦੇ ਉਤੇ ਹੈ। ਇਕਨਾ ਨੂੰ ਇਹ ਫਲ ਕੌੜਾ ਲੱਗਣੈ, ਇਕਨਾ ਨੂੰ ਬੜ ਮਿੱਠਾ ਲੱਗਣੈ। ਇਕਨਾ ਨੇ ਇੰਤਜ਼ਾਰ ਕਰਨੈ ਆਪਣੇ ਘਰ ਨੂੰ ਜਾਣ ਵਾਸਤੇ ਕਿ ਆਪਣੇ ਘਰ ਨੂੰ ਚੱਲੀਏ। ਇਕਨਾਂ ਨੇ ਰੋਣਾ ਪਿੱਟਣੈ, ਡਾਕਟਰਾਂ ਨੂੰ ਫੀਸਾਂ ਦੇਣੀਆਂ ਨੇ। ਦੋਹਾਂ ਦਾ ਫਰਕ ਹੈ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ - ੧੩੬੫*

ਪੂਰਨ ਸ਼ਾਂਤੀ, ਪਰਮ ਪਦ ਦੀ ਅਵਸਥਾ, ਕਹਿੰਦੇ ਜਦੋਂ ਸਰੀਰ 'ਚੋਂ ਨਿਕਲ ਜਾਏਗੀ, ਫੇਰ ਇਹ ਪ੍ਰਾਪਤ ਹੋਏਗੀ। ਜਿਨ੍ਹਾਂ ਨੇ ਪਾਪ ਕਰੇ ਨੇ, ਉਹ ਤਾਂ ਫੇਰ ਔਖੇ ਹੁੰਦੇ ਨੇ। ਸੋ ਇਹ ਤਾਂ ਜ਼ਰੂਰੀ ਚੀਜ਼ ਹੈ, ਮਰਨਾ ਸੱਚ ਜਿਉਣਾ ਝੂਠ। ਮਹਾਰਾਜ ਕਹਿੰਦੇ, ਤੂੰ ਆਹ ਗੱਲਾਂ ਸਮਝ ਕੇ, ਹਰੀ ਦੇ ਗੁਣ ਗਾ ਲੈ, ਮੂਰਖ ਤੇ ਅਗਿਆਨੀ ਨਾ ਬਣ - ***'ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥'*** ਕੀ ਹੋ ਗਿਆ ਤੇਰੀ ਕਿੰਨੀ ਉਮਰ ਹੈ? ਕਹਿੰਦਾ 60 ਦੀ ਹੋ ਗਈ। ਕਹਿੰਦੇ ਫੇਰ ਵੀ ਕੋਈ ਫਰਕ ਨਹੀਂ। 70 ਦੀ ਹੋ ਗਈ, ਕਹਿੰਦੇ, ਫੇਰ ਵੀ ਫਰਕ ਨਹੀਂ। ਐਨੀ ਚੀਜ਼ ਹੈ ਇਹ? ਮਹਾਰਾਜ ਕਹਿੰਦੇ, ਐਨੀ ਕੀ, ਇਹ ਤਾਂ ਬਹੁਤ ਵੱਡੀ ਚੀਜ਼ ਹੈ। ਤੈਨੂੰ ਪਤਾ ਨਹੀਂ ਲੱਗਿਆ, ਤੂੰ ਭੁਲੇਖੇ 'ਚ ਪਿਆ ਹੋਇਐਂ? ਤੇਰੀਆਂ ਅੱਖਾਂ ਅੰਨ੍ਹੀਆਂ ਕਰ ਦਿਤੀਆਂ, ਮਾਇਆ ਦੇ ਚਮਤਕਾਰਿਆਂ ਨੇ। ਨਾਮ ਬਾਰੇ ਤੇਰਾ ਧਿਆਨ ਨਹੀਂ ਗਿਆ। ਜੇ ਇਸ ਗੱਲ ਦੀ ਤੈਨੂੰ ਸੋਝੀ ਪੈ ਜਾਵੇ ਤੇ ਤੇਰਾ ਮਨ ਮੰਨ ਜਾਵੇ। ਵੱਡੀ ਗੱਲ ਤਾਂ ਮਨ ਮਨਾਉਣ

ਦੀ ਹੁੰਦੀ ਹੈ। ਮਨ ਨਹੀਂ ਮੰਨਦਾ ਸਾਡਾ। ਜ਼ੋਰ ਲਾ ਲਓ, ਜਿੰਨੇ ਉਪਦੇਸ਼, ਜਿੰਨੇ ਗਿਆਨ, ਜਿੰਨੀ ਬਾਣੀ ਪੜ੍ਹਨੀ ਹੈ, ਕੁਛ ਕਰ ਲਓ, ਮਨ ਨਹੀਂ ਮੰਨਦਾ। ਇਹ ਕੁੱਤੇ ਦੀ ਪੂੰਛ ਵਾਂਗਣ ਵਿੰਗਾ ਹੀ ਰਹਿੰਦਾ ਹੈ। ਮੰਨਦਾ ਨਹੀਂ। ਜੇ ਮਨ ਮੰਨਣਾ ਹੋਵੇ ਤਾਂ ਇਕੋ ਹੀ ਗੱਲ ਬਹੁਤ ਹੈ ਮਹਾਰਾਜ ਦੀ –

*ਧਾਰਨਾ – ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,*
*ਸਤਿਨਾਮੁ ਬੋਲ ਵਾਹਿਗੁਰੂ।*

ਸੋ ਇਸ ਤਰ੍ਹਾਂ ਮਨੁੱਖ ਦੀ ਆਦਤ ਹੈ, ਬਾਣੀ ਸਮਝਾ ਰਹੀ ਹੈ ਪਰ ਸਮਝਣ ਵਿਚ ਨਹੀਂ ਆਉਂਦਾ। ਬਾਣੀ ਬਾਰ-ਬਾਰ ਇਸ ਨੂੰ ਤਾਕੀਦ ਕਰਦੀ ਹੈ –

*ਧਾਰਨਾ – ਆਇਓ ਲਾਹਾ ਲੈਣ ਪ੍ਰਾਣੀ ਆਇਓ ਹੈ।*

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥*

*ਅੰਗ – ੪੩*

ਤੇਰੀ ਉਮਰ ਤਾਂ ਤੁਰੀ ਜਾ ਰਹੀ ਹੈ, ਤੂੰ ਕਿਹੜੇ ਮਾੜੇ ਕੰਮਾਂ 'ਚ ਪੈ ਗਿਆ –

*ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥*

*ਅੰਗ – ੪੩*

ਮਸਤੀਆਂ ਕਰਦੈਂ ਪਸ਼ੂਆਂ ਵਾਂਗੂੰ, ਤੈਨੂੰ ਕਾਲ ਨਹੀਂ ਨਜ਼ਰ ਆਉਂਦਾ –

*ਕਾਲੁ ਅਹੇਰੀ ਫਿਰੈ ਬਧਿਕ ਜਿਉ*
*ਕਹਹੁ ਕਵਨ ਬਿਧਿ ਕੀਜੈ ॥* *ਅੰਗ – ੬੯੨*

ਕੀ ਕਰਿਆ ਜਾਵੇ ਉਹ ਤਾਂ ਸ਼ਿਕਾਰੀ ਬਣਿਆ ਫਿਰਦੈ –

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥*

*ਅੰਗ – ੬੩੧*

ਆਹ ਗੱਲ ਪੱਕੀ ਸਮਝ ਲੈ। ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਪੈ ਜਾਵੇ –

*ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥*
*ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ ॥*
*ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥*

*ਅੰਗ – ੪੩*

ਸੱਚੇ ਨਾਮ ਵਿਚ ਜਿਨ੍ਹਾਂ ਦੀ ਸਮਾਈ ਹੋ ਜਾਂਦੀ ਹੈ, ਉਹ ਮੁਕਤ ਹੋ ਜਾਇਆ ਕਰਦੇ ਨੇ। ਸੋ ਇਸ ਤਰ੍ਹਾਂ ਮਹਾਰਾਜ ਬਾਰ-ਬਾਰ ਉਪਦੇਸ਼ ਦਿੰਦੇ ਨੇ ਇਸ ਮਨੁੱਖ ਨੂੰ ਕਿ ਇਹਨੂੰ ਸਮਝ ਪੈ ਜਾਵੇ ਤੇ ਇਹ ਹਰੀ ਦਾ ਜਸ ਹੋ ਰਿਹਾ ਸੀ। ਇਕ ਪ੍ਰੇਮੀ ਜਿਸ ਦਾ ਨਾਮ ਭਾਈ ਤਿਲਕੂ ਸੀ, ਗੜ੍ਹਸ਼ੰਕਰ ਦੇ ਰਹਿਣ ਵਾਲਾ ਸੀ। ਉਹ ਹਰੀ ਦਾ ਜਸ ਕਰ ਰਹੇ ਸੀ ਤੇ ਉਹਨਾਂ ਦਾ ਇਕ ਰਿਸ਼ਤੇਦਾਰ ਮਿਲਣ ਵਾਸਤੇ ਆਇਆ ਹੋਇਆ ਸੀ, ਜਿਸ ਦਾ ਨਾਮ ਭਾਈ ਤੀਰਥੀਆ ਸੀ। ਤੀਰਥਾ ਕਹਿੰਦੇ ਸੀ ਉਹਨੂੰ। ਉਹ ਸਖੀ ਸਰਵਰ ਨੂੰ ਮੰਨਿਆ ਕਰਦਾ ਸੀ। ਉਹਨਾਂ ਦਿਨਾਂ 'ਚ ਪਿੰਡਾਂ 'ਚ ਰਿਵਾਜ ਸੀ, ਅਗਿਆਨਤਾ ਜ਼ਿਆਦਾ ਸੀ। ਸੰਤਾਂ ਦੀ ਨਿਸ਼ਾਨੀ ਇਹ ਹੁੰਦੀ, ਜਿਹੜਾ ਉਡ ਕੇ ਦਿਖਾ ਦੇਵੇ। ਬੈਠਾ-ਬੈਠਾ ਲੁਕ ਕੇ ਦਿਖਾ ਦੇਵੇ। ਨਾਟਕ ਚੇਟਕ ਕਰਿਆ ਕਰਦੇ ਸੀ। ਚਾਹੇ ਯੋਗੀ ਸੀਗੇ, ਸਿੱਧ ਨਾਥ, ਚਾਹੇ ਮੁਸਲਮਾਨ ਪੀਰ ਸੀ, ਇਹਨਾਂ 'ਚ ਇਹ ਜ਼ਿਆਦਾ ਸੀ, ਕਰਾਮਾਤਾਂ 'ਚ ਬਹੁਤ ਪਏ ਹੋਏ ਸੀ। ਇਹ ਕਰਾਮਾਤ ਹੁੰਦੀ ਹੈ ਤੁਸੀਂ ਕਿਸੇ ਪੁਆਇੰਟ ਦੇ ਉਤੇ ਆਪਣੇ ਆਪ ਨੂੰ ਇਕਾਗਰ ਕਰ ਲਓ, ਚਿਲੇ ਕੱਟ ਲਓ, ਕਰਾਮਾਤ ਆ ਜਾਇਆ ਕਰਦੀ ਸੀ। ਸੋ ਇਹ ਕਰਾਮਾਤੀ ਚੀਜ਼ ਸੀ। ਲੋਕਾਂ ਦੇ ਨਿਆਣੇ ਬਿਮਾਰ ਕਰ ਦੇਣੇ। ਡੰਗਰ ਬਿਮਾਰ ਕਰ ਦੇਣੇ, ਦੁੱਧ ਘਰ 'ਚੋਂ ਖਤਮ ਕਰ ਦੇਣਾ। ਐਸੀਆਂ ਅਨੇਕ ਗੱਲਾਂ ਕਰ ਲਿਆ ਕਰਦੇ ਸੀ। ਇਹ ਮੰਤਰ ਦਾ ਬਲ ਹੋਇਆ ਕਰਦਾ ਸੀ ਸਾਧਸੰਗਤ ਜੀ। ਮੰਤਰ ਦੇ ਬਲ ਕਰਕੇ ਇਹ ਬਾਤਾਂ ਹੋ ਜਾਇਆ ਕਰਦੀਆਂ ਸੀ।

ਇਕ ਵਾਰੀ ਜਦੋਂ ਮੈਂ ਸਿੰਧ 'ਚ ਹੁੰਦਾ, ਬੜੀ ਪੁਰਾਣੀ ਗੱਲ ਹੈ ਇਹ 1938 ਦੀ। ਉਥੇ ਇਕ ਪ੍ਰੇਮੀ ਸੀ, ਉੱਤਮ ਸਿੰਘ ਦਾ ਲੜਕਾ ਸੀ। ਉਹ ਮੰਤਰ ਜਾਣਦਾ ਸੀ। ਉਹਨੇ ਕੀ ਕਰਿਆ, ਸਾਡੇ ਉਥੇ ਹਰਨਾਮ ਸਿੰਘ ਸੀ, ਉਹਨੇ ਮੰਤਰ ਕਰਕੇ ਉਹਦੀ ਮੱਝ ਦਾ ਦੁੱਧ ਬੰਦ ਕਰ ਦਿਤਾ। ਬੰਦ ਕਰਿਆ ਹੋਇਆ, ਦੁੱਧ ਨਾ ਆਵੇ, ਕੱਟਰੂ ਨੂੰ ਦੁੱਧ ਨਾ ਮਿਲਿਆ। ਕੱਟਰੂ ਮਰ ਗਿਆ। ਜੇ ਕੱਢਿਆ ਕਰਨ ਤਾਂ ਕਾਲੇ ਰੰਗ ਦਾ ਦੁੱਧ ਬਦਬੂ ਮਾਰਿਆ ਕਰੇ। ਜੇ ਰਿੜਕ ਲਿਆ ਤਾਂ ਬਹੁਤ ਮੰਦੀ ਚੀਜ਼ ਆਉਂਦੀ ਸੀ ਉਹਦੇ ਉਤੇ। ਉਹ ਬੜੇ ਹੀ ਪਰੇਸ਼ਾਨ ਹੋ ਗਏ, 21 ਦਿਨ ਲੰਘ ਗਏ। ਸਾਰਿਆਂ ਨੇ ਸਲਾਹ ਕਰੀ ਕਿ ਇਸ ਤਰ੍ਹਾਂ ਤਾਂ ਇਹਨੇ ਹਟਣਾ ਨਹੀਂ ਹੈ। ਹੋਵੇ ਨਾ ਕਿ ਮੰਤਰ ਜੰਤਰ ਹੋਰ ਕਰ ਦਏਗਾ, ਸਾਰਿਆਂ ਦੀਆਂ ਮੱਝਾਂ ਬਿਮਾਰ ਕਰ ਦਏਗਾ ਕਿ ਚਲੋ ਇਹਦੀ ਪਿਟਾਈ ਕਰੀਏ। ਜਾ ਕੇ ਫੜ ਲਿਆ, ਕਹਿੰਦੇ, ਲੈ ਹੁਣ ਪੜ੍ਹ ਤੂੰ ਮੰਤਰ। ਅਖੀਰ ਮੰਨ ਗਿਆ। 21 ਰੁਪਏ ਜੁਰਮਾਨਾ ਕਰਿਆ।

ਸੋ ਪਿਛਲੇ ਜ਼ਮਾਨਿਆਂ ਦੇ ਅੰਦਰ ਸੰਤਾਂ ਦੀ ਨਿਸ਼ਾਨੀ ਜਿਹੜੀ ਹੈ ਉਹ ਹੋਰ ਹੈ –

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ ॥ ਧੰਨੁ ਸਿ*
*ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - ੩੧੯*

ਕਹਿੰਦੇ, ਸਾਧੂ ਉਹ ਹੈ ਜਿਹੜਾ ਹਰ ਵਕਤ ਪ੍ਰਮੇਸ਼ਰ ਦੀ ਯਾਦ ਵਿਚ ਰਹਿੰਦਾ ਹੈ, ਜਿਹਨੂੰ ਪ੍ਰਮੇਸ਼ਰ ਭੁੱਲਦਾ ਨਹੀਂ। ਜਿਹੜਾ ਕਰਾਮਾਤਾਂ ਕਰਦੈ ਕਹਿੰਦੇ-

*ਨਾਟਕ ਚੇਟਕ ਕੀਕੀਏ ਕੁਕਾਜਾ।*
*ਪ੍ਰਭ ਲੋਗਨ ਕੋ ਆਵਤ ਲਾਜਾ।*

ਪ੍ਰਭੂ ਦੇ ਲੋਕਾਂ ਨੂੰ ਨਾਟਕ ਚੇਟਕ ਪਸੰਦ ਨਹੀਂ ਹੈਗੇ ਕਿਉਂਕਿ ਉਧਾਰ ਤਾਂ ਕਰਦੇ ਨਹੀਂ। ਇਹ ਤਾਂ ਚਮਤਕਾਰ ਹੀ ਦਿਖਾਉਂਦੇ ਨੇ। ਕਿਸੇ ਦਾ ਨਾਉਂ ਬੁੱਝ ਲਿਆ। ਗਿਲਾਸ ਵਿਚ ਪਾਣੀ ਹੈ ਨਹੀਂ, ਗਿਲਾਸ ਵਿਚ ਪਾਣੀ ਭਰ ਦਿਤਾ ਸ਼ਕਤੀ ਨਾਲ। ਇਹ ਤਾਂ ਮਦਾਰੀ ਕਰੀ ਜਾਂਦੇ ਨੇ ਇਥੇ ਬਥੇਰੇ।

ਸੋ ਪੰਜਾਬ ਦੇ ਵਿਚ ਉਹਨੂੰ ਮੰਨਦੇ ਹੁੰਦੇ। ਪਿੰਡਾਂ ਦੇ ਪਿੰਡ ਜਾਂਦੇ ਹੁੰਦੇ ਸੰਗ ਲੈ ਕੇ, ਉਥੇ ਪਹੁੰਚਿਆ ਕਰਦੇ ਸੀ। ਇਕ ਮੁਖੀ ਹੁੰਦਾ, ਉਹਨੇ ਚਮੜੇ ਦੀ ਜੈਕਟ ਪਾ ਲੈਣੀ ਤੇ ਉਹਨੇ ਲੋਹੇ ਦੀ ਸੰਗਲੀ ਲੈ ਕੇ ਆਪਣੀ ਪਿੱਠ ਕੁੱਟੀ ਜਾਣੀ। ਉਪਰ ਜ਼ੋਰ ਨਾਲ ਮਾਰਨਾ। ਲੋਕਾਂ ਨੇ ਇਸੇ ਗੱਲ 'ਚ ਵਾਹਵਾ-ਵਾਹਵਾ ਕਰਨੀ ਕਿ ਦੇਖੋ ਐਨੇ ਜ਼ੋਰ-ਜ਼ੋਰ ਦੀ ਮਾਰਦੈ, ਇਹਦੇ ਸੱਟ ਨਹੀਂ ਲਗਦੀ। ਸੋ ਇਸ ਤਰ੍ਹਾਂ ਦੇ ਨਾਲ ਉਹ ਪ੍ਰੇਮੀ ਸੰਗ ਲੈ ਕੇ ਜਾਇਆ ਕਰਦਾ ਸੀ ਤੇ ਭਾਈ ਤਿਲਕੂ ਕਹਿਣ ਲੱਗਿਆ ਕਿ ਦੇਖ ਪ੍ਰੇਮੀਆਂ! ਸਤਿਸੰਗ ਹੁੰਦੈ, ਕਿੰਨਾ ਸੋਹਣਾ ਸਮਝਾ ਰਹੇ ਨੇ, ਕੁਝ ਸਮਝ 'ਚ ਆਈ ਤੇਰੇ ਗੱਲ? ਕਹਿੰਦੇ, ਜਿਹੜਾ ਤੂੰ ਆਹ ਕਰਨ ਲੱਗਿਆ ਹੋਇਐ? ਇਹ ਬਿਲਕੁਲ ਹੀ ਖੋਟਾ ਵਣਜ ਕਰ ਰਿਹੈਂ? ਦਰਗਾਹ ਦੇ ਵਿਚ ਜਾਣਾ ਹੈ, ਦਰਗਾਹ ਦੇ ਵਿਚ ਤੋਸਾ ਤਾਂ ਤੁਸੀਂ ਕੱਟਦੇ ਨਹੀਂ ਹੋਂ, ਬਸ ਕਬਰ ਨੂੰ ਜਾ ਕੇ ਮੱਥਾ ਟੇਕੀ ਜਾਂਦੇ ਹੋ। ਹੋਰ ਤਾਂ ਕੋਈ ਗੱਲ ਨਹੀਂ, ਕੋਈ ਉਪਦੇਸ਼ ਨਹੀਂ ਸੁਣਦੇ। ਕਹਿੰਦਾ, ਭਾਈ ਤਿਲਕੂ, ਅੱਜ ਮੇਰੀ ਜ਼ਿੰਦਗੀ ਦਾ ਪਹਿਲਾ ਦਿਨ ਹੈ ਕਿ ਮੈਂ ਇਹੋ ਜਿਹੇ ਬਚਨ ਸੁਣੇ। ਕਹਿੰਦਾ, ਫੇਰ ਕੋਈ ਮਨ ਵਿਚ ਆਈ? ਕਹਿੰਦਾ, ਮੇਰੇ ਮਨ ਵਿਚ ਆਈ ਹੈ ਬਈ, ਮੈਂ ਕੋਈ ਨਾ ਕੋਈ ਗੱਲ ਸੋਚਾਂ, ਮੈਨੂ ਕਾਫੀ ਗੱਲਾਂ ਸਮਝ ਵਿਚ ਪਈਆਂ ਨੇ, ਤੇਰੀਆਂ ਗੱਲਾਂ ਸੁਣ ਕੇ ਤੇ ਜੇ ਤੂੰ ਮੈਨੂੰ ਹੋਰ ਵੀ ਦੱਸ ਦੇਵੇਂ ਤਾਂ ਮੈਂ ਚੰਗੀ ਤਰ੍ਹਾਂ ਸਮਝ ਜਾਵਾਂਗਾ। ਮੇਰੇ ਅੰਦਰ ਕੁਝ ਗੜਬੜ ਹੋਣੀ ਸ਼ੁਰੂ ਹੋ ਗਈ। ਹੋਰ ਤਰ੍ਹਾਂ ਦੇ ਖਿਆਲ ਆਉਣੇ ਸ਼ੁਰੂ ਹੋ ਗਏ ਕਿ ਮੈਂ ਤਾਂ ਐਵੇਂ ਜਨਮ ਹੀ ਖਰਾਬ ਕਰ ਰਿਹਾਂ। ਉਹ ਕਹਿਣ ਲੱਗੇ, ਦੇਖ! ਆਹ ਜਿਹੜਾ ਤੈਨੂੰ ਮਨੁੱਖ ਦਾ ਜਾਮਾ ਮਿਲਿਆ ਹੈ ਇਹ ਕਬਰਾਂ ਵਗੈਰਾ 'ਤੇ ਮੱਥੇ ਟੇਕਣ ਵਾਸਤੇ ਨਹੀਂ ਮਿਲਿਆ, ਇਹ ਤਾਂ ਪ੍ਰਭੂ ਨੂੰ ਮਿਲਣ ਵਾਸਤੇ ਤੈਨੂੰ ਮਿਲਿਆ ਹੈ। ਇਹ ਇਕ ਤਰ੍ਹਾਂ ਨਾਲ ਇਸ ਤਰ੍ਹਾਂ ਸਮਝ ਲੈ ਜਿਵੇਂ ਹਲਟ ਦੀ ਵਾਰੀ ਆਉਂਦੀ ਹੈ, ਉਹ ਵਾਰੀ ਆਈ ਹੈ। ਨਹਿਰ ਦੇ ਪਾਣੀ ਦੀ ਜਿਵੇਂ ਵਾਰੀ ਆਉਂਦੀ ਹੈ, ਖੇਤ ਨੂੰ ਪਾਣੀ ਲਾਉਣ ਨੂੰ ਇਸ ਤਰ੍ਹਾਂ ਵਾਰੀ ਆਈ ਹੈ। ਇਹ ਵਾਰੀ ਆਈ ਹੈ ਪ੍ਰਭੂ ਨੂੰ ਮਿਲਣ ਵਾਸਤੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਇਹੋ ਤੇਰੀ ਵਾਰੀ ਹੈ,*
*ਗੋਬਿੰਦ ਮਿਲਣੇ ਦੀ।*
*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ੧ ॥ ਰਹਾਉ ॥*
*ਅੰਗ - ੧੨*

ਕਹਿਣ ਲੱਗੇ, ਪ੍ਰੇਮੀਆਂ! 83 ਲੱਖ 99 ਹਜ਼ਾਰ 999 ਜੂਨਾਂ ਦੇ ਵਿਚੋਂ ਹੋ ਕੇ ਜੀਵ ਆਤਮਾ, ਮਨੁੱਖ ਦੇ ਸਰੀਰ 'ਚ ਆਈ ਹੈ। ਇਹ ਤੇਰੀ ਹੋ ਗਈ ਵਾਰੀ, ਹੁਣ ਤੂੰ ਪ੍ਰਭੂ ਨੂੰ ਮਿਲ ਲੈ। ਆਹ ਜਿਹੜਾ ਖੋਟੇ ਕੰਮਾਂ 'ਚ ਪਿਆ ਹੈਂ ਆਹ ਛੱਡ ਦੇ। ਇਹਨਾਂ ਨੇ ਤੇਰਾ ਉਧਾਰ ਨਹੀਂ ਕਰਨਾ। ਨਾ ਦਰਗਾਹ ਦੇ ਵਿਚ ਤੇਰਾ ਸਾਥੀ ਹੋਣੈ - ***'ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥'*** ਜੇ ਲੰਘ ਗਿਆ ਫੇਰ ਉਸੇ ਚੱਕਰ 'ਚ ਪੈ ਜਾਏਂਗਾ। ਦੇਖ, ਤੈਨੂੰ ਇਕ ਮਿਸਾਲ ਨਾਲ ਗੱਲ ਸਮਝਾਉਂਦੇ ਹਾਂ। ਕਹਿੰਦੇ, ਇਕ ਬਾਦਸ਼ਾਹ ਨੇ, ਰਾਜੇ ਨੇ ਦੋ ਢਾਈ ਮੀਲ ਲੰਮਾ ਚੌੜਾ, ਗੋਲ ਸ਼ਕਲ ਦਾ ਕਿਲ੍ਹਾ ਇਕ ਪਹਾੜੀ 'ਤੇ ਬਣਾ ਲਿਆ ਤੇ ਵੱਖਰੇ-ਵੱਖਰੇ ਪਾਸਿਆਂ ਨੂੰ ਜਾਣ ਵਾਸਤੇ ਉਸ ਨੇ ਦਰਵਾਜ਼ੇ ਰੱਖ ਲਏ, ਉਹਦੇ ਵਿਚ 84, ਪਰ ਇਕ ਦਰਵਾਜ਼ਾ ਖੁਲ੍ਹਾ ਰੱਖ ਲਿਆ, ਬਾਕੀਆਂ ਨੂੰ ਤਾਲੇ ਲਾ ਦਿਤੇ। ਕੋਈ ਅੰਨ੍ਹਾ ਤੇ ਟੁੰਡਾ ਪੁਰਸ਼, ਉਹਦੇ ਵਿਚ ਚਲਿਆ ਗਿਆ। ਉਥੇ ਜਾ ਕੇ ਉਸ ਨੇ ਉਹਦੇ ਵਿਚ ਘੁੰਮਣਾ ਸ਼ੁਰੂ ਕਰ ਦਿਤਾ। ਸਵੇਰ ਦਾ ਗਿਆ ਹੋਇਆ, ਆਥਣ ਹੋ ਗਿਆ, ਨਿਕਲ ਨਹੀਂ ਸਕਦਾ। ਭੁੱਖਾ ਤਿਹਾਇਆ ਮਰਦਾ ਰੌਲਾ ਪਾਉਣ ਲਗ ਗਿਆ ਕਿ

ਕੋਈ ਪੁਰਸ਼ ਮੈਨੂੰ ਦੇਖਦਾ ਹੋਵੇ, ਅੱਖਾਂ ਵਾਲਾ। ਮੈਂ ਨੇਤਰਾਂ ਤੋਂ ਹੀਣਾ ਹਾਂ, ਮੇਰੇ 'ਤੇ ਤਰਸ ਕਰੋ, ਮੈਂ ਬਹੁਤ ਦੁਖੀ ਹਾਂ, ਮੈਂ ਪਤਾ ਨਹੀਂ ਕਾਹਦੇ 'ਚ ਆ ਵੜਿਆ। ਜਿਧਰ ਜਾਂਦਾ ਹਾਂ ਕੰਧ, ਜਿਧਰ ਜਾਂਦਾ ਹਾਂ ਕੰਧ ਤੇ ਮੈਨੂੰ ਕੋਈ ਰਾਹ ਨਹੀਂ ਲੱਭ ਰਿਹਾ, ਕ੍ਰਿਪਾ ਕਰੋ। 84 ਦਰਵਾਜ਼ਿਆਂ ਨੂੰ ਵਿਚਕਾਰੋਂ ਸੜਕਾਂ ਜਾਂਦੀਆਂ ਸੀ, ਕਦੇ ਕਿਸੇ 'ਚ ਪੈ ਜਾਂਦੈ, ਕਦੇ ਕਿਸੇ 'ਚ ਪੈ ਜਾਂਦੈ। ਇਕ ਕੰਧ ਦੇ ਨਾਲ-ਨਾਲ, ਸੜਕ ਸੀ। ਉਸ ਵੇਲੇ ਕੁਝ ਮਹਾਂਪੁਰਸ਼ ਬੈਠੇ ਸੀ। ਉਨ੍ਹਾਂ ਨੇ ਕਿਹਾ, ਪ੍ਰੇਮੀਆਂ! ਗੱਲ ਕੀ ਹੈ? ਕਹਿਣ ਲੱਗਿਆ ਕਿ ਮੇਰੇ ਨੇਤਰ ਨਹੀਂ ਹਨ, ਮੈਂ ਪਤਾ ਨਹੀਂ ਕਿੱਥੇ ਆ ਗਿਆ। ਮੈਨੂੰ ਰਾਹ ਨਹੀਂ ਲੱਭਦਾ, ਕ੍ਰਿਪਾ ਕਰੋ। ਰਾਹ ਦਸ ਦਿਓ। ਕਹਿਣ ਲੱਗੇ, ਦੇਖ ਇਹ ਜਿਹਦੇ ਵਿਚ ਤੂੰ ਫਿਰਦਾ ਹੈਂ, ਇਹ ਕਿਲ੍ਹਾ ਹੈ ਪਹਾੜੀ ਦੇ ਉਤੇ ਗੋਲ ਕਿਲ੍ਹਾ। ਇਹਦੇ 84 ਦਰਵਾਜ਼ੇ ਨੇ 83 ਨੂੰ ਤਾਂ ਲੱਗੇ ਹੋਏ ਨੇ ਤਾਲੇ। ਇਕ ਦਰਵਾਜ਼ਾ ਖੁਲ੍ਹਾ ਹੈ ਤੇ ਉਹਦੇ ਥਾਈਂ ਨਿਕਲ ਜਾਹ। ਕਹਿੰਦਾ, ਮਹਾਰਾਜ! ਮੈਨੂੰ ਦਿਸਦਾ ਨਹੀਂ ਹੈ, ਕ੍ਰਿਪਾ ਕਰੋ। ਕਹਿਣ ਲੱਗੇ, ਫੇਰ ਇਸ ਤਰ੍ਹਾਂ ਕਰ ਕੰਧ ਨਾਲ ਹੱਥ ਲਾ ਲੈ। ਬੰਦ ਦਰਵਾਜ਼ੇ ਛੱਡੀ ਜਾਈਂ ਅਖੀਰ ਦੇ ਉਤੇ ਇਕ ਖੁਲ੍ਹਾ ਆ ਹੀ ਜਾਣਾ ਹੈ, ਉਹਦੇ ਥਾਈਂ ਨਿਕਲ ਜਾਈਂ। ਇਸੇ ਤਰ੍ਹਾਂ ਕਰਿਆ, ਜਦੋਂ ਤੁਰਿਆ ਜਾਂਦਾ ਹੈ। ਦਰਵਾਜ਼ੇ ਮਨ ਵਿਚ ਗਿਣਦਾ ਵੀ ਜਾਂਦਾ ਹੈ ਕਿ ਇਕ ਆ ਗਿਆ, ਦੂਜਾ ਆ ਗਿਆ, ਤੀਜਾ ਆ ਗਿਆ, ਚੌਥਾ ਆ ਗਿਆ। ਜਦੋਂ ਖੁਲ੍ਹਾ ਦਰਵਾਜ਼ਾ ਆਇਆ, ਪੰਦਰਵਾਂ, ਸੋਲ੍ਹਵਾਂ, ਉਸ ਵੇਲੇ ਉਥੇ ਸ਼ਹਿਦ ਦਾ ਛੱਤਾ ਲੱਗਿਆ ਹੋਇਆ ਸੀ, ਮੱਖੀ ਉਡੀ, ਉਡ ਕੇ ਇਹਦੇ ਸਿਰ ਵਿਚ ਲੜ ਗਈ। ਗੰਜਾ ਸਿਰ ਸੀ, ਖੁਰਕ ਹੋਈ ਤੇ ਬਾਂਹ ਇਕ ਸੀ ਇਹਦੀ, ਟੁੰਡਾ ਸੀ, ਉਹਨੇ ਉਹੀ ਬਾਂਹ ਚੁੱਕ ਕੇ ਖਾਜ ਕਰਨੀ ਸ਼ੁਰੂ ਕਰ ਦਿਤੀ। ਇਹਦੇ ਨਾਲ ਇਹਨੂੰ ਖਿਆਲ ਆਇਆ ਕਿ ਹੋਰ ਮੱਖੀਆਂ ਨਾ ਲੜ ਜਾਣ, ਕਾਹਲੀ-ਕਾਹਲੀ ਤੁਰ ਪਿਆ। ਜਾ ਕੇ ਫੇਰ ਕੰਧ ਨਾਲ ਹੱਥ ਲਾ ਲਿਆ। ਫੇਰ ਗਿਣਦਾ ਜਾਂਦਾ ਹੈ। 84-85-90-95 ਫੇਰ ਰੋਣ ਲਗ ਗਿਆ ਕਿ ਮੇਰੇ ਨਾਲ ਤਾਂ ਮਖੌਲ ਹੋਇਐ। ਇਹ ਤਾਂ ਬੰਦ ਦਰਵਾਜ਼ੇ ਮੁਕਦੇ ਹੀ ਨਹੀਂ। ਵਧਦੇ ਹੀ ਜਾਂਦੇ ਨੇ ਇਹ ਤਾਂ ਜਿੰਨਾਂ ਮੈਂ ਗਿਣਦਾ ਹਾਂ। ਸੋ ਉਸ ਵੇਲੇ ਫੇਰ ਰੋਣ ਲਗ ਗਿਆ। ਮਹਾਤਮਾ ਕਹਿੰਦੇ, ਕੀ ਗੱਲ ਪ੍ਰੇਮੀਆਂ, ਤੂੰ ਨਿਕਲਿਆ ਨਹੀਂ ਹੈਂ? ਕਹਿੰਦਾ, ਮਹਾਰਾਜ! ਤੁਸੀਂ ਤਾਂ ਮੇਰੇ ਨਾਲ ਬੜਾ ਮਖੌਲ ਕਰਿਆ, ਮੇਰੇ ਨੇਤਰ ਹੈ ਨਹੀਂ। ਇਸ ਤਰ੍ਹਾਂ ਨਾ ਕਰੋ, ਮੈਨੂੰ ਦਸੋ। ਕਹਿੰਦੇ, ਅਸੀਂ ਤਾਂ ਸਹੀ ਰਸਤਾ ਦਸਿਆ ਸੀ, ਤੂੰ ਮੰਨਿਆ ਨਹੀਂ ਪੂਰੀ ਤਰ੍ਹਾਂ ਨਾਲ। ਤੂੰ ਇਸ ਤਰ੍ਹਾਂ ਦਸ ਕਿ ਕਿਤੇ ਹੱਥ ਵੀ ਚੁਕਿਆ ਸੀ। ਕਹਿੰਦਾ, ਹਾਂ ਜੀ ਇਕ ਥਾਂ ਚੁਕਿਆ ਸੀ। ਕਹਿੰਦੇ, ਉਹ ਕਿਉਂ ਚੁੱਕ ਲਿਆ? ਕਹਿੰਦੇ, ਮੱਖੀ ਲੜੀ ਸੀ। ਖੁਰਕ ਹੋਣ ਲਗ ਗਈ। ਮੈਂ ਹੱਥ ਚੁਕ ਲਿਆ। ਕਹਿੰਦੇ, ਤੁਰਿਆ ਵੀ ਗਿਆ। ਕਹਿੰਦਾ, ਹਾਂ ਜੀ, ਤੁਰਿਆ ਵੀ ਗਿਆ। ਕਹਿੰਦੇ, ਫੇਰ ਤੈਨੂੰ ਉਥੇ ਹੀ ਲੰਘ ਗਿਆ ਖੁਲ੍ਹਾ ਦਰਵਾਜ਼ਾ। ਹੁਣ ਨਾ ਇਸ ਤਰ੍ਹਾਂ। ਹੁਕਮ ਦੀ ਤਾਮੀਲ ਕਰੀ, ਦੂਸਰੀ ਵਾਰੀ ਜਦੋਂ ਖੁਲ੍ਹਾ ਦਰਵਾਜ਼ਾ ਆਇਆ, ਵਿਚੀਂ ਨਿਕਲਿਆ, ਸ਼ੁਕਰ ਕਰਿਆ ਰੱਬ ਦਾ ਕਿ ਮੈਂ ਨਿਕਲ ਆਇਆ। ਨਹੀਂ ਤਾਂ ਮੈਂ ਪਤਾ ਨਹੀਂ ਕਿੰਨੇ ਗੇੜੇ ਖਾਣੇ ਸੀ। ਸੋ ਇਹ ਦ੍ਰਿਸ਼ਟਾਂਤ ਹੈ।

ਦਾ-ਦ੍ਰਿਸ਼ਟਾਂਤ ਇਹਦਾ ਹੈ ਕਿ ਵਾਹਿਗੁਰੂ ਨੇ, ਆਹ ਜਿਹੜੀ ਭੂ-ਮੰਡਲ ਹੈ, ਜ਼ਿੰਦਗੀ ਹੈ ਜਿਹੜੀ ਇਹ 84 ਲੱਖ ਹਿੱਸਿਆਂ 'ਚ ਵੰਡੀ ਹੋਈ ਹੈ। ਜੂਨਾਂ ਵਿਚ। ਇਹਦੇ ਵਿਚ 83 ਲੱਖ 99 ਹਜ਼ਾਰ, 999 ਜੂਨਾਂ ਵਾਸਤੇ ਦਰਵਾਜ਼ੇ ਬੰਦ ਨੇ। ਭੋਗ ਜੂਨੀਆਂ ਨੇ, ਪੁੰਨ ਲਗਦਾ ਹੈ, ਪਾਪ ਨਹੀਂ ਲਗਦਾ। ਉਹ ਪੁੰਨ ਵੀ ਤਾਂ ਲਗਦਾ ਹੈ ਜੇ ਕੋਈ ਸਵਾਰੀ ਮਹਾਂਪੁਰਸ਼ਾਂ ਦੀ ਸੇਵਾ 'ਚ ਹੋਵੇ।

ਗੁਰੂ ਦਸਵੇਂ ਪਾਤਸ਼ਾਹ ਜੀ ਦੇ ਜਿਹੜੇ ਦੋ ਘੋੜੇ ਸੀ, ਸੇਵਾ ਕਰਕੇ ਇਹਨਾਂ ਦੀ ਮੁਕਤੀ ਹੋਈ ਹੈ। ਹੋਰ ਵੀ ਮਹਾਂਪੁਰਸ਼ਾਂ ਦੀਆਂ ਸਵਾਰੀਆਂ ਨੇ, ਜਿਨ੍ਹਾਂ ਦੀਆਂ ਨੇ, ਉਹ ਉਹਨਾਂ ਨੂੰ ਨਾਲ ਹੀ ਮੁਕਤ ਕਰਕੇ ਲੈ ਗਏ ਕਿਉਂਕਿ ਸੇਵਾ ਕਰੀ ਉਹਨਾਂ ਨੇ। ਕੁੱਤਿਆਂ ਦੀਆਂ ਵੀ ਮੁਕਤੀਆਂ ਹੋਈਆਂ ਨੇ, ਸੱਪਾਂ ਦੀਆਂ ਵੀ ਮੁਕਤੀਆਂ ਕਰੀਆਂ ਨੇ ਮਹਾਂਪੁਰਸ਼ਾਂ ਨੇ। ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ ਕਿ ਸਿਰਫ ਮਨੁੱਖ ਵਾਸਤੇ ਰਸਤਾ ਖੁਲ੍ਹਾ ਹੈ, ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਕਰਕੇ। ਉਹ ਇਹਦੇ 'ਚੋਂ ਛੁਟਕਾਰਾ ਪਾ ਸਕਦੈ। ਹੋਰ ਜੂਨਾਂ ਨੂੰ ਇਹ ਅਧਿਕਾਰ ਨਹੀਂ ਤੇ ਇਹ ਜਿਹੜਾ ਪੁਰਸ਼ ਹੈ ਇਹ ਅੱਖਾਂ ਤੋਂ ਅੰਨ੍ਹਾ ਹੈ ਕਿਉਂਕਿ ਵਿਚਾਰ ਦੀਆਂ ਅੱਖਾਂ ਨਹੀਂ ਇਹਦੇ ਕੋਲ, ਵੈਰਾਗ ਨਾ ਹੋਣ ਕਰਕੇ ਟੁੰਡਾ ਹੈ, ਇਹ ਦੋਵੇਂ ਚੀਜ਼ਾਂ ਤੋਂ ਹੀਣਾ ਹੈ, ਨਾ ਤਾਂ ਵਿਚਾਰ ਹੈ ਨਾ ਇਹਦੇ ਅੰਦਰ ਵੈਰਾਗ ਹੈ। ਇਹ ਗੇੜੇ ਖਾਂਦਾ ਫਿਰਦਾ ਹੈ, ਜਦੋਂ ਖੁਲ੍ਹਾ ਦਰਵਾਜ਼ਾ ਆਉਂਦਾ ਹੈ, ਇਹਨੂੰ ਖੁਰਕ ਹੋ ਜਾਂਦੀ ਹੈ, ਵਿਸ਼ੇ-ਵਿਕਾਰਾਂ ਦੀ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੭*

ਬਹੁਤ ਸਾਰੇ ਗੇੜੇ ਖਾ ਚੁੱਕੇ ਨੇ ਤੇ ਫੇਰ ਜਦੋਂ ਵਾਰੀ ਆਉਂਦੀ ਹੈ, ਕਹਿਣ ਲੱਗੇ, ਦੇਖ ਪ੍ਰੇਮੀਆਂ ਹੁਣ ਤੂੰ ਮਨੁੱਖ ਬਣ ਜਾ। ਤੂੰ ਕਬਰਾਂ ਨੂੰ ਮੱਥੇ ਟੇਕ ਕੇ ਆਪਣਾ ਜਨਮ ਬਿਰਥਾ ਗਵਾਉਣਾ ਹੈ, ਅੱਧੀ ਉਮਰ ਤਾਂ ਤੇਰੀ ਚਲੀ ਗਈ। ਤੇਰਾ ਮਨ ਮੰਨਦਾ ਨਹੀਂ ਇਸ ਚੀਜ਼ ਨੂੰ? ਕਹਿੰਦਾ, ਭਾਈ ਤਿਲਕੂ ਜੀ! ਮੈਂ ਤਾਂ ਗੱਲ ਅੱਜ ਹੀ ਸੁਣੀ ਹੈ। ਅੱਜ ਤਕ ਤਾਂ ਮੈਂ ਇਹ ਬਾਤ ਹੀ ਨਹੀਂ ਸੁਣੀ। ਨਾ ਮੈਨੂੰ ਕਿਸੇ ਨੇ ਦਸੀ ਤੇ ਜੇ ਕੋਈ ਮੈਨੂੰ ਦਸ ਦਿੰਦਾ ਤਾਂ ਹੋ ਸਕਦਾ ਹੈ ਕਿ ਮੈਂ ਮੰਨਦਾ ਵੀ ਨਾ। ਇਹ ਤਾਂ ਤੇਰਾ ਸਤਿਕਾਰ ਹੈ, ਰਿਸ਼ਤੇਦਾਰ ਹੈਂ ਤੂੰ ਮੇਰਾ। ਠੀਕ ਹੈ, ਜੋ ਕੁਛ ਤੂੰ ਮੈਨੂੰ ਕਹਿੰਦਾ ਹੈਂ। ਉਹ ਕਹਿੰਦੇ, ਦੇਖ ਆਪਣਾ ਸਰੀਰ ਕਿਵੇਂ ਬਣਿਆ ਹੈ। ਮਾਤਾ ਦੇ ਪੇਟ 'ਚ 9 ਮਹੀਨੇ ਪੁੱਠਾ ਲਟਕਦਾ ਰਿਹਾ। ਉਸ ਵੇਲੇ ਬੇਨਤੀਆਂ ਕਰਦਾ ਸੀ। ਜਦੋਂ ਸੰਸਾਰ 'ਚ ਆਇਆ–

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥ ਅੰਗ - ੯੨੧*

ਤੇ ਸੰਸਾਰ 'ਚ ਆਉਂਦੇ ਸਾਰ ਇਹ ਪ੍ਰਮੇਸ਼ਰ ਨੂੰ ਭੁੱਲ ਗਿਆ। ਇਹ ਮਾਇਆ ਨੇ ਸਾਡੇ ਉਤੇ ਅਸਰ ਕਰ ਦਿਤਾ। ਇਹ ਮਾਇਆ ਦੇ ਵਿਚ ਬਹੁ ਸ਼ਕਤੀ ਹੈ ਸਾਧਸੰਗਤ ਜੀ। ਜਿਹੜੇ ਮਨਮੁਖ ਬੰਦੇ ਨੇ–

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥*
*ਅੰਗ - ੫੧੦*

ਜਿਹੜਾ ਇਹਦੇ ਪਿਆਰ ਦੇ ਵਿਚ ਪੈਂਦਾ ਹੈ, ਉਹਨੂੰ ਖਾ ਜਾਂਦੀ ਹੈ –

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ ॥ ਅੰਗ- ੬੪੩*

ਸਾਰਾ ਸੰਸਾਰ ਮਾਇਆ ਨੇ ਖਾ ਲਿਆ ਪਰ ਸਾਧੂਆਂ ਦੀ ਤਾਂ ਇਹ ਸੇਵਾ ਕਰਦੀ ਹੈ –

*ਸਾਧੂ ਕੈ ਠਾਢੀ ਦਰਬਾਰਿ ॥*
*ਸਰਨਿ ਤੇਰੀ ਮੋ ਕਉ ਨਿਸਤਾਰਿ ॥ ਅੰਗ - ੮੭੨*

ਬੇਨਤੀਆਂ ਕਰਦੀ ਹੈ ਕਿ ਮੈਂ ਤੇਰੀ ਸ਼ਰਨ ਆਈ ਹਾਂ, ਮੈਨੂੰ ਕਿਤੇ ਸ਼ੁਭ ਥਾਂ ਦੇ ਉਤੇ ਲਾ ਦਿਓ ਤੇ ਮੇਰਾ ਨਿਸਤਾਰਾ ਕਰ ਦਿਓ –

*ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥*
*ਚਰਣੀ ਲਾਗੈ ਤਾ ਮਹਲੁ ਪਾਵੈ ॥ ਅੰਗ - ੨੩੧*

ਚਰਨੀਂ ਲਗ ਕੇ ਬਾਰ-ਬਾਰ ਬੇਨਤੀ ਕਰਦੀ ਹੈ–

*ਗਿਆਨੀ ਕੀ ਹੋਇ ਵਰਤੀ ਦਾਸਿ ॥*
*ਕਰ ਜੋੜੇ ਸੇਵਾ ਕਰੇ ਅਰਦਾਸਿ ॥*
*ਜੋ ਤੂੰ ਕਹਹਿ ਸੁ ਕਾਰ ਕਮਾਵਾ ॥*
*ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥ ਅੰਗ- ੩੭੦*

ਕਹਿੰਦੀ, ਮੇਰਾ ਬਲ ਤੁਹਾਡੇ 'ਤੇ ਨਹੀਂ ਪੈਂਦਾ। ਜਿਹੜਾ ਵੀ ਤੂੰ ਕੰਮ ਕਹੇਂਗਾ, ਉਹ ਮੈਂ ਕਰਾਂਗੀ। ਸੋ ਕਹਿੰਦੇ, ਇਹ ਮਾਇਆ ਜਿਹੜੀ ਹੈ, ਮਨਮੁਖਾਂ ਨੂੰ ਤਾਂ ਇਹ ਖਾ ਗਈ। ਸੋ ਇਹ ਜਿਹੜੀ ਤੈਨੂੰ ਦੇਹੀ ਪ੍ਰਾਪਤ ਹੋਈ ਹੈ –

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਓਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ।*

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ ॥*
*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ੨ ॥*
*ਅਬ ਨ ਭਜਸਿ ਭਜਸਿ ਕਬ ਭਾਈ ॥*
*ਆਵੈ ਅੰਤੁ ਨ ਭਜਿਆ ਜਾਈ ॥ ਅੰਗ - ੧੧੫੯*

ਜਿਹੜੇ ਸਵਰਗ ਲੋਕਾ 'ਚ ਦੇਵਤੇ ਬੈਠੇ ਨੇ, ਉਹ ਵੀ ਆਪਣਾ ਸਮਾਂ ਦੇਖਦੇ ਨੇ ਕਿ ਮੇਰਾ ਹਜ਼ਾਰ ਸਾਲ ਦਾ ਸਵਰਗ ਹੋਰ ਰਹਿ ਗਿਆ, ਫੇਰ ਮੈਂ ਮਨੁੱਖ ਬਣਾਂਗਾ। ਮਨੁੱਖ ਬਣ ਕੇ ਫੇਰ ਕੀ ਕਰੇਂਗਾ? ਕਹਿੰਦੇ, ਕਿਸੇ ਸਮਰੱਥ ਗੁਰੂ ਦੀ ਸ਼ਰਨ ਲਵਾਂਗਾ, ਉਸ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ, ਨਾਮ ਦੀ ਕਮਾਈ ਕਰਾਂਗਾ। ਕਰਮ, ਉਪਾਸਨਾ, ਗਿਆਨ, ਵਿਗਿਆਨ ਦੀ ਪ੍ਰਾਪਤੀ ਕਰਕੇ ਫੇਰ ਮੈਂ ਪਰਮ ਪਦ ਦੀ ਪ੍ਰਾਪਤੀ ਕਰਾਂਗਾ, ਜਿਥੇ ਜਾ ਕੇ ਕਾਲ ਦਾ ਚੱਕਰ ਖਤਮ ਹੋ ਜਾਂਦੈ। ਅਕਾਲ ਮੰਡਲ ਦੇ ਵਿਚ, ਸਚਖੰਡ ਦੇ ਵਿਚ ਪ੍ਰਵੇਸ਼ ਕਰਾਂਗਾ। ਸੋ ਕਹਿੰਦੇ, ਦੇਵਤੇ ਵੀ ਇਸ ਚੀਜ਼ ਨੂੰ ਲੋਚਦੇ ਨੇ – ***'ਭਜਹੁ ਗੋੁਬਿੰਦ ਭੂਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥"*** ਐ ਪ੍ਰੇਮੀਓ! ਜਿਨ੍ਹਾਂ ਨੂੰ ਮਨੁੱਖਾ ਦੇਹੀ ਪ੍ਰਾਪਤ ਹੋਈ-ਹੋਈ ਹੈ। ਤੁਸੀਂ ਰੱਬ ਦਾ ਨਾਮ ਜਪਣਾ ਸ਼ੁਰੂ ਕਰੋ। ਕਿਤੇ

ਦੇਖਿਓ ਸਾਡੀ ਗੱਲ ਭੁੱਲ ਨਾ ਜਾਇਆ। ***'ਜਬ ਲਗੁ ਜਰਾ ਰੋਗੁ ਨਹੀ ਆਇਆ ॥'*** ਜਿੰਨਾਂ ਚਿਰ ਬੁਢਾਪੇ ਦਾ ਰੋਗ ਨਹੀਂ ਲੱਗਿਆ। ਬੁਢਾਪੇ ਦਾ ਰੋਗ ਬੜਾ ਮਾੜਾ ਹੈ, ਇਹਦਾ ਕੋਈ ਇਲਾਜ ਨਹੀਂ। ਦਿਨੋ ਦਿਨ ਪੁਰਾਣਾ ਹੁੰਦਾ ਹੈ ਸਰੀਰ। ਡਾਕਟਰਾਂ ਦੀਆਂ ਦਵਾਈਆਂ ਵਗੈਰਾ ਸਭ ਫੇਲ੍ਹ ਹੋ ਜਾਂਦੀਆਂ ਨੇ। ਗੋਡੇ ਹੀ ਦੁਖੀ ਜਾਂਦੇ ਨੇ ਕਿਸੇ ਦਾ ਸਰੀਰ ਹੀ ਦੁਖੀ ਜਾਂਦੈ, ਕਿਸੇ ਨੂੰ ਅੱਖਾਂ ਤੋਂ ਹੀ ਨਹੀਂ ਦਿਸਦਾ। ਕਿਸੇ ਨੂੰ ਕੰਨਾਂ ਤੋਂ ਨਹੀਂ ਸੁਣਦਾ, ਕਿਸੇ ਦੀਆਂ ਜਾੜ੍ਹਾਂ ਹੀ ਦੁਖੀ ਜਾਂਦੀਆਂ ਨੇ। ਕਿਸੇ ਨੂੰ ਤਾਪ ਹੀ ਚੜ੍ਹੀ ਜਾਂਦਾ ਹੈ। ਕਹਿੰਦੇ, ਪਹਿਲਾਂ-ਪਹਿਲਾਂ ਹੀ ਜਪ ਲੈ। ਜਵਾਨੀ ਤੁਹਾਡੇ 'ਤੇ ਹੈਗੀ, ਜਵਾਨੀ 'ਚ ਜਪ ਲਓ। ***'ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥'*** ਜਿੰਨਾਂ ਚਿਰ ਤਕ ਕੋਈ ਭਿਆਨਕ ਬਿਮਾਰੀ ਨਹੀਂ ਲੱਗੀ - ***'ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥'*** ਜਿੰਨਾਂ ਚਿਰ ਜੀਭ ਤੇਰੀ ਸਹੀ ਬੋਲਦੀ ਹੈ, ਬੋਲ ਪਿਆ ਕਰ ਧਾਰਨਾ ਦੇ ਅੰਦਰ। ਜਿਵੇਂ ਪਪੀਹਾ ਪਿਰਹੁੰ-ਪਿਰਹੁੰ ਕਰਦੈ, ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਕਰ। ਜਪੀ ਜਾਹ ਦਿਨ ਰਾਤ ਨਾਮ। ਕਹਿੰਦੇ, ਜੇ ਭਜਨਾ ਹੈ ਤਾਂ ਹੁਣੇ ਭਜ ਲੈ। ***'ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥ '*** ਜੇ ਹੁਣ ਨਹੀਂ ਤੂੰ ਨਾਮ ਜਪਦਾ, ਫੇਰ ਮੈਨੂੰ ਦਸ ਦੇ ਕਦੋਂ ਜਪੇਂਗਾ? ਜਦੋਂ ਅੰਤ ਸਮਾਂ ਆ ਗਿਆ ਫੇਰ ਤਾਂ ਰੌਲਾ-ਗੌਲਾ ਹੀ ਮਚ ਜਾਣੈ ਕਿ ਚਲਿਆ ਮੈਂ ਸੰਸਾਰ ਤੋਂ। ਫਲਾਣੇ ਡਾਕਟਰ ਨੂੰ ਬੁਲਾਓ, ਮੈਨੂੰ ਛੇਤੀ ਲੈ ਜਾਓ ਪੀ.ਜੀ.ਆਈ। ਫੇਰ ਉਹਨਾਂ ਨੇ ਤਾਂ ਤੈਨੂੰ ਰੱਖ ਨਹੀਂ ਲੈਣਾ। ਰੌਲਾ-ਗੌਲਾ ਮਚ ਜਾਏਗਾ, ਉਸ ਵੇਲੇ ਰਾਮ-ਰਾਮ ਕਹੇਂਗਾ ਕਿ ਫੇਰ ਆਪਣੇ ਜਾਣ ਬਾਰੇ ਸੋਚੇਂਗਾ। ਕਹਿ ਨਹੀਂ ਹੋਣਾ, ਫੇਰ ਨਹੀਂ ਕਹਿ ਹੁੰਦਾ। ਐਸਾ ਫੁਰਮਾਨ ਹੈ-

*ਧਾਰਨਾ - ਜਪਿਆ ਨਹੀਂ ਜਾਣਾ,*
*ਜਦੋਂ ਅੰਤ ਵੇਲਾ ਆ ਗਿਆ।*

ਕਹਿਣ ਲੱਗੇ, ਫੇਰ ਨਹੀਂ ਵਾਹਿਗੁਰੂ, ਰਾਮ, ਅੱਲਾਹ, ਮੂੰਹ 'ਚੋਂ ਨਿਕਲਣਾ।

ਇਕ ਅਜਾਮਲ ਦੀ ਸਾਖੀ ਸੁਣ ਰਿਹਾ ਸੀ ਕਿ ਅਜਾਮਲ ਨੇ ਪੁੱਤਰ ਦਾ ਨਾਮ ਨਰਾਇਣ ਰੱਖ ਦਿਤਾ ਤੇ ਅੰਤ ਸਮੇਂ ਉਹਨੇ ਨਰਾਇਣ ਕਹਿ ਕੇ ਹਾਕ ਮਾਰੀ, ਉਹਦੇ ਸਾਰੇ ਪਾਪ ਖਤਮ ਕਰਕੇ, ਪ੍ਰਮੇਸ਼ਰ ਉਹਨੂੰ ਬੈਕੁੰਠ ਧਾਮ 'ਚ ਲੈ ਗਿਆ -

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ ॥* *ਅੰਗ - ੯੦੨*
*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ - ੯੮੧*

ਕਹਿੰਦੇ, ਉਹਨੇ ਜੇ ਨਰਾਇਣ ਕਹਿ ਕੇ ਅਵਾਜ਼ ਮਾਰ ਲਈ, ਮੈਂ ਵੀ ਬੇਟਿਆਂ ਦਾ ਇਹੋ ਜਿਹਾ ਨਾਮ ਰਖ ਲਵਾਂ। ਚਾਰ ਮੁੰਡੇ ਸੀ। ਇਕ ਦਾ ਨਾਮ ਰਾਮਚੰਦਰ ਰਖ ਲਿਆ, ਇਕ ਦਾ ਕ੍ਰਿਸ਼ਨ ਰਖ ਲਿਆ, ਇਕ ਦਾ ਨਰਾਇਣ ਤੇ ਇਕ ਦਾ ਗੋਬਿੰਦ ਰਖ ਲਿਆ ਕਿ ਕੋਈ ਤਾਂ ਨੇੜੇ ਹੋਏਗਾ। ਮੈਂ ਅਵਾਜ਼ ਮਾਰ ਦੇਵਾਂਗਾ ਮਰਨ ਵੇਲੇ ਗੋਬਿੰਦ, ਉਹ ਜਿਸ ਵਕਤ ਬਿਮਾਰ ਹੋ ਗਿਆ, ਅਟਕਲੀਆਂ, ਪਟਕਲੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਭਾਈਚਾਰਾ ਸਾਰਾ ਬੈਠਾ ਹੈ, ਕਹਿਣ ਲੱਗੇ, ਸੇਠ ਜੀ ਤਾਂ ਜਾ ਰਹੇ ਨੇ। ਇਹ ਤਾਂ ਗੱਲਾਂ ਉਲਟੀਆਂ-ਪੁਲਟੀਆਂ ਕਰ ਰਹੇ ਨੇ। ਇਹਨਾਂ ਤੋਂ ਪ੍ਰਮੇਸ਼ਰ ਦਾ ਨਾਮ ਮੁਖ ਤੋਂ ਕਹਾਈਏ, ਨਹੀਂ ਤਾਂ ਇਹਨਾਂ ਦੀ ਗਤੀ ਨਹੀਂ ਚੰਗੀ ਹੋਣੀ। ਸੋ ਉਸ ਵੇਲੇ ਸਿਆਣਾ ਪੁਰਸ਼ ਚਾਰੋ ਮੁੰਡਿਆਂ ਨੂੰ ਕਹਿਣ ਲਗਿਆ, ਬੇਟਾ! ਉਰ੍ਹੇ ਆਓ ਤੁਸੀਂ, ਪੈਂਦ ਵਲ ਖੜ੍ਹੇ ਹੋ ਜਾਓ। ਪੈਂਦ ਵਲ ਖੜ੍ਹੇ ਕਰ ਦਿਤੇ, ਕਹਿੰਦੇ ਸੇਠ ਜੀ! ਇਹਨਾਂ ਨੂੰ ਪਛਾਣਦੇ ਹੋਂ? ਦੱਸੋ ਕੌਣ-ਕੌਣ ਖੜ੍ਹੇ ਨੇ ਨਾਉਂ ਲੈ ਕੇ। ਸੇਠ ਨੂੰ ਦੇਖੀ ਜਾਂਦੈ, ਕਹਿਣ ਲੱਗਿਆ, ਓਏ ਤੁਸੀਂ ਚਾਰੋ ਹੀ ਆ ਗਏ ਦੁਕਾਨ ਬੰਦ ਕਰ ਕੇ? ਉਥੇ ਕੋਈ ਵੀ ਨਹੀਂ ਹੈ? ਐਨਾ ਕਹਿ ਕੇ ਮਰ ਗਿਆ।

ਸਾਰੀ ਜ਼ਿੰਦਗੀ ਤਾਂ ਇਸ ਆਸ ਵਿਚ ਰਿਹਾ ਕਿ ਨਾਮ ਕੀ ਜਪਣੈ। ਐਨੀ ਗੱਲ ਹੀ ਕਹਿਣੀ ਹੈ ਅਜਾਮਲ ਵਾਂਗੂੰ ਅਸੀਂ ਵੀ ਕਹਿ ਦੇਵਾਂਗੇ। ਕਹਿ ਤਾਂ ਹੁੰਦੀ ਹੈ -

*ਜੈਸੇ ਘਰ ਲਾਗੇ ਆਗਿ ਜੋਈ ਬਚੈ ਸੋਈ ਭਲੋ*
*ਜਰਿ ਬੁਝੇ ਪਾਛੇ ਕਛੁ ਚਸੁ ਨ ਬਸਾਤ ਹੈ।*
*ਭਾਈ ਗੁਰਦਾਸ ਜੀ*

ਕਹਿੰਦਾ, ਛੇਤੀ ਲਿਆਓ ਕਹੀਆਂ ਖੂਹ ਪੁੱਟੀਏ। ਕੀ ਕਰਨੈ? ਕਹਿੰਦਾ, ਪਾਣੀ ਕੱਢਣੈ -

*ਜੈਸੇ ਘਰਿ ਲਾਗੈ ਆਗਿ ਜਾਗਿ ਕੂਆ ਖੋਦਿਓ ਚਾਹੈ,*
*ਕਾਰਜੁ ਨ ਸਿਧਿ ਹੋਇ ਰੋਇ ਪਛੁਤਾਈਐ॥*
*ਭਾਈ ਗੁਰਦਾਸ ਜੀ*

ਘਰ ਸਾਰਾ ਜਲ ਜਾਏਗਾ। ਪਾਣੀ ਤਾਂ ਫੇਰ ਵੀ ਨਹੀਂ ਨਿਕਲਣਾ।

*ਜੈਸੇ ਤਉ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਬਿਦਿਆ।*

*ਭਾਈ ਗੁਰਦਾਸ ਜੀ*

ਓਧਰ ਤਾਂ ਦੁਸ਼ਮਨ ਨੇ ਹਮਲਾ ਕਰ ਦਿਤਾ, ਓਧਰ ਕਹਿੰਦੇ, ਛੇਤੀ-ਛੇਤੀ ਭਰਤੀ ਕਰਕੇ ਸਿਪਾਹੀਆਂ ਨੂੰ ਟਰੇਨਿੰਗ ਦੇਈਏ। ਕਾਰਖਾਨੇ ਲਾਓ, ਛੇਤੀ-ਛੇਤੀ ਹਥਿਆਰ ਬਣਾਈਏ।

*ਅਨਿਥਾ ਉਦਮ ਜੈਤ ਪਦਵੀ ਨ ਪਾਈਐ।*

*ਭਾਈ ਗੁਰਦਾਸ ਜੀ*

ਤੂੰ ਤਾਂ ਫਜ਼ੂਲ ਉਦਮ ਕਰ ਰਿਹੈਂ। ਜਿੱਤ ਤਾਂ ਮਿਲਣੀ ਨਹੀਂ। ਇਹ ਤਾਂ ਪਹਿਲਾਂ ਹੀ ਤਿਆਰ ਚਾਹੀਦਾ ਸੀ।

*ਜੈਸੇ ਨਿਸਿ ਸੋਵਤ ਸੰਘਾਤੀ ਚਲਿ ਜਾਇ...।*

*ਭਾਈ ਗੁਰਦਾਸ ਜੀ*

ਇਕੱਠੇ ਹੋਏ ਜਾ ਰਹੇ ਨੇ, ਸ੍ਰੀ ਹੇਮਕੁੰਟ ਸਾਹਿਬ ਨੂੰ ਜਾ ਰਹੇ ਨੇ ਜਾਂ ਕਿਸੇ ਹੋਰ ਤੀਰਥ ਨੂੰ ਜਾ ਰਹੇ ਨੇ। ਰਾਤ ਨੂੰ ਸੌਂ ਗਏ ਤੇ 2 ਵਜੇ ਉਠ ਕੇ ਬਾਕੀ ਤਾਂ ਟੁਰ ਗਏ, ਇਹ ਅਰਾਮ ਨਾਲ ਪਿਆ ਹੈ। ਜਦੋਂ ਦਿਨ ਚੜ੍ਹ ਗਿਆ, ਫੇਰ ਸਮਾਨ ਬੰਨ੍ਹ ਕੇ ਨੱਠ ਕੇ ਜਾ ਕੇ ਕਿਵੇਂ ਰਲ ਜਾਏਗਾ। ਉਹ ਤਾਂ ਨਿਕਲ ਗਏ ਦੂਰ।

*ਭੋਰ ਭਏ ਭਾਰ ਬਾਂਧ ਚਲੇ ਕਤ ਜਾਈਐ॥*

*ਭਾਈ ਗੁਰਦਾਸ ਜੀ*

ਹੁਣ ਨਿੰਦਿਆ, ਚੁਗਲੀ, ਈਰਖਾ, ਬਖੀਲੀ, ਮਾਇਆ ਵਿਚ ਕਿਰਬਲ-ਕਿਰਬਲ ਕਰਦੇ ਦੀ ਸਾਰੀ ਉਮਰ ਲੰਘ ਗਈ। ਫੇਰ ਜਦੋਂ ਅੰਤ ਸਮਾਂ ਆਇਆ-

*ਤੈਸੇ ਮਾਇਆ ਧੰਧ ਅੰਧ ਅਵਧਿ ਬਿਹਾਇ ਜਾਇ,*
*ਅੰਤ ਕਾਲ ਕੈਸੇ ਹਰਿ ਨਾਮ ਲਿਵ ਲਾਈਐ॥*

*ਭਾਈ ਗੁਰਦਾਸ ਜੀ*

ਹੁਣ ਲਿਵ ਲਗਣੀ ਹੈ ਉਨ੍ਹਾਂ ਚੀਜ਼ਾਂ ਨਾਲ ਜਿਹੜੀਆਂ ਜ਼ਿੰਦਗੀ ਭਰ ਕਰਦਾ ਰਿਹੈਂ ਕਿ ਨਾਮ ਨਾਲ ਲੱਗੇਗੀ? ਨਾਮ ਜਪਣ ਦੀ ਤਾਂ ਆਦਤ ਹੀ ਨਹੀਂ ਪਾਈ। ਫੇਰ ਉਸ ਵੇਲੇ ਕੁਝ ਨਹੀਂ ਬਣਦਾ, ਕੇਵਲ ਰੋਣਾ ਪੱਲੇ ਰਹਿ ਜਾਂਦੈ -

*ਧਾਰਨਾ - ਰੋਵੇਂਗੀ ਜਿੰਦੇ ਵੇਲਾ ਹੱਥ ਨਹੀਂ ਆਉਣਾ।*

*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ਅੰਗ - ੧੧੫੯*

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ*
*ਅਬ ਕਿਉ ਰੋਵਤ ਅੰਧ ॥ ਅੰਗ - ੧੪੨੮*

ਕਹਿੰਦੇ, ਅੰਨ੍ਹੇ ਪੁਰਸ਼, ਹੁਣ ਰੋ ਰਿਹੈਂ? ਜਦੋਂ ਗੁਰੂ ਤੈਨੂੰ ਹਾਕਾਂ ਮਾਰ-ਮਾਰ ਕੇ ਸਮਝਾਉਂਦੇ ਸੀ। ਉਸ ਵੇਲੇ ਤੂੰ ਕੁਛ ਕਰਿਆ ਨਹੀਂ। ਹੁਣ ਨਹੀਂ ਕੁਛ ਵੀ ਬਣਨਾ। ਇਹ ਤਾਂ ਜਿਉਂਦਾ-ਜਿਉਂਦਾ ਹੀ ਕਰ ਲੈ, ਜਦ ਤਕੜਾ ਹੈਂ ਉਸੇ ਵੇਲੇ ਕਰ ਲੈ। ਹੁਣ ਤਾਂ ਤੂੰ ਮੰਜੇ 'ਤੇ ਪਿਐਂ, ਇਕ ਬਾਂਹ ਤੇਰੀ ਜਮਦੂਤਾਂ ਨੇ ਫੜੀ ਹੋਈ ਹੈ, ਇਕ ਪਾਸੇ ਤੂੰ ਕਹਿੰਦਾ ਹੈ ਕਿ ਮੈਂ ਹੁਣ ਨਾਮ ਜਪ ਲਵਾਂ, ਦਾਨ ਕਰ ਲਵਾਂ। ਹੁਣ ਤਾਂ ਕੁਛ ਨਹੀਂ ਹੁੰਦਾ -

*ਮਨ ਕੀ ਮਨ ਹੀ ਮਾਹਿ ਰਹੀ ॥*
*ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥ ੧ ॥*
*ਰਹਾਉ ॥ ਅੰਗ - ੬੩੧*

ਕਹਿੰਦੇ, ਕੁਝ ਨਹੀਂ ਕਰਿਆ, ਨਾ ਦਾਨ ਕਰਿਆ, ਨਾ ਪੁੰਨ ਕਰਿਆ, ਨਾ ਸੇਵਾ ਕਰੀ ਹੈ ਗੁਰੂ ਦੀ, ਹੁਣ ਕੀ ਬਣੇਗਾ?

ਇਕ ਸੇਠ ਸੀ ਉਹਨੇ ਆਪਣੇ ਚਾਰ ਬੱਚਿਆਂ ਵਿਚ ਧਨ ਵੰਡ ਕੇ ਪੰਜਵਾਂ ਹਿੱਸਾ ਆਪ ਰੱਖ ਲਿਆ। ਉਹ ਜੋ ਪੈਸਾ ਉਸ ਨੂੰ ਮਿਲਿਆ, ਗਹਿਣੇ ਆਦਿ ਉਹਨੇ ਕੰਧ ਦੇ ਵਿਚ ਆਲਾ ਬਣਾ ਕੇ, ਉਹਦੇ ਵਿਚ ਰੱਖ ਕੇ ਉਤੇ ਇੱਟਾਂ ਲਾ ਦਿਤੀਆਂ ਕਿ ਕੋਈ ਚੋਰ ਨਾ ਕੱਢ ਲਵੇ। ਅਖੀਰ ਅੰਤ ਸਮਾਂ ਆ ਗਿਆ। ਉਹਦੇ ਮੁੰਡਿਆਂ ਨੂੰ ਪਤਾ ਸੀ ਕਿ ਬਾਪੂ ਨੇ ਇਥੇ ਪੈਸੇ ਰੱਖੇ ਨੇ, ਆਹ ਕੰਧ ਦੇ ਵਿਚ। ਠੀਕ ਹੈ, ਸਾਨੂੰ ਪਤਾ ਰਹਿਣਾ ਚਾਹੀਦਾ ਹੈ। ਉਸ ਵੇਲੇ ਉਹਦੇ ਮਨ ਵਿਚ ਖਿਆਲ ਆਇਆ ਕਿ ਮੈਂ ਤਾਂ ਇਹ ਦਾਨ ਕਰਨ ਵਾਸਤੇ ਰੱਖੇ ਸੀ, ਸੋਚਦਾ ਮੈਂ ਇਹ ਰਿਹਾ ਕਿ ਮੈਂ ਹੁਣ ਕਰਾਂਗਾ, ਹੁਣ ਕਰਾਂਗਾ। ਉਥੇ ਕਰਾਂਗਾ, ਉਹ ਬੰਦੇ ਚੰਗੇ ਨਹੀਂ ਉਹ ਮਾੜੇ ਨੇ। ਇਸ ਤਰ੍ਹਾਂ ਹੀ ਕਰੀ ਗਿਆ, ਮੌਕਾ ਹੀ ਨਾ ਮਿਲਿਆ। ਅਖੀਰ ਪੰਚਾਇਤ ਇਕੱਠੀ ਹੋ ਗਈ। ਕਹਿਣ ਲੱਗੇ ਸੇਠ ਜੀ! ਕੋਈ ਗੱਲ ਦਸ ਦਿਓ, ਜ਼ੁਬਾਨ ਹੁਣ ਬੰਦ ਹੋ ਗਈ। ਬੋਲਿਆ ਨਹੀਂ ਜਾਂਦਾ। ਉਹ ਸਾਰਿਆਂ ਨੂੰ ਦਿਖਾ ਕੇ ਕੰਧ ਵਲ ਹੱਥ ਕਰੀ ਜਾਂਦੇ। ਜਿਥੇ ਪੈਸੇ ਪਏ ਸੀ। ਬਾਂਹ ਸਾਮ੍ਹਣੇ ਵਲ ਕਰ ਦਿੰਦੈ। ਉਹ ਮੁੰਡਿਆਂ ਨੂੰ ਕਹਿੰਦੇ ਕਿ ਸਾਡੇ ਤਾਂ ਨਹੀਂ ਸਮਝ ਪੈਂਦੀ, ਤੁਸੀਂ ਦੱਸੋ? ਮੁੰਡੇ ਸਾਰੇ ਸਮਝਦੇ ਸੀ ਕਿ ਕੀ ਕਹਿੰਦੈ। ਉਹ ਕਹਿੰਦੇ, ਬਾਪੂ ਇਸ ਤਰ੍ਹਾਂ ਕਹਿੰਦੈ ਕਿ ਪੈਸਾ

*(ਬਾਕੀ ਪੰਨਾ 47 'ਤੇ)*

# ਮਿਰਤਕ ਕਹੀਅਹਿ ਨਾਨਕਾ
# ਜਿਹ ਪ੍ਰੀਤਿ ਨਹੀਂ ਭਗਵੰਤ॥

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-32)***

ਸੋ ਮਹਾਰਾਜ ਕਹਿੰਦੇ -

*ਮਿਥਿਆ ਤਨ ਨਹੀ ਪਰਉਪਕਾਰਾ ॥ ਅੰਗ - ੨੬੯*

ਜਿਹਦੇ ਤਨ ਵਿਚ ਪਰਉਪਕਾਰ ਦੀ ਕੋਈ ਇੱਛਿਆ ਨਹੀਂ ਉਠਦੀ, ਉਹਦਾ ਜੀਵਨ ਕੁਛ ਨਹੀਂ ਹੋਇਆ ਕਰਦਾ, ਆਪਣੇ ਵਾਸਤੇ ਜਿਉਂਦਾ ਹੈ - 'Eat drink and be marry for we shall have to die.' ਗੁਰਮੁਖ ਜਿਹੜਾ ਹੁੰਦਾ ਹੈ, ਉਹ ਪਰਉਪਕਾਰ ਕਰਦਾ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ- ੭੪੯*

ਸੋ ਇਹ ਜੋ ਗੁਰਸਿੱਖ ਸੀ, ਇਹ ਹਰ ਵਕਤ ਗੁਰੂ ਦਸ਼ਮੇਸ਼ ਪਿਤਾ ਜੀ ਵਿਚ ਅਭੇਦ ਰਹਿੰਦਾ ਸੀ। ਜਿਹੜਾ ਸਿੱਖ ਹਰ ਵਕਤ ਨਾਮ ਜਪਦੈ, ਉਹਦੇ ਅੰਦਰੋਂ ਵਾਹਿਗੁਰੂ-ਵਾਹਿਗੁਰੂ ਹੁੰਦੈ। ਰਸਨਾ ਨਾਲ ਕਰਦੈ, ਸਵਾਸ ਨਾਲ ਕਰਦੈ, ਅਨਹਦ ਸ਼ਬਦ ਦੀ ਮਦਦ ਨਾਲ ਕਰਦੈ, ਚਿੰਤਨ ਨਾਲ ਕਰਦੈ, ਸੂਝ ਨਾਲ ਕਰਦੈ, ਉਹ ਫੇਰ ਹਰ ਵਕਤ ਗੁਰੂ ਦੇ ਵਿਚ ਰਹਿੰਦੈ। ਗੁਰੂ ਉਹਦੇ ਵਿਚ ਰਹਿੰਦੈ, ਅਭੇਦ ਅਵਸਥਾ ਦਾ ਗੁਰਸਿੱਖ ਹੋਇਆ ਕਰਦੈ। ਐਸੇ ਗੁਰਸਿੱਖ ਨੇ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਜਥਿਆਂ ਦੀ ਰਾਖੀ ਕਰ ਦਿਤੀ। ਜਿਹੜੇ ਨਾਲ ਗੁਰੂ ਅੱਗੇ ਪੁਕਾਰਾਂ ਕਰਦੇ ਸੀ। ਜ਼ਖਮ ਡਾਢਾ ਹੋ ਗਿਆ, ਪਾਣੀ ਵਾਸਤੇ ਉਹ ਦੌੜਦੈ ਸ਼ਹਿਰ ਵਲ ਨੂੰ। ਨੇੜੇ ਆਇਆ ਤਾਂ ਕੀ ਦੇਖਦੈ ਕਿ ਬੜੇ ਹੀ ਭਲੇ ਪੁਰਸ਼ ਨੇ। ਕਿਤੋਂ ਜਲ ਕੱਢ ਕੇ ਲਿਜਾ ਰਹੇ ਨੇ ਤੇ ਬੜੇ ਸੋਹਣੇ ਨਕਸ਼ ਨੇ, ਪਿਆਰੇ ਲਗਦੇ ਨੇ। ਉਹਨੇ ਉਸ ਵੇਲੇ ਅਵਾਜ਼ ਮਾਰੀ ਕਿ ਓ ਪਿਆਰਿਓ! ਮੇਰੀ ਗੱਲ ਸੁਣੋ। ਦੇਖੋ ਮੇਰੇ ਕਿਵੇਂ ਖੂਨ ਜਾ ਰਿਹਾ ਹੈ। ਮੈਨੂੰ ਪਾਣੀ ਦੀ ਇੱਕ ਘੁੱਟ ਪਿਲਾ ਦਿਓ। ਮੇਰਾ ਮੂੰਹ ਸੁੱਕਦਾ ਜਾਂਦਾ ਹੈ। ਦੋਵੇਂ ਜਣੇ ਰੁਕੇ, ਨਾਲ ਕਹਿਣ ਲੱਗੇ, ਪਿਆਰਿਆ! ਪਾਣੀ ਤਾਂ ਅਸੀਂ ਤੈਨੂੰ ਪਿਲਾ ਦਿੰਦੇ ਪਰ ਅਸੀਂ ਜਿਹੜਾ ਪਾਣੀ ਲੈ ਕੇ ਜਾ ਰਹੇ ਹਾਂ, ਇਸ ਸੁੱਚੇ ਪਾਣੀ ਨਾਲ ਅਸੀਂ ਠਾਕੁਰਾਂ ਦਾ ਇਸ਼ਨਾਨ ਕਰਾਉਣਾ ਹੈ। ਉਹ ਅਸੀਂ ਕਰਾ ਕੇ ਆ ਜਾਂਦੇ ਹਾਂ ਛੇਤੀ, ਤੂੰ ਫਿਕਰ ਨਾ ਕਰ, ਪਾਣੀ ਤੈਨੂੰ ਪਿਲਾਵਾਂਗੇ। ਉਹ ਕਹਿਣ ਲੱਗਿਆ, ਓ ਗੁਰਮੁਖੋ! ਕਿਉਂ ਤੁਸੀਂ ਹਨ੍ਹੇਰਾ ਢੋਂਦੇ ਹੋਂ। ਸੱਚ ਨੂੰ ਪਛਾਣੋ। ਹਨ੍ਹੇਰਾ ਢੋਣਾ, ਇਕ ਮੁਹਾਵਰਾ ਹੈ ਸਾਡੇ ਕਿ ਬੇ-ਮਤਲਬਾ ਹੀ ਕੰਮ ਕਰੀ ਜਾਣਾ। ਬੇ-ਮਤਲਬੇ ਪਾਸੇ ਨੂੰ ਜ਼ੋਰ ਲਾਈ ਜਾਣਾ, ਇਹਨੂੰ ਹਨ੍ਹੇਰਾ ਢੋਣਾ ਕਹਿ ਦਿੰਦੇ ਨੇ। ਇਕ ਸਾਖੀ ਹੈ ਉਹਦੇ ਨਾਲ ਸਮਝ ਵਿਚ ਆ ਜਾਂਦਾ ਹੈ।

ਕੋਈ ਪਰਿਵਾਰ ਪਿੰਡ 'ਚ ਬਹੁਤ ਹੀ ਬੁੱਧੀਹੀਣਾਂ ਦਾ ਸੀ। ਉਸ ਘਰ ਵਿਚ ਵਿਆਹ ਕੇ ਬੁੱਧੀਵਾਨ ਪਰਿਵਾਰ ਦੀ ਲੜਕੀ ਚਲੀ ਗਈ। ਆਥਣੇ ਗਏ ਤਾਂ ਤਿਆਰੀਆਂ ਕਰਨ ਲਗ ਗਏ। ਹੈਰਾਨ ਹੋ ਗਈ ਕਿ ਆਹ ਕੀ ਹੋ ਰਿਹੈ, ਸਾਰਾ ਪਿੰਡ ਹੀ ਬਾਹਰ ਨਿਕਲ ਆਇਆ। ਕਹਿਣ ਲੱਗੀ ਕਿ ਤੁਸੀਂ ਕੀ ਕਰਦੇ ਹੋਂ? ਕਹਿੰਦੇ, ਅਸੀਂ ਹਨ੍ਹੇਰਾ ਢੋਣਾ ਹੈ। ਐਨਾ ਹਨ੍ਹੇਰਾ ਹੋ ਜਾਂਦੈ ਕਿ ਵਧਦਾ ਹੀ ਜਾਂਦਾ ਹੈ। ਫੇਰ ਅਸੀਂ ਢੋਅ-ਢੋਅ ਕੇ ਬਾਹਰ ਸੁੱਟੀ ਜਾਂਦੇ ਹਾਂ, ਐਨੇ ਨੂੰ ਫੇਰ ਸੂਰਜ ਚੜ੍ਹ ਜਾਂਦਾ ਹੈ। ਦੇਖਦੀ ਰਹੀ। ਦੂਜੇ ਦਿਨ ਕਹਿਣ ਲੱਗੀ ਕਿ ਤੁਸੀਂ ਅਰਾਮ ਨਾਲ ਪਵੋ, ਮੈਂ ਇਕੱਲੀ ਹੀ ਤੁਹਾਡਾ ਇਹ ਕੰਮ ਕਰ ਦੇਵਾਂਗੀ, ਸਾਰਾ ਹਨ੍ਹੇਰਾ ਖਤਮ ਕਰ ਦੇਵਾਂਗੀ। ਕਹਿੰਦੇ, ਤੈਨੂੰ ਕੋਈ ਮੰਤਰ ਆਉਂਦਾ ਹੈ? ਕਹਿੰਦੀ, ਹਾਂ। ਜਦੋਂ ਸ਼ਾਮ ਹੋਈ, ਹਨ੍ਹੇਰਾ ਪੈਣ ਲੱਗਿਆ। ਕਹਿੰਦੀ ਤੁਸੀਂ ਬੇਫਿਕਰ ਹੋ ਕੇ ਬਹਿ ਜਾਓ ਇਕ ਥਾਓਂ। ਬਹੁਤ ਸਾਰੇ ਦੀਵੇ ਲੈ ਆਂਦੇ ਉਸ ਨੇ। ਥਾਂ-ਥਾਂ 'ਤੇ ਰੱਖ ਦਿਤੇ। ਅੱਗ ਕੱਢਣ ਦੀ ਜੁਗਤ ਜਾਣਦੀ ਸੀ। ਦੋ ਤਰੀਕੇ ਹੁੰਦੇ, ਪਹਿਲੇ ਜ਼ਮਾਨਿਆਂ 'ਚ ਇਕ ਤਾਂ ਬਾਂਸ ਉਤੇ ਬਾਂਸ ਨੂੰ ਘਸਾ ਕੇ ਅੱਗ ਕੱਢੀ ਜਾਂਦੀ ਸੀ। ਦੂਸਰਾ ਇਕ ਪੱਥਰ ਹੁੰਦਾ ਖਾਸ ਕਿਸਮ ਦਾ, ਉਹ ਜਦੋਂ ਉਹਦੇ ਉਤੇ ਲੋਹੇ ਦਾ ਕੁੰਡਾ ਮਾਰਦੇ ਸੀ ਤਾਂ ਉਹਦੇ ਵਿਚ ਚੰਗਿਆੜਾ ਨਿਕਲਦਾ ਸੀ। ਉਹ ਚੰਗਿਆੜੇ ਦੇ ਕੋਲ ਬਹੁਤ ਨਰਮ ਫੂਸ ਰੱਖ ਦਿੰਦੇ ਸੀ। ਉਹ ਅੱਗ ਫੜ ਜਾਂਦਾ ਸੀ। ਸੋ ਉਸ ਪਿੰਡ ਵਾਲਿਆਂ ਨੂੰ ਇਸ ਗੱਲ ਦਾ ਪਤਾ ਨਹੀਂ ਸੀ, ਉਹ ਹਨ੍ਹੇਰੇ 'ਚ ਹੀ ਰਹਿੰਦੇ ਸੀ। ਸ਼ਾਮ ਹੋ ਗਈ ਤਾਂ ਸਾਰੇ ਇਕੱਠੇ ਹੋ ਗਏ। ਕਹਿਣ ਲੱਗੇ, ਇਹ ਤਾਂ ਹਨ੍ਹੇਰਾ ਵਧਦਾ ਜਾਂਦਾ ਹੈ। ਕਹਿਣ ਲੱਗੀ, ਤੁਸੀਂ ਫਿਕਰ ਨਾ ਕਰੋ। ਥੋੜ੍ਹਾ ਜਿਹਾ

ਹੋ ਜਾਣ ਦਿਓ, ਮੈਂ ਹੁਣੇ ਹੀ ਇਕੱਲੀ ਖਤਮ ਕਰ ਦੇਵਾਂਗੀ। ਉਸ ਨੇ ਅੱਗ ਕੱਢੀ, ਇਕ ਦੀਵੇ ਨੂੰ ਲਾ ਕੇ, ਜਾ ਕੇ ਸਾਰੇ ਦੀਵਿਆਂ ਨੂੰ ਲਾ ਦਿਤੀ। ਸਾਰੇ ਜਗਮਗ-ਜਗਮਗ ਹੋਣ ਲਗ ਗਈ। ਸਾਰੇ ਨਾਅਰੇ ਲਾਉਣ ਲਗ ਗਏ, ਜ਼ਿੰਦਾਬਾਦ-ਜ਼ਿੰਦਾਬਾਦ। ਕਹਿੰਦੇ, ਆਹ ਬੀਬੀ ਐਸੀ ਆਈ ਹੈ, ਕਮਾਲ ਕਰ ਦਿਤੀ ਇਸ ਨੇ। ਆਪਣੇ ਆਪ ਹੀ ਇਕੱਲੀ ਨੇ ਹਨ੍ਹੇਰਾ ਢੋਅ ਦਿਤਾ।

ਸੋ ਸੰਸਾਰ ਹਨ੍ਹੇਰਾ ਢੋਂਦੈ। ਜਾਣਦਾ ਨਹੀਂ ਹੈ ਕਿ ਵਾਹਿਗੁਰੂ ਕਿਥੋਂ ਮਿਲਣਾ ਹੈ। ਲੋਚਾ ਹੈ, ਅਧੂਰੀ ਲੋਚਾ ਹੈ। 5% ਕੁ ਲੋਚਾ ਹੁੰਦੀ ਹੈ ਬੰਦੇ ਨੂੰ ਵਾਹਿਗੁਰੂ ਨੂੰ ਮਿਲਣ ਦੀ, 95% ਮਾਇਆ ਨੇ, ਦੁਨੀਆਂ ਨੇ ਰੋਕਿਆ ਹੁੰਦੈ। ਉਹ ਨਹੀਂ ਨਿਕਲ ਸਕਦਾ ਮਨ ਦੇ ਵਿਚੋਂ, ਨਾ ਕ੍ਰੋਧ ਜਾਵੇ, ਨਾ ਲੋਭ ਜਾਵੇ, ਨਾ ਮੋਹ ਜਾਵੇ, ਨਾ ਈਰਖਾ ਜਾਵੇ। ਜਾ ਹੀ ਨਹੀਂ ਸਕਦੀ ਬੰਦੇ ਦੇ ਵਿਚੋਂ ਕਿਉਂਕਿ ਇਹਦੇ ਰੋਮ-ਰੋਮ ਦੇ ਵਿਚ, ਖ਼ੂਨ ਵਿਚ ਰਮ ਚੁੱਕੀ ਹੈ ਇਹ ਚੀਜ਼, ਜ਼ਹਿਰ ਬਣ ਚੁੱਕੀ ਹੈ, ਜ਼ਹਿਰ ਨੂੰ ਗੱਲਾਂ ਨਾਲ ਕਿਵੇਂ ਅਸੀਂ ਕੱਢ ਦੇਵਾਂਗੇ। ਮਹਾਰਾਜ ਕਹਿੰਦੇ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨*

ਨਾ ਪਤਾ ਹੋਣ ਕਰਕੇ ਸਾਨੂੰ ਕੋਈ ਥਾਉ ਨਹੀਂ ਲਗਦਾ ਕਿ ਰੱਬ ਹੈ ਕਿੱਥੇ? ਕੀ ਮਾਮਲਾ ਹੈ ਇਹ? ਸਿਆਣਾ ਬੰਦਾ ਜੇ ਹੁੰਦੈ, ਉਹ ਇਕ ਦਮ ਪੁੱਛਦੈ ਕਿ ਮੈਂ ਬਣ ਤਾਂ ਜਾਂਦਾ ਹਾਂ, ਚਾਹੇ ਤੁਸੀਂ ਮੁਸਲਮਾਨ ਬਣਾ ਲਓ, ਚਾਹੇ ਹਿੰਦੂ ਬਣਾ ਲਓ, ਚਾਹੇ ਸਿੱਖ ਬਣਾ ਲਓ, ਪਰ ਰੱਬ ਤੱਕ ਪਹੁੰਚਾਉਣ ਦੀ ਤੁਹਾਡੇ ਕੋਲ ਸ਼ਕਤੀ ਹੈ? ਇਹ ਤਾਂ ਹੈ ਹੀ ਨਹੀਂ। ਇਹ ਸਾਨੂੰ ਹੀ ਨਹੀਂ ਪਤਾ ਕਿ ਰੱਬ ਰਹਿੰਦਾ ਕਿੱਥੇ ਹੈ? ਇਹ ਗੁਰਮੁਖਾਂ ਨੂੰ ਪਤਾ ਹੋਇਆ ਕਰਦੈ ਕਿ ਜਿਥੇ ਪ੍ਰਮੇਸ਼ਰ ਰਹਿੰਦੈ ਉਹਦੀ ਦਰਸ ਪਾਉਣ ਦਾ ਆਹ ਤਰੀਕਾ ਹੈ।

ਉਸ ਵੇਲੇ ਉਹ ਗੁਰਸਿੱਖ ਕਹਿਣ ਲੱਗਿਆ ਕਿ ਓ ਪ੍ਰੇਮੀਓ! ਤੁਸੀਂ ਤਾਂ ਹਨ੍ਹੇਰਾ ਢੋਅ ਰਹੇ ਹੋਂ। ਜਿਉਂਦੇ ਪ੍ਰਮੇਸ਼ਰ ਨੂੰ ਛੱਡ ਕੇ ਤੁਸੀਂ ਪ੍ਰਿਤਮਾ ਆਪਣੀ ਮਰਜ਼ੀ ਦੀ ਬਣਾਈ ਹੈ, ਮੂਰਤੀ, ਉਹਨੂੰ ਫੁੱਲ ਚਾੜ੍ਹਦੇ ਹੋਂ, ਸੁਗੰਧੀਆਂ ਲਾਉਂਦੇ ਹੋਂ, ਧੂਫਾਂ ਦਿੰਦੇ ਹੋਂ, ਮੈਨੂੰ ਪਾਣੀ ਦੀ ਲੋੜ ਹੈ, ਦੋ ਘੁੱਟ ਪਾਣੀ ਪਿਲਾ ਕੇ ਤੁਹਾਡਾ ਪਾਣੀ ਜੂਠਾ ਨਹੀਂ ਹੋਣ ਲੱਗਾ। ਲੇਕਿਨ ਪਾਸੇ ਇਕ ਮਨੁੱਖ ਦੀ ਜਾਨ ਨੂੰ ਖਤਰਾ ਹੈ, ਇਕ ਪਾਸੇ ਤੁਸੀਂ ਮੂਰਤੀ ਦਾ ਇਸ਼ਨਾਨ ਜਾ ਕੇ ਕਰਾਉਣਾ ਹੈ। ਚੰਗਾ, ਇਸ ਤਰ੍ਹਾਂ ਰੱਬ ਦਰਸ਼ਨ ਨਹੀਂ ਜੇ ਦੇਣ ਲੱਗਾ। ਬਚਨ ਕਰ ਦਿਤਾ।

ਬਚਨ ਕਰਨ ਦੇ ਦੇਰ ਸੀ ਸ਼ਕਤੀਸ਼ਾਲ ਬਚਨ ਸੀ। ਉਹ ਇਹਨਾਂ ਦੇ ਹਿਰਦੇ ਦੇ ਨਾਲ ਜਾ ਕੇ ਟਕਰਾਇਆ। ਕੁਛ ਸੋਚ ਪੈਦਾ ਹੋਈ। ਉਸ ਤੋਂ ਬਾਅਦ ਇਹਨਾਂ ਨੇ ਛੇਤੀ-ਛੇਤੀ ਸਾਰਾ ਨਿਬੇੜਿਆ। ਅੱਜ ਨਾ ਪੂਜਾ ਦੇ ਵਿਚ ਰਸ ਆਇਆ। ਨਾ ਜੋ ਮੂਰਤੀ ਦੇ ਸਾਮ੍ਹਣੇ ਬੈਠ ਕੇ ਕੀਰਤਨ ਕਰਿਆ ਉਹਦੇ 'ਚ ਰਸ ਆਇਆ। ਚਿੱਤ ਉੱਖੜ ਗਿਆ। ਪਹਿਲਾਂ ਕੁਛ ਮਾੜਾ-ਮਾੜਾ ਰਸ ਆਇਆ ਕਰਦਾ ਸੀ। ਉਖੜਿਆ ਮਨ, ਦੌੜ ਕੇ ਉਸੇ ਥਾਂ ਆਉਂਦੇ ਨੇ। ਅੱਗੇ ਆ ਕੇ ਦੇਖਿਆ ਤਾਂ ਬਹੁਤ ਸਾਰੇ ਬੰਦੇ ਆਲੇ-ਦੁਆਲੇ ਖੜ੍ਹੇ ਨੇ। ਬੜਾ ਅਫਸੋਸ ਕਰ ਰਹੇ ਨੇ, ਕਈਆਂ ਦੇ ਅੱਖਾਂ 'ਚੋਂ ਜਲ ਜਾ ਰਿਹਾ ਹੈ। ਕੀ ਦੇਖਦੇ ਨੇ ਉਥੇ ਹੀ ਰਾਏਪੁਰ ਵਾਲੀ ਰਾਣੀ ਆ ਗਈ। ਉਹ ਰੋ ਰਹੀ ਹੈ। ਕਹਿਣ ਲੱਗੀ, ਮੈਨੂੰ ਬੜਾ ਅਫਸੋਸ ਹੈ ਕਿ ਗੁਰੂ ਦੀ ਮਿਹਰ ਦਾ ਮੇਰੇ ਸਿਰ 'ਤੇ ਹੱਥ ਹੋਵੇ ਤੇ ਮੈਂ ਉਹਦੇ ਗੁਰਸਿੱਖ ਨੂੰ ਦੋ ਘੁੱਟ ਪਾਣੀ ਨਾ ਪਿਲਾ ਸਕੀ, ਜਾਂਦੇ ਨੂੰ। ਇਹਨਾਂ ਦਾ ਹਿਰਦਾ ਕੰਬ ਗਿਆ ਕਿ ਹੈਂ! ਇਹ ਤਾਂ ਗੱਲ ਅਸੀਂ ਕਰੀ ਹੈ। ਅਸੀਂ ਤਾਂ ਪਾਣੀ ਪਿਲਾ ਸਕਦੇ ਸੀ ਉਸ ਨੂੰ। ਮਲ੍ਹਮ ਪੱਟੀ ਬੰਨ੍ਹ ਸਕਦੇ ਸੀ। ਹੋ ਸਕਦੈ ਇਹਦਾ ਸਰੀਰ ਬਚ ਜਾਂਦਾ। ਕਿੱਡਾ ਵੱਡਾ ਪਾਪ ਅਸੀਂ ਕਰ ਦਿਤਾ ਤੇ ਗੁਰਸਿੱਖ ਨੇ ਵੀ ਬਚਨ ਕਰ ਦਿਤਾ ਕਿ ਦਰਸ਼ਨ ਨਹੀਂ ਜੇ ਦੇਣ ਲੱਗਾ।

ਕਿਉਂਕਿ ਸਾਧਸੰਗਤ ਜੀ! ਜਿੰਨੀ ਦੇਰ ਸਾਨੂੰ ਪਤਾ ਨਹੀਂ ਵਾਹਿਗੁਰੂ ਦਾ, ਸਾਡਾ ਨਾਮ ਜਪਿਆ ਹੋਇਆ, ਸੇਵਾ ਕੀਤੀ ਹੋਈ, ਨਿਸ਼ਾਨੇ ਤੋਂ ਬਗੈਰ ਸਫਲ ਨਹੀਂ ਹੁੰਦੀ। ਇਹ ਗੱਲ ਵਿਚਾਰਨ ਵਾਲੀ ਹੈ। ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੇਰੇ ਅੰਦਰ ਹਰੀ ਦਾ ਵਾਸਾ,*
*ਬਾਹਰੋਂ ਕਾਹਤੋਂ ਢੂੰਡਦਾ ਫਿਰੇਂ।*

ਉਸ ਵਾਹਿਗੁਰੂ ਨੂੰ ਅਸੀਂ ਢੂੰਡਦੇ ਹਾਂ, ਕੋਈ ਜੰਗਲਾਂ 'ਚ ਢੂੰਡਦੈਂ, ਕੋਈ ਪਹਾੜਾਂ 'ਚ ਢੂੰਡਦੈ, ਕੋਈ ਕਿਤੇ ਢੂੰਡਦੈ, ਕੋਈ ਕਿਤੇ। ਉਹਦਾ ਜੇ ਪ੍ਰਤੱਖ ਰੂਪ ਦੇਖਣਾ ਹੈ, ਉਹ ਤਾਂ ਹੋਇਆ ਕਰਦੈ ਪੂਰਨ ਸਤਿਗੁਰੂ। ਸਾਕਾਰ ਰੂਪ, ਜੇ ਬਾਹਰਲੀਆਂ ਅੱਖਾਂ ਨਾਲ ਦੇਖਣਾ ਹੈ। ਜੇ ਅੰਦਰਲੀਆਂ ਨਾਲ ਦੇਖਣਾ ਹੈ ਤਾਂ ਅੰਦਰ ਹੀ ਹੈ। ਮਹਾਰਾਜ ਨੇ ਉਹਦਾ ਸਾਰਾ ਨਕਸ਼ਾ ਖਿਚਿਆ ਹੋਇਆ ਹੈ ਕਿ ਵਾਹਿਗੁਰੂ ਕਿੱਥੇ ਰਹਿੰਦੈ। ਇਕ ਆਹ ਜਿਹੜੀ ਪੁਸਤਕ ਬਣਾ ਰਹੇ ਹਾਂ 'ਅਗੰਮ ਅਗੋਚਰ ਦਾ ਮਾਰਗ' ਉਹਦੇ ਵਿਚ ਦੱਸਣ ਦੀ ਕੋਸ਼ਿਸ਼

ਕੀਤੀ ਜਾ ਰਹੀ ਹੈ ਕਿ ਉਹ ਕਿੱਥੇ ਰਹਿੰਦੈ। ਉਹਦੀਆਂ ਜਿਹੜੀਆਂ ਲਾਈਨਾਂ ਨੇ ਉਹ ਇਹ ਨੇ ਕਿ 'ਦੁਖ ਦਰਵਾਜ਼ਾ' ਜਿਹੜਾ ਰਸਤਾ ਜਾਂਦਾ ਹੈ, ਉਹਦੇ ਦਰਵਾਜ਼ੇ ਦਾ ਨਾਉਂ ਹੈ ਦੁੱਖਾਂ ਦਾ ਦਰਵਾਜ਼ਾ। ਉਥੇ ਜਿਹੜੇ ਪਹਿਰੇਦਾਰ ਖੜ੍ਹੇ ਨੇ ਉਹ ਕ੍ਰੋਧ ਹੈ। ਜਿਹੜੇ ਤਖਤੇ ਲੱਗੇ ਹੋਏ ਨੇ ਉਹ ਆਸਾ ਤੇ ਅੰਦੇਸਾ ਦੇ ਨੇ।

*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ ॥* *ਅੰਗ – ੮੭੭*

ਇਸ ਲਾਈਨ 'ਤੇ ਇਕ ਪੁਸਤਕ ਬਣ ਚੁੱਕੀ ਹੈ। ਹੁਣ ਜਿਹੜਾ ਦੂਸਰਾ ਹੈ –

*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥* *ਅੰਗ – ੮੭੭*

ਇਹਦੇ ਉਤੇ ਪੂਰੀ ਕਿਤਾਬ ਲਿਖੀ ਜਾ ਰਹੀ ਹੈ ਕਿ ਦਰਵਾਜ਼ਾ ਖੁਲ੍ਹ ਜਾਂਦੈ, ਰਸਤੇ ਵਿਚ ਮਾਇਆ ਦੀ ਖਾਹੀ ਹੈ। ਗਹਿਰੀ ਹੈ, ਤ੍ਰਿਸ਼ਨਾ ਦਾ ਉਥੇ ਪਾਣੀ ਹੈ। ਸਤਿ ਦੇ ਆਸਣ ਦੇ ਉਤੇ ਵਾਹਿਗੁਰੂ ਹੈ। ਆਹ ਸਰੀਰ ਦੇ ਵਿਚ ਬਿਲਕੁਲ ਪ੍ਰਤੱਖ ਹੈ। ਇਸੇ ਕਰਕੇ ਇਹਨੂੰ ਨਰ ਨਰਾਇਣੀ ਦੇਹ ਕਹਿੰਦੇ ਨੇ। ਇਹ ਹੈ ਵਾਹਿਗੁਰੂ ਦੀ। ਉਹਦਾ ਜਿਹੜਾ ਪ੍ਰਤੀਬਿੰਬ ਪਿਆ ਹੈ ਸ਼ਕਤੀ ਦਾ, ਉਸ ਨੇ ਪ੍ਰਕ੍ਰਿਤੀ ਵਿਚ ਸੋਝੀ ਪੈਦਾ ਕਰ ਦਿਤੀ। ਸੂਝ ਪੈਦਾ ਕਰ ਦਿਤੀ। ਉਹ ਜਿਹੜੀ ਸੂਝ ਹੈ ਉਹਨੂੰ ਮੈਂ ਨੇ ਫੜ ਲਿਆ ਕਿ ਮੈਂ ਇਹੀ ਹਾਂ, ਹੈ ਤਾਂ ਸੂਝ ਹੀ ਉਹ ਵੀ। ਗਿਆਨ ਹੈ ਵੱਡਾ। ਪਰ ਇਹਨੇ ਆਪਣੇ ਆਪ ਨੂੰ ਛੋਟਾ ਕਰਕੇ ਸੀਮਤ ਕਰ ਲਿਆ। ਉਹ ਜਿਹੜਾ ਜਲਵਾ, ਜਿਹੜੀ ਸ਼ਕਤੀ ਨਾਲ ਇਹ ਸੀਮਤ ਹੋਈ ਹੈ, ਉਹਦਾ ਨਾਉਂ ਹੈ ਹਉਮੈ। ਇਹ ਵੱਖਰਾ ਹੋ ਗਿਆ, ਪ੍ਰਮੇਸ਼ਰ ਵੱਖਰਾ ਹੋ ਗਿਆ। ਹੁਣ ਇਹ ਵੱਖਰਾ ਹੋਇਆ ਦੁਖੀ ਹੋ ਰਿਹੈ। ਕਿਉਂਕਿ ਦੁਖੀ ਹੁੰਦੈ, ਹਉਮੈ ਦਾ ਜਜ਼ਬਾ ਇਕ ਕੰਮ ਕਰਦੈ ਕਿ ਜ਼ਿੰਦਗੀ ਭੁਗਤਾਅ ਲਈ, ਕਰਮ ਕਰ ਲਏ, ਕਰਮਾਂ ਨੂੰ 'ਮੈਂ' ਕਹਿ ਕੇ ਨਾਲ ਚੰਬੇੜ ਲਿਆ, ਮੁੜ ਕੇ ਮਰ ਗਿਆ, ਫੇਰ ਜੰਮ ਪਿਆ ਫੇਰ ਮਰ ਗਿਆ, ਫੇਰ ਜੰਮ ਪਿਆ, ਫੇਰ ਮਰ ਗਿਆ। ਇਹ ਜਿਹੜਾ ਹਲਟ ਦੀਆਂ ਟਿੰਡਾਂ ਵਾਂਗੂੰ ਚੱਕਰ ਹੈ ਇਹ ਖਤਮ ਹੋਣ 'ਚ ਨਹੀਂ ਆਉਂਦਾ। ਉਹਦੇ 'ਚ ਦੁਖੀ ਹੁੰਦੈ। ਕਿੰਨੇ-ਕਿੰਨੇ ਜਨਮ ਲੈਂਦਾ ਹੈ। ਅਰ ਨਾਮ ਵੀ ਇਕ ਜਨਮ 'ਚ ਨਹੀਂ ਜਪ ਹੁੰਦਾ ਸਾਧਸੰਗਤ ਜੀ, ਬਹੁਤ ਜਨਮ ਲਗਦੇ ਨੇ। ਕਈ ਵਾਰੀ ਆਦਮੀ ਆਪਣੀ ਸਥਿਤੀ (position) ਛੱਡ ਕੇ ਪਿੱਛੇ ਨੂੰ ਖਿਸਕ ਜਾਂਦੈ ਇਕ ਜਨਮ। ਦੂਜੇ 'ਚ ਫੇਰ ਵਧ ਜਾਂਦੈ। ਤੀਜੇ 'ਚ ਫੇਰ ਖਿਸਕ ਜਾਂਦੈ। ਚੌਥੇ 'ਚ ਫੇਰ ਵਧ ਜਾਂਦੈ। ਇਹ ਤਾਂ ਰਸਾ-ਕਸੀ ਹੈ ਬਹੁਤ ਮਾਇਆ ਦੀ ਤੇ ਜੀਵ ਦੀ। ਜੇ ਜੀਵ ਨੂੰ ਧੱਕ ਕੇ ਲੈ ਜਾਏ, ਖਿੱਚ ਕੇ ਲੈ ਜਾਏ ਮਾਇਆ ਫੇਰ ਉਹ ਮਾਇਆ ਦਾ ਸ਼ਿਕਾਰ ਹੋ ਜਾਂਦੈ। ਜੇ ਵਿਚ ਤਾਣ ਹੈ, ਹਿੰਮਤ ਹੈ; ਹਿੰਮਤ ਨਾਲ ਪੂਰਾ ਜਨਮ ਲਾਉਂਦੈ, ਲੇਕਿਨ ਨਤੀਜਾ ਜਿਸ ਦਿਨ ਨਿਕਲਣੈ ਉਸ ਦਿਨ ਆਖਰੀ ਸਵਾਸ ਹੋਣੈ। ਉਸ ਦਿਨ ਜਿਵੇਂ ਕੈਲਕੂਲੇਟਰ ਹੁੰਦੈ, ਦੋ ਲਕੀਰਾਂ ਦੇ ਉਤੇ ਉਂਗਲੀ ਮਾਰਦੇ ਹਾਂ ਤਾਂ ਨੈਟ ਨਤੀਜਾ ਨਿਕਲ ਆਉਂਦੈ। ਉਸ ਦਿਨ ਸਾਡੇ ਜੀਵਨ ਦਾ ਨੈਟ ਨਤੀਜਾ ਨਿਕਲਣੈ ਕਿ ਅਸੀਂ ਕਿੰਨਾ ਕੁ ਵਧੇ ਹਾਂ, ਕਿੰਨਾ ਕੁ ਘਟੇ ਹਾਂ। ਕਈ ਜਨਮਾਂ 'ਚ ਤਾਂ ਹੇਠਾਂ ਚਲੇ ਜਾਂਦੇ ਹਾਂ, ਕਈਆਂ ਵਿਚ ਬਹੁਤ ਉੱਚੇ ਚਲੇ ਜਾਂਦੇ ਹਾਂ। ਸੋ ਮਹਾਰਾਜ ਦਸਦੇ ਨੇ ਕਿ ਤੁਸੀਂ ਹੁਣ ਸਮਝ ਲਓ। ਯਕੀਨ ਲੈ ਆਓ ਕਿ ਤੁਹਾਡੇ ਅੰਦਰ ਵਾਹਿਗੁਰੂ ਹੈ। ਪਹਿਲਾਂ ਅੰਦਰਲਾ ਦੇਖੋ, ਫੇਰ ਬਾਹਰਲਾ ਦਿਸਦਾ ਹੈ। ਜਿਹਨੂੰ ਪਹਿਲਾਂ ਬਾਹਰਲਾ ਦਿਸਦੈ ਉਹ ਅੰਦਰ ਸੰਭਲ ਨਹੀਂ ਸਕਦਾ ਕਿਉਂਕਿ ਅੰਦਰ ਹਨ੍ਹੇਰਾ ਹੈ ਅਜੇ – ***'ਬਿਨੁ ਸਬਦੈ ਅੰਤਰਿ ਆਨੇਰਾ ॥ ' (ਅੰਗ-੧੨੪)*** ਜੇ ਸ਼ਬਦ ਨੂੰ ਅੰਦਰ ਨਹੀਂ ਪਛਾਣਿਆ ਤਾਂ ਹਨ੍ਹੇਰਾ ਹੈ। ਅੰਦਰ ਹਨ੍ਹੇਰਾ ਰਹਿੰਦਾ ਹੈ। ਇਹਦੇ ਨਾਲ ਜੰਮਣ ਤੇ ਮਰਨ ਦਾ ਚੱਕਰ ਨਹੀਂ ਛੁਟਿਆ। ਇਹਦੀ ਜਿਹੜੀ ਜੁਗਤ ਹੈ ਉਹ ਸਤਿਗੁਰੂ ਦੇ ਕੋਲ ਹੈ –

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥* *ਅੰਗ – ੧੨੪*

ਵਸਤ ਕਿਹੜੀ ਹੈ, ਆਤਮ ਸਥਿਤੀ। ਨਾ ਤਾਂ ਉਹ ਲੱਭਦੀ ਹੈ, ਨਾ ਜੰਮਣ ਮਰਨ ਤੋਂ ਸਾਡਾ ਖਹਿੜਾ ਛੁੱਟਦੈ। ਦੇਖ ਲਓ ਕਿੱਡਾ ਲੰਮਾ ਜੀਵਨ ਗੁਜ਼ਾਰ ਦਿੰਦੇ ਹਾਂ, ਸਤਿਸੰਗ ਵਿਚ ਵੀ ਆਉਂਦੇ ਹਾਂ, ਬਾਣੀ ਵੀ ਪੜ੍ਹਦੇ ਹਾਂ, ਅਰਥ ਵੀ ਜਾਣਦੇ ਹਾਂ। ਲੇਕਿਨ ਹੋ ਨਹੀਂ ਰਿਹਾ ਕੁਛ, ਐਨਾ ਦਬਾਅ ਪਿਆ ਹੋਇਆ ਹੈ ਉਤੇ। ਉਹ ਦਬਾਅ ਸਤਿਸੰਗ ਦੇ ਵਿਚ ਆ ਕੇ ਲਹਿਣਾ ਸ਼ੁਰੂ ਹੁੰਦੈ। ਬਾਹਰ ਜਾਂਦੇ ਹਾਂ ਫੇਰ ਓਹੀ ਹੋ ਜਾਂਦੈ। ਹੁਣ ਮਹਾਰਾਜ ਕਹਿੰਦੇ, ਪਛਾਣ, ਜਿਥੇ ਵਾਹਿਗੁਰੂ ਜੀ ਰਹਿੰਦੇ ਨੇ, ਉਹਦੇ ਬਾਰੇ ਐਸਾ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ – ੯੫੪*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*

*ਅੰਗ - ੯੪੭*

ਮਹਾਰਾਜ ਕਹਿੰਦੇ, ਪਛਾਣ ਕਰੋ। ਜਿਹਨੂੰ ਜੰਗਲਾਂ 'ਚ ਜਾ ਕੇ ਹਾਕਾਂ ਮਾਰਦਾ ਹੈ, ਉੱਚੀ-ਉੱਚੀ ਹਾਕਾਂ ਮਾਰ ਕੇ ਬੁਲਾਉਂਦਾ ਹੈ -

*ਕਬੀਰ ਮੁਲਾਂ ਮੁਨਾਰੇ ਕਿਆ ਚਢਹਿ*
*ਸਾਂਈ ਨ ਬਹਰਾ ਹੋਇ ॥*
*ਜਾ ਕਾਰਨਿ ਤੂੰ ਬਾਂਗ ਦੇਹਿ*
*ਦਿਲ ਹੀ ਭੀਤਰਿ ਜੋਇ ॥* *ਅੰਗ-੧੩੭੪*

ਕਾਹਨੂੰ ਹਾਕਾਂ ਮਾਰਦਾ ਹੈਂ, ਓ ਅੰਦਰ ਤਾਂ ਤੇਰੇ ਘੁੱਪ ਹਨ੍ਹੇਰਾ ਪਿਆ ਹੈ, ਬਾਹਰ ਚਾਨਣਾ ਹੈ। ਬਾਹਰ ਤਾਂ ਤੇਰੇ ਦਿਨ-ਦਿਨ ਹੈ, ਅੰਦਰ ਤੇਰੇ ਘੁੱਪ ਹਨ੍ਹੇਰੇ ਵਾਲੀ ਰਾਤ ਪਈ ਹੋਈ ਹੈ। ਦੇਖ ਅੰਦਰ ਜਾ ਕੇ, ਤੇਰੇ ਅੰਦਰ ਹੈ। ਨੌਂ ਦਰਵਾਜ਼ਿਆਂ ਨੂੰ ਤਾਂ ਤੂੰ ਜਾਣਦਾ ਹੈਂ। ਦੋਵੇਂ ਅੱਖਾਂ, ਦੋਵੇਂ ਨਾਸਾਂ, ਮੂੰਹ ਹੈ, ਕੰਨ ਨੇ ਦੋਵੇ, ਮਲਮੂਤਰ ਦੇ ਰਸਤੇ ਨੇ ਇਨ੍ਹਾਂ ਨੂੰ ਤਾਂ ਤੂੰ ਚੰਗੀ ਤਰ੍ਹਾਂ ਜਾਣਦਾ ਹੈਂ। ਇਹ ਸਰੀਰ ਦੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ। ਇਕ ਦਰਵਾਜ਼ਾ ਐਸਾ ਹੈ ਜਿਹੜਾ ਅੰਦਰ ਨੂੰ ਖੁਲ੍ਹਦਾ ਹੈ। ਬਾਹਰ ਨੂੰ ਖੁਲ੍ਹਣ ਵਾਲੇ ਵੀ ਦਰਵਾਜ਼ੇ ਹੁੰਦੇ ਨੇ ਲੋਕ ਲਾਉਂਦੇ ਨੇ। ਅੰਦਰ ਨੂੰ ਖੁਲ੍ਹਣ ਵਾਲੇ ਆਪਾਂ ਸਾਰੇ ਲਾਉਂਦੇ ਹਾਂ। ਉਹ ਇਕੋ ਦਰਵਾਜ਼ਾ ਪ੍ਰਮੇਸ਼ਰ ਨੇ ਰੱਖਿਆ ਹੋਇਆ ਹੈ ਜਿਹੜਾ ਅੰਦਰ ਨੂੰ ਖੁਲ੍ਹਦਾ ਹੈ। ਉਹ ਜੇ ਖੋਲ੍ਹਣ ਦੀ ਜਾਚ ਆ ਜਾਵੇ, ਫੇਰ ਅਸੀਂ ਉਥੇ ਤਕ ਪਹੁੰਚ ਸਕਦੇ ਹਾਂ, ਸਾਨੂੰ ਰਾਹ ਮਿਲ ਜਾਂਦੈ। ਇਹਦੇ ਬਾਰੇ ਪੁਰਾਣੇ ਆਚਾਰੀਆ, ਜਦੋਂ ਤੋਂ ਸੰਸਾਰ ਬਣਿਆ ਹੈ, ਓਦੋਂ ਤੋਂ ਹੀ ਖੋਜ ਹੋਣੀ ਸ਼ੁਰੂ ਹੋਈ-ਹੋਈ ਹੈ। ਪਹਿਲੇ ਲੋਕ ਜਿਹੜੇ ਸੀ ਉਹਨਾਂ ਦੀਆਂ ਉਮਰਾਂ ਲੰਮੀਆਂ ਹੁੰਦੀਆਂ। ਸਰੀਰ ਬਹੁਤ ਸਵੱਸਥ ਹੁੰਦੇ, ਪੂਰੇ ਸਰੀਰਕ ਨਿਯਮਾਂ ਦਾ ਪਾਲਣ ਕਰਦੇ ਸੀ। ਜ਼ਿਆਦਾ ਖਪਦੇ ਨਹੀਂ ਸੀ, 25 ਸਾਲ ਤਕ ਵਿਦਿਆ ਲੈਂਦੇ ਸੀ। ਮਜ਼ਬੂਤ ਲੋਹੇ ਵਰਗਾ ਸਰੀਰ ਬਣਾ ਲੈਂਦੇ ਸੀ। 25 ਸਾਲ ਤੋਂ ਬਾਅਦ ਗ੍ਰਹਿਸਥ ਦਾ ਫੁਰਨਾ ਕਰਦੇ ਸੀ। 25 ਸਾਲ ਫੇਰ ਖੂਬ ਕਮਾਈ ਕਰਦੇ ਸੀ। ਬੱਚਿਆਂ ਦੇ ਲਈ ਵੀ ਸੰਜਮ ਹੁੰਦਾ ਕਿ ਐਨੀ ਦੇਰ ਤੋਂ ਬਾਅਦ ਦੂਸਰਾ ਬੱਚਾ ਹੋਣਾ ਚਾਹੀਦੈ। ਹਰ ਚੀਜ਼ ਦਾ ਸੰਜਮ ਸੀ। ਹਰ ਚੀਜ਼ ਦੀ ਮਰਿਆਦਾ ਬਣੀ ਹੋਈ ਸੀ। ਉਸ ਮਰਿਆਦਾ ਦੇ ਅਨੁਸਾਰ ਵਰਤਦੇ ਸੀ। ਉਹ ਐਨੀ ਕਮਾਈ ਕਰ ਦਿੰਦੇ ਸੀ ਕਿ ਬੱਚੇ ਜਿਹੜੇ ਸੀ ਉਹਨਾਂ ਵਿਚੋਂ ਜਿਹੜੇ ਵੱਡੇ ਹੁੰਦੇ ਸੀ ਉਹ ਆਪਣੇ ਪੈਰੀਂ ਖੜ੍ਹ ਜਾਂਦੇ ਸੀ। ਉਸ ਤੋਂ ਬਾਅਦ 50 ਸਾਲ ਦੀ ਉਮਰ ਦੇ ਵਿਚ, ਜੇ ਤਾਂ ਘਰਵਾਲੀ ਵੀ ਪ੍ਰੇਮਣ ਹੈ ਤਾਂ ਉਹ ਵੀ ਨਾਲ, ਜੇ ਨਹੀਂ ਹੈ ਤਾਂ ਉਹ ਬੱਚਿਆਂ ਕੋਲ ਰਹਿੰਦੀ ਸੀ, ਆਪ ਉਸ ਵੇਲੇ ਆਪਣੇ ਘਰ ਨੂੰ ਮੱਥਾ ਟੇਕ ਕੇ ਓਦਣ ਕਹਿ ਦਿੰਦੇ ਸੀ ਕਿ ਲਓ ਬਈ ਬੇਟਾ, ਤੁਹਾਡਾ ਤੇ ਸਾਡਾ ਸਬੰਧ ਅੱਜ ਖਤਮ ਹੋ ਗਿਆ। ਤੁਸੀਂ ਸੁਖਾਲੇ ਰਹੋ, ਔਖੇ ਰਹੋ, 25 ਸਾਲ ਮੈਂ ਮਿਹਨਤ ਕਰਕੇ ਐਨਾ ਕੁਛ ਬਣਾ ਦਿਤਾ। ਇਹ ਸਾਰਾ ਤੁਹਾਨੂੰ ਮੈਂ ਵੰਡ ਦਿਤਾ। ਜਿਵੇਂ ਮੈਂ ਮਿਹਨਤ ਕਰੀ ਹੈ ਤੁਸੀਂ ਕਰ ਲਿਓ, ਤੁਸੀਂ ਵੀ ਆਪਣੇ ਬੱਚਿਆਂ ਨੂੰ ਇਸੇ ਤਰ੍ਹਾਂ ਕਰ ਲਿਓ। ਹੁਣ ਜਿਹੜੇ ਕੰਮ ਦੀ ਖੋਜ ਵਾਸਤੇ ਮੈਂ ਸੰਸਾਰ 'ਤੇ ਆਇਆ ਹਾਂ, ਉਹਦਾ ਮੈਨੂੰ ਸਮਾਂ ਨਹੀਂ ਮਿਲ ਸਕਿਆ ਤੇ ਮੈਂ ਹੁਣ ਉਹ ਕੰਮ ਕਰਨਾ ਹੈ। ਉਸ ਵੇਲੇ ਉਹ ਬਾਨਪ੍ਰਸਤ ਆਸ਼ਰਮ ਦੇ ਵਿਚ ਦਾਖਲ ਹੋ ਜਾਂਦਾ ਸੀ। ਜਿਥੇ ਕੋਈ ਤੱਤ ਬੇਤੇ ਮਹਾਂਪੁਰਸ਼ ਹੁੰਦੇ, ਉਥੇ ਉਹਨਾਂ ਦੇ ਆਸ਼ਰਮ ਹੁੰਦੇ ਉਹਨਾਂ 'ਚ ਚਲੇ ਜਾਣਾ, ਬਹੁਤਿਆਂ ਨੇ ਸੁਤੰਤਰ (independent) ਰਹਿਣਾ, ਆਪਣਾ ਖਾਣਾ-ਪੀਣਾ। ਉਥੇ ਫੇਰ ਬੈਠ ਕੇ ਖੋਜ ਕਰਦੇ ਸੀ, ਮਹਾਂਪੁਰਸ਼ਾਂ ਦੀ ਨਿਗ੍ਹਾਬਾਨੀ 'ਚ। ਉਹ ਜ਼ਮਾਨਾ ਬੜਾ ਸਤਿ ਦਾ ਸੀ। ਇਕ ਵਾਰੀ ਉਪਦੇਸ਼ ਕਰ ਦਿਓ ਉਸੇ ਵੇਲੇ ਫਲੀਭੂਤ ਹੋ ਜਾਂਦਾ ਸੀ। ਸਤਿਜੁਗ ਦੇ ਵਿਚ ਸਿਰਫ ਇਕ ਵਾਰ ਉਪਦੇਸ਼ ਦਿਤਾ ਜਾਂਦਾ ਸੀ। ਦੁਆਪਰ ਦੇ ਵਿਚ ਦੋ ਵਾਰੀ, ਤ੍ਰੇਤੇ ਵਿਚ ਤਿੰਨ ਵਾਰੀ। ਤਿੰਨ ਵਾਰੀ ਮਹਾਤਮਾ ਬੋਲਦੇ ਸੀ ਜੀਵ ਨਾਲ, ਬਹੁਤੀਆਂ ਨਹੀਂ ਸੀ ਗੱਲਾਂ ਮਾਰਦੇ। ਸਮਾਂ ਬੰਨ੍ਹਿਆ ਹੁੰਦਾ ਸੀ ਕਿ ਐਨੀ ਦੇਰ ਬਾਅਦ ਬੋਲਣਾ ਹੈ। ਜਿਹੜਾ ਕਲਜੁਗ ਹੈ ਇਹ ਤਾਂ ਧਾਨਾਂ ਦੀ ਫਸਲ ਹੈ, ਇਹਦੇ 'ਚ ਤਾਂ ਹਰ ਵਾਰੀ ਪਾਣੀ ਲਾਉਣਾ ਪੈਂਦਾ ਹੈ। ਪਾਣੀ ਨਾ ਹੋਇਆ ਤਾਂ ਫਸਲ ਗਈ ਆਈ, ਸੁੱਕ ਕੇ ਦਾਣਾ ਵੀ ਨਹੀਂ ਹੋਣਾ। ਸੰਤ ਵੀ ਐਨੇ ਮਸ਼ਰੂਫ਼ (over busy) ਹੋ ਗਏ ਕਿ ਉਹਨਾਂ ਨੂੰ ਆਪਣੇ ਅੰਦਰਲੀ ਜਿਹੜੀ ਕਮਾਈ ਹੈ, ਉਹਨੂੰ ਸਮਾਂ ਹੀ ਮਿਲਣ ਤੋਂ ਹਟ ਗਿਆ।

ਉਹ ਉਸ ਸਮੇਂ ਖੋਜ ਕਰਦੇ ਸੀ, ਪ੍ਰਾਣਾਯਾਮ ਦੀ ਕਿ ਪ੍ਰਾਣਾਯਾਮ ਦੇ ਵਿਚ ਸ਼ਕਤੀ ਹੈ। ਜਿਹਨੂੰ ਅਸੀਂ ਸਾਹ ਕਹਿੰਦੇ ਹਾਂ। ਸਾਹ ਦੀ ਐਨਰਜੀ ਹੁਣ ਵੀ ਪੈਦਾ ਹੋ ਜਾਂਦੀ ਹੈ। 10 ਸਾਹਾਂ ਦੇ ਅੰਦਰ ਐਨਰਜੀ ਪੈਦਾ ਹੋ ਜਾਏਗੀ। ਉਹਦੀ ਤਕਨੀਕ ਹੁੰਦੀ ਹੈ, ਮਹਾਤਮਾ ਦੱਸੀ ਵੀ ਜਾਂਦੇ ਨੇ ਕਿ ਤੁਸੀਂ ਇਸ ਤਰ੍ਹਾਂ ਕਰ ਲਓ। ਉਹ ਫੇਰ ਰਸ ਵਾਲੀ ਐਨਰਜੀ ਪੈਦਾ ਹੋ ਜਾਂਦੀ ਹੈ। ਸਾਹ ਦੇ ਵਿਚ ਕਰੰਟ ਹੈ, ਜ਼ਿੰਦਗੀ ਹੈ। ਪ੍ਰਾਣ ਦੇ ਵਿਚ। ਜੇ ਪ੍ਰਾਣ ਨਾ ਹੋਵੇ, ਸਰੀਰ ਉਸੇ ਵੇਲੇ ਗਿਰ ਜਾਂਦਾ ਹੈ। ਸਭ ਤੋਂ ਮੁੱਖ

ਚੀਜ਼ ਸਰੀਰ ਦੇ ਵਿਚ ਪ੍ਰਾਣ ਨੇ। ਲੋਕ ਪ੍ਰਾਣਾਯਾਮ ਕਰਦੇ ਸੀ। ਪ੍ਰਾਣਾਯਾਮ ਛੋਟੇ ਵੀ ਹੈਗੇ, ਵੱਡੇ ਵੀ ਹੈਗੇ। ਪ੍ਰਾਣਾਯਾਮ ਦੀ ਜਿਹੜੀ ਗਰਮੀ ਹੈ ਜੇ ਤਾਂ ਉਹਨੂੰ ਖੱਬੀ ਨਾਸਿਕਾ ਤੋਂ ਸ਼ੁਰੂ ਕਰੋ ਤਾਂ ਉਹਨੂੰ ਚੰਦਨ ਸੁਰ ਕਹਿੰਦੇ ਨੇ। ਜੇ ਉਹਨੂੰ ਸੱਜੀ ਨਾਸਿਕਾ ਤੋਂ ਕਰੋ ਉਹ ਸੂਰਜ ਸੁਰ ਹੋਇਆ ਕਰਦੀ ਹੈ। ਸੂਰ ਸੁਰ ਕਹਿੰਦੇ ਨੇ, ਦੂਜੀ ਨੂੰ ਸੋ ਸੁਰ ਕਹਿੰਦੇ ਨੇ –

*ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ*
*ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥ ਅੰਗ – ੯੭੧*

ਇਹ ਸੂਰਜ ਦੀ ਜਿਹੜੀ ਸੁਰ ਸੀ ਇਧਰੋਂ ਸਵਾਸ ਖਿੱਚ ਕੇ ਅੰਦਰ ਲੈ ਜਾਂਦੇ ਸੀ। ਨਾਲ ਮੰਤਰ ਵੀ ਹੁੰਦਾ ਸੀ, ਇਕੱਲੇ ਸਵਾਸ ਨਹੀਂ। ਉਹ ਮੰਤਰ ਹੁੰਦਾ ਕਿ 42 ਵਾਰੀ ਓਅੰਕਾਰ ਕਹਿ ਕੇ ਸਵਾਸ ਅੰਦਰ ਲੈ ਕੇ ਜਾਣਾ ਹੈ। ਇਕ ਤੋਂ ਸ਼ੁਰੂ ਕਰਦੇ ਸੀ, ਫੇਰ ਦੋ ਤੋਂ, ਫੇਰ ਤਿੰਨ ਤੋਂ ਫੇਰ ਚਾਰ ਤੋਂ। ਜਿੰਨੀ ਵਾਰੀ ਕਹਿ ਕੇ ਕਰਨਾ, ਉਸ ਤੋਂ ਦੁੱਗਣੇ ਵਾਰੀ ਕੁੰਭਕ ਕਰਨਾ। ਰੋਕਣਾ ਹੈ ਇਹਨੂੰ। 84 ਵਾਰੀ ਓਅੰਕਾਰ ਦਾ ਨਾਮ ਲੈ ਕੇ, ਫੇਰ ਰੋਕਣਾ। 42 ਫੇਰ ਛੱਡਣਾ। ਉਸ ਸਮੇਂ ਦਿਮਾਗ ਤਕੜੇ ਸੀ, ਐਨੀ ਗਰਮੀ ਨੂੰ ਸਹਿ ਜਾਂਦੇ ਸੀ। ਕਿਉਂਕਿ ਬ੍ਰਹਮਚਰੀਆ ਦੇ ਵਿਚ ਪੂਰੇ ਸੀ।

ਹੁਣ ਤਾਂ ਬ੍ਰਹਮਚਰੀਆ ਦਾ ਤਾਂ ਕਿਸੇ ਨੂੰ ਖਿਆਲ ਹੀ ਨਹੀਂ। ਇਕ ਡਾਕਟਰ ਮੇਰੇ ਕੋਲ ਆਇਆ, ਕਹਿਣ ਲੱਗਿਆ ਕਿ ਤੁਸੀਂ ਬ੍ਰਹਮਚਰੀਆ ਕਿਉਂ ਲਿਖਦੇ ਹੋਂ? ਮੈਂ ਕਿਹਾ ਕਿ ਗੁਰੂ ਸਾਹਿਬ ਨੇ ਕਿਹੈ –

*ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।*
*ਭਾਈ ਗੁਰਦਾਸ ਜੀ*

ਉਹਦੇ ਬਾਰੇ ਵੀ ਮਰਿਆਦਾ ਹੁੰਦੀਆਂ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ। ਸੋ ਉਸ ਸਮੇਂ ਲੋਕ ਬ੍ਰਹਮਚਰੀਆ ਰਖਦੇ ਸੀ।

*ਸੁਪਨੈ ਬਿੰਦੁ ਨ ਦੇਈ ਝਰਨਾ ॥*
*ਤਿਸੁ ਕਾਜੀ ਕਉ ਜਰਾ ਨ ਮਰਨਾ ॥ ਅੰਗ – ੧੧੬੦*

ਐਨਾ ਧਿਆਨ ਰਖਦੇ ਸੀ ਕਿ ਸੁਪਨੇ ਵਿਚ ਵੀ ਨਾ ਝਰ ਜਾਵੇ। ਉਹ ਸ਼ਕਤੀ ਸੀ, vital force ਸਰੀਰ ਵਿਚ ਓਹੀ ਸੀ। ਉਹ ਜਦੋਂ ਵਧ ਜਾਂਦੀ ਸੀ ਤਾਂ ਫੇਰ ਇਹ ਓਜ ਬਣਦੀ ਸੀ, ਸਰੀਰ ਦੀ ਚਮਕ, ਚਿਹਰੇ ਦੀ ਚਮਕ, ਨੈਣਾਂ ਦੀ ਖਿੱਚ। ਜਦੋਂ ਬਹੁਤ ਜ਼ਿਆਦਾ ਵਧ ਜਾਂਦੀ ਸੀ ਤਾਂ ਅੱਖਾਂ ਦੇ ਵਿਚ ਮੈਗਨੇਟਿਕ ਸ਼ਕਤੀ ਆ ਕੇ ਪ੍ਰਵੇਸ਼ ਕਰ ਜਾਂਦੀ ਸੀ। ਉਹ ਜਿਹਦੇ ਵਲ ਦੇਖ ਲੈਂਦਾ ਸੀ, ਉਹ ਖਿੱਚ ਖਾ ਜਾਂਦਾ ਸੀ। ਉਹਦੇ ਬੋਲ ਵਿਚ ਮੈਗਨੇਟ ਦੀ ਰੋਅ (wave) ਰਲ ਜਾਂਦੀ ਸੀ ਆ ਕੇ। ਜਦੋਂ ਉਹ ਬੋਲਦਾ ਸੀ –

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ – ੨੬੯*

ਉਹਦੀ ਸਿੱਖਿਆ ਨਾਲ ਤਰਦੇ ਸੀ। ਉਹ ਕਹਿੰਦੇ ਸੀ, ਇਹ ਆਪ ਕਮਾਇਆ ਹੋਇਆ ਬੋਲਦਾ ਹੈ। ਉਹਦੇ ਨਾਲ, ਬ੍ਰਹਮਚਰੀਆ ਦੀ ਸ਼ਕਤੀ ਦੇ ਨਾਲ, ਉਹ ਗਰਮੀ ਨੂੰ ਸਹਿ ਜਾਂਦੇ ਸੀ। ਅਪਾਨ ਵਾਯੂ ਤੇ ਪ੍ਰਾਣ ਵਾਯੂ ਦੋ ਇਕੱਠੀਆਂ ਕਰ ਲੈਂਦੇ ਸੀ। ਇਕੱਠੀਆਂ ਕਰਕੇ ਭੁਚੰਗਾ ਨਾੜੀ ਦੇ ਉਤੇ ਇਕਾਗਰਤਾ ਕਰਦੇ ਸੀ। ਸਾਰੀ ਗਰਮੀ (heat) ਉਥੇ ਦਿੰਦੇ ਸੀ। ਉਹਦੇ ਨਾਲ ਭੁਚੰਗਾ ਨਾੜੀ ਦਾ ਮੂੰਹ ਖੁਲ੍ਹ ਜਾਂਦਾ ਸੀ। ਭੁਚੰਗ ਕਹਿੰਦੇ ਨੇ ਸੱਪ ਨੂੰ, ਸੱਪਣੀ ਨਾੜੀ ਦਾ, ਢਾਈ ਪੇਚ ਮਾਰੇ ਹੋਏ ਨੇ ਉਹਨੇ, ਅਤਿ ਸੂਖਸ਼ਮ ਹੈ, ਵਾਲ ਅਜੇ ਮੋਟਾ ਹੈ ਉਸ ਤੋਂ ਵੀ ਸੂਖਸ਼ਮ ਹੈ। ਉਹਦੇ ਵਿਚ ਬਿਜਲੀ ਹੈ, ਇਲੈਕਟ੍ਰਾਨਿਕਸ ਹੈ ਉਹਦੇ ਵਿਚ। ਭੰਡਾਰ ਹੈ ਇਲੈਕਟ੍ਰਾਨਿਕ ਦਾ। ਜਿਹੜਾ ਸੰਸਾਰ ਦੇ ਵਿਚ ਜੀਵਨ ਹੈ, ਉਹੋ ਜਿਹਾ ਹੀ ਜੀਵਨ ਉਹਦੇ ਵਿਚ ਹੈ। ਓਨੀਓਂ ਕਰੰਟ ਉਹਦੇ ਵਿਚ ਹੈ। ਉਹ ਜਦੋਂ ਖੁਲ੍ਹਦੀ ਸੀ ਤਾਂ ਇਹ ਸਵਾਸ ਇਕ ਦਮ ਉਹਦੇ ਮੂੰਹ ਵਿਚ ਪ੍ਰਵੇਸ਼ ਕਰ ਜਾਂਦਾ ਸੀ। ਰੀੜ੍ਹ ਦੀ ਹੱਡੀ ਦਾ ਜਿਹੜਾ ਆਖਰੀ ਸਿਰਾ ਹੈ, ਉਥੇ ਇਕ ਪੁਆਇੰਟ ਸੀ। ਉਹ ਗਰਮੀ (heat) ਦੇ ਨਾਲ ਉਸੇ ਵਕਤ ਪਿਘਲ ਜਾਂਦਾ ਸੀ। ਸਵਾਸ ਨੇ ਉਹਦੇ ਵਿਚ ਦਾਖਲ ਹੋ ਜਾਣਾ। ਉਹਨੂੰ ਮੂਲਧਾਰ ਚੱਕਰ ਕਹਿੰਦੇ ਨੇ। ਪੀਲੇ ਰੰਗ ਦੇ ਉਥੇ ਚਾਰ ਪੱਤੇ ਹੁੰਦੇ। ਉਸ ਤੋਂ ਬਾਅਦ ਇਹ ਪ੍ਰਕ੍ਰਿਆ ਜਾਰੀ ਰੱਖਣੀ। ਉਹ ਜਿਹੜੀ ਇਲੈਕਟ੍ਰਾਨਿਕ ਦੀ ਸ਼ਕਤੀ ਹੈ, ਉਹਦਾ ਨਾਉਂ ਹੈ ਕੁੰਡਲਨੀ, ਉਹ ਨਾਲ ਰਲਾ ਲੈਂਦੇ ਸੀ, ਕਾਬੂ ਕਰ ਲੈਂਦੇ ਸੀ। ਉਹਦੇ ਬਲ ਦੇ ਨਾਲ ਫੇਰ ਦੂਸਰਾ ਚੱਕਰ ਜਿਹੜਾ ਸੀਗਾ, ਕਾਮ ਕੁੰਡਲ ਪੁਆਇੰਟ ਦੇ ਵਿਚ ਉਹ ਅਧਿਸ਼ਠਾਨ ਚੱਕਰ ਕਹਾਉਂਦਾ ਹੈ। ਛੇ ਉਹਦੇ ਵਿਚ ਪੱਤੇ ਹੁੰਦੇ ਨੇ, ਰੰਗ ਬਦਲ ਜਾਂਦੈ, ਲਾਲ ਜਿਹਾ ਹੋ ਜਾਂਦੈ। ਉਹਦੇ ਵਿਚ ਪ੍ਰਵੇਸ਼ ਕਰਕੇ, ਉਥੋਂ ਕੁੰਡਲਨੀ ਦੀ ਮਦਦ ਦੇ ਨਾਲ ਨਾਭੀ ਦੇ ਬਰਾਬਰ ਜਿਹੜਾ ਚੱਕਰ ਹੈ, ਉਹਨੂੰ ਤੋੜਦੇ ਸੀ। ਇਹਨੂੰ ਮਣੀਪੂਰਕ ਚੱਕਰ ਕਹਿੰਦੇ ਸੀ। ਇਸ ਤੋਂ ਬਾਅਦ ਫੇਰ ਜਿਥੇ ਛਾਤੀ ਸ਼ੁਰੂ ਹੁੰਦੀ ਹੈ ਇਥੇ ਅਨਾਹਤ ਚੱਕਰ ਹੈ, ਉਹਦੀ ਰੋਸ਼ਨੀ, ਉਹਦੇ ਪੱਤੇ ਆਪਣੇ-ਆਪਣੇ ਹਿਸਾਬ ਨਾਲ, ਅੱਠ ਪੱਤੇ ਨੇ ਉਥੇ, ਰੋਸ਼ਨੀ ਹੈ ਉਥੇ। ਉਹਦੇ ਵਿਚੋਂ ਲੰਘ ਕੇ ਗਲ ਵਿਚ ਆ ਜਾਂਦੇ ਸੀ। ਕੰਠ ਵਿਚ

ਇਹਨੂੰ ਵਿਸ਼ੁੱਧ ਚੱਕਰ ਕਹਿੰਦੇ ਸੀ। ਇਹਦੇ ਵਿਚ 12 ਪੱਤੀਆਂ ਦਾ ਫੁੱਲ ਆ ਜਾਂਦਾ ਸੀ। ਰੋਸ਼ਨੀ ਬਦਲ ਜਾਂਦੀ ਸੀ। ਅਵਾਜ਼ਾਂ ਬਦਲ ਜਾਂਦੀਆਂ ਸੀ। ਜਿਹੜੀ ਬੋਲੀ ਬੋਲਦੇ ਹਾਂ ਅਸੀਂ ਉਹ ਇਹਨਾਂ ਚੱਕਰਾਂ 'ਚੋਂ ਨਿਕਲੀ ਹੋਈ ਹੈ। ਪੂਰੀ ਪੈਂਤੀ ਹੈ ਇਹਦੇ ਵਿਚ। ਹਰ ਪੁਆਇੰਟ ਦੇ ਉਤੇ ਦੱਸਿਆ ਹੋਇਐ ਕਿ ਐਨੇ ਅੱਖਰ ਇਥੋਂ ਬਣੇ, ਐਨੇ ਇਥੋਂ ਬਣੇ, ਐਨੇ ਇਥੋਂ। ਉਸ ਤੋਂ ਬਾਅਦ ਦੋ ਪੱਤਿਆਂ ਵਾਲਾ ਚਿੱਟੀ ਰੋਸ਼ਨੀ ਵਾਲਾ ਆਗਿਆ ਚੱਕਰ ਆ ਜਾਂਦਾ ਸੀ। ਆਗਿਆ ਚੱਕਰ ਹੈਗਾ ਜਿਥੇ ਸਾਡੇ ਨੱਕ ਤੇ ਅੱਖ ਪੁਆਇੰਟ ਹੈ, ਜੋੜ ਹੈ ਉਹਦੀ ਸੇਧ ਵਿਚ ਹੈ। ਇਥੇ ਜੀਵ ਜਿਹੜਾ ਸੀ ਉਹਦਾ ਨਿਵਾਸ ਹੁੰਦੈ। ਹਰੇਕ ਥਾਂ ਦੇਵਤੇ ਦਾ ਨਿਵਾਸ ਸੀ, ਪਹਿਲੇ ਵਿਚ ਬ੍ਰਹਮਾ ਦਾ, ਦੂਸਰੇ ਵਿਚ ਗਣੇਸ਼ ਦਾ ਸੀ, ਤੀਸਰੇ ਵਿਚ ਸ਼ਿਵ ਜੀ ਦਾ ਸੀ। ਜਿਹੜਾ ਅਨਾਹਤ ਚੱਕਰ ਸੀ ਇਥੇ ਵਿਸ਼ਨੂੰ ਜੀ ਦਾ ਨਿਵਾਸ ਸੀ। ਜਿਹੜਾ ਵਿਸ਼ੁੱਧ ਚੱਕਰ ਹੈ, ਇਥੇ ਜੀਵ ਦਾ ਚੱਕਰ ਸੀ। ਜਿਹੜਾ ਆਗਿਆ ਚੱਕਰ ਹੈ, ਇਥੇ ਗੁਰੂ ਦਾ ਨਿਵਾਸ ਹੈ। ਉਹ ਜਿਹੜਾ ਹੈ ਉਹ ਗੁਰੂ ਦੇ ਨਿਵਾਸ ਵਾਲੇ ਥਾਂ ਆ ਜਾਂਦਾ ਹੈ। ਉਸੇ ਪ੍ਰਕ੍ਰਿਆ ਦੇ ਨਾਲ ਉਵੇਂ ਜਿਵੇਂ ਰਸਤਾ ਖੁਲ੍ਹ ਗਿਆ ਇਹ ਆਗਿਆ ਚੱਕਰ ਟੁੱਟ ਜਾਂਦਾ ਸੀ ਤੇ ਇਸ ਤੋਂ ਬਾਅਦ ਤ੍ਰਿਕੁਟੀ ਦਾ ਜਿਹੜਾ ਚੱਕਰ ਹੈ ਉਹ ਟੁੱਟਦਾ ਸੀ। ਉਸ ਤੋਂ ਬਾਅਦ ਸਹੰਸਰਾਰ ਦਲ ਕਮਲ ਆ ਜਾਂਦਾ ਸੀ। ਇਥੇ ਬੇਅੰਤ ਸ਼ਕਤੀਆਂ ਦਾ ਭੰਡਾਰ ਹੈ। ਸ਼ਕਤੀਆਂ ਹੀ ਸ਼ਕਤੀਆਂ, ਹਜ਼ਾਰ ਦਲ ਕਮਲ ਹੈ ਚਿੱਟੇ ਰੰਗ ਦਾ। ਰੋਸ਼ਨੀ ਨਿਕਲ ਰਹੀ ਹੈ ਇਥੋਂ। ਇਲੈਕਟ੍ਰਾਨਿਕਸ ਰੋਸ਼ਨੀ ਨਿਕਲ ਰਹੀ ਹੈ ਉਹਦੇ ਵਿਚੋਂ। ਇਹਦੇ ਵਿਚੀਂ ਇਹ ਸਭ ਤੋਂ ਔਖਾ ਸੀਗਾ। ਇਥੇ ਗੁਰੂ ਮਦਦ ਕਰਦਾ ਸੀ ਕਿਉਂਕਿ ਆਦਮੀ ਲਗ ਜਾਂਦੈ ਸ਼ਕਤੀਆਂ ਦਿਖਾਉਣ, ਸਿੱਧੀਆਂ ਦਿਖਾਉਣ, ਕਿਉਂਕਿ ਇਥੇ ਦਿਖਦਾ ਬਹੁਤ ਕੁਛ ਹੈ, ਹਜ਼ਾਰਾਂ ਮੀਲਾਂ 'ਤੇ ਦਿਸਦੈ। ਹਜ਼ਾਰਾਂ ਮੀਲਾਂ ਤੋਂ ਗੱਲ ਸੁਣੀ ਜਾਂਦੀ ਹੈ। ਹੁਣ ਇਹਨੂੰ ਛੱਡੇ ਕਿਹੜਾ? ਪੂਜਾ ਹੋਣ ਲਗ ਜਾਂਦੀ ਹੈ, ਮਾਨਤਾ ਹੁੰਦੀ ਹੈ, ਵਿਚਾਲੇ ਰਹਿ ਗਏ –

*ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥*

*ਅੰਗ – ੧੩੬੯*

ਇਥੇ ਚਿੱਤ ਰੁਕਦੈ, ਰੁਕਦਾ ਨਹੀਂ, ਨਿਵਾਣ (down) ਵਲ fall ਆਉਂਦਾ ਹੈ। ਜਿਹੜਾ ਰਸਤਾ ਹਨ੍ਹੇਰੇ ਦਾ ਹੈ, ਉਹਦੇ ਵਿਚ ਗਿਰ ਕੇ ਮੁੜ ਕੇ ਆ ਕੇ ਉਥੇ ਹੀ ਫੇਰ ਆ ਜਾਂਦੈ, ਜੀਵ ਭਾਵਨਾ 'ਤੇ। ਇਸ ਕਰਕੇ ਗੁਰੂ ਤੋਂ ਬਗੈਰ ਇਹ ਰਸਤਾ ਤਹਿ ਨਹੀਂ ਹੋਇਆ ਕਰਦਾ। ਉਸ ਤੋਂ ਬਾਅਦ ਹੈ ਦਸਵਾ ਦੁਆਰ। ਮਹਾਰਾਜ ਕਹਿੰਦੇ, ਉਥੇ ਨਿਸ਼ਾਨੀਆਂ ਨੇ, ਇਕ ਤਾਂ ਉਥੇ ਅਨਹਦ ਨਾਦ ਵਜਦੈ, ਬਿਨਾਂ ਵਜਾਏ ਹਰ ਵਕਤ ਵਜਦੈ, ਆਤਮਕ ਸੰਗੀਤ। ਦੂਸਰਾ ਉਥੇ ਰੋਸ਼ਨੀ ਹੈ। ਬਾਹਰ ਵਰਗੀ ਵੀ ਹੈ, ਗਿਆਨ ਦੀ ਵੀ ਰੋਸ਼ਨੀ ਹੈ। ਉਸ ਰੋਸ਼ਨੀ ਦੇ ਵਿਚੋਂ ਫੇਰ ਅਸੀਂ ਦੇਖਦੇ ਹਾਂ।–

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*

*ਅੰਗ – ੯੫੪*

ਉਸ ਤੋਂ ਅੱਗੇ ਜੀਵ ਲੰਘ ਨਹੀਂ ਸਕਦਾ। ਲੰਘਣ ਵਾਸਤੇ ਉਹਨੂੰ ਪਿਆਰ ਦੇ ਜਜ਼ਬੇ ਵਿਚ ਆਉਣਾ ਪੈਂਦਾ ਹੈ। ਭਗਤੀ 'ਚ ਆਉਣਾ ਪੈਂਦੈ –

*ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ*
*ਤਿਨ ਹੀ ਪ੍ਰਭ ਪਾਇਓ।*

ਉਹ ਪਿਆਰ ਦੇ ਨਾਲ ਖਿੱਚਦੈ। ਜਦੋਂ ਦੇਖਦਾ ਹੈ ਤਾਂ ਹੈਰਾਨ ਹੋ ਜਾਂਦੈ ਕਿ ਵਾਹਿਗੁਰੂ ਮੇਰੇ ਅੰਦਰ ਵੀ ਹੈ ਤੇ ਇਹੀ ਬਾਹਰ ਹੈ। ਜਿਧਰ ਵੀ ਮੈਂ ਦੇਖਦਾ ਹਾਂ, ਇਹੀ ਹੈ –

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ – ੪੦੭*

ਇਹ ਤਾਂ ਹੈਗਾ ਰਸਤਾ ਓਹਨਾਂ ਸਮਿਆਂ ਦਾ, ਜਦੋਂ ਬੰਦਾ ਮਜ਼ਬੂਤ ਸੀ। ਸਿਹਤ ਬਹੁਤ ਤਕੜੀ ਸੀ। ਅੱਜ ਦਾ ਬੰਦਾ ਤਾਂ ਇਹ ਸੋਚ ਹੀ ਨਹੀਂ ਸਕਦਾ। ਨਾ ਇਸ ਰਸਤੇ ਪਵੇ, ਜੇ ਪਵੇਗਾ ਤਾਂ ਪਾਗਲਖਾਨੇ ਜਾਣਾ ਪੈਣੈ। ਦਿਮਾਗ ਪਾਗਲ ਹੋ ਜਾਏਗਾ।

ਹੁਣ ਸਾਡਾ ਰਸਤਾ ਕੀ ਹੈ? ਮਹਾਰਾਜ ਕਹਿੰਦੇ, ਤੇਰਾ ਰਸਤਾ, ਪਹਿਲਾਂ ਤੂੰ ਸਮਝ। ਨਿਸ਼ਚੇ ਵਿਚ ਲਿਆ ਕਿ ਮੇਰੇ ਅੰਦਰ ਵਾਹਿਗੁਰੂ ਹੈ। ਮਹਾਰਾਜ ਜੀ ਆਪ ਫੁਰਮਾਨ ਕਰਦੇ ਹਨ ਕਿ ਜਿਥੇ ਵਾਹਿਗੁਰੂ ਰਹਿੰਦਾ ਹੈ ਨਾ, ਉਸ ਮੰਦਰ ਦੀ ਪਹਿਚਾਣ ਕਰੋ ਪਹਿਲਾਂ। ਅੰਦਰਲਾ ਮੰਦਰ ਸੁੱਚਾ ਹੈ। ਉਹਦੇ ਵਾਸਤੇ ਰਹਿਤਾਂ ਨੇ –

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥*

..................................................

*ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥*

..................................................

*ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥*

..................................................

*ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥*

*ਅੰਗ – ੪੬੮*

ਇਹ ਰਹਿਤਾਂ ਨੇ, ਜਿਹੜਾ ਰਸਤਾ ਸਾਡਾ ਹੈ ਉਹਦੇ ਵਿ ਇਹ ਅਪਣਾਉਣੀਆਂ ਪੈਂਦੀਆਂ ਨੇ। ਮਹਾਰਾਜ ਕਹਿੰਦੇ, ਜਿਹੜਾ ਮੰਦਰ ਨੂੰ ਜਾਣਦਾ ਹੈ ਨਾ, ਪਹਿਲਾਂ ਪਛਾਣ ਕਰੋ ਮੰਦਰ ਕਿੱਥੇ ਕੁ ਹੈ। ਸਰੀਰ ਵਿਚ ਬੇਅੰਤ ਚੀਜ਼ਾਂ ਨੇ। ਜੇ ਖੰਡਾਂ ਬ੍ਰਹਿਮੰਡਾਂ ਨੂੰ ਦੇਖਣ ਲਗ ਜਾਓ, ਓਹੀ ਦਿਸਣ ਲਗ ਜਾਂਦੇ ਨੇ। ਪਹਿਲਾਂ ਉਸ ਮੰਦਰ ਦੀ, ਇਸ ਭੀੜ-ਭੜੱਕੇ ਦੇ ਵਿਚ ਉਹਦੀ ਪਛਾਣ ਕਰੋ। ਉਹਨਾਂ ਨੇ ਤਾਂ ਕਰ ਲਈ, ਉਹ ਇਸ ਤਰ੍ਹਾਂ ਲੰਘਦੇ ਨੇ। ਅਸੀਂ ਨਹੀਂ ਲੰਘਦੇ ਇਸ ਤਰ੍ਹਾਂ। ਹੁਣ ਸਾਡੀ ਮਦਦ ਕੌਣ ਕਰਦੈ। ਮਹਾਰਾਜ ਕਹਿੰਦੇ, ਤੁਹਾਡੀ ਮਦਦ ਕਰਦੈ, ਗੁਰੂ।

*ਘਰੁ ਦਰੁ ਮੰਦਰੁ ਜਾਣੈ ਸੋਈ ॥* *ਅੰਗ - ੧੦੩੯*

ਵਾਹਿਗੁਰੂ ਦਾ ਜਿਹੜਾ ਮੰਦਰ ਹੈ ਉਹਨੂੰ ਜਾਣੇ-

*ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥* *ਅੰਗ - ੧੦੩੯*

ਜਿਸ ਨੂੰ ਪੂਰੇ ਸਤਿਗੁਰੂ ਤੋਂ ਸੋਝੀ ਹੋਈ, ਉਹਨੂੰ ਪਛਾਣ ਆ ਗਈ -

*ਕਾਇਆ ਗੜ ਮਹਲ ਮਹਲੀ*
*ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥*
*ਅੰਗ - ੧੦੩੯*

ਆਹ ਜਿਹੜਾ ਕਾਇਆ ਦਾ ਕਿਲ੍ਹਾ ਹੈ ਇਹਦੇ ਵਿਚ ਮਹਿਲ ਹੈ, ਉਥੇ ਜਿਹੜਾ ਉਹਦਾ ਤਖਤ ਹੈ ਉਹ ਸੱਚਾ ਹੈ।

*ਚਤੁਰ ਦਸ ਹਾਟ ਦੀਵੇ ਦੁਇ ਸਾਖੀ ॥* *ਅੰਗ- ੧੦੩੯*

ਚੌਦਾਂ ਭਵਨ ਇਸ ਸੂਰਜ ਮੰਡਲ ਦੇ ਅੰਦਰ, ਫੇਰ ਉਸ ਅਗਾਂਹਾਂ ਹੋਰ, ਅਗਲਿਆਂ 'ਚ ਹੋਰ -

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥* *ਅੰਗ- ੫*

ਅਸੀਂ ਆਪਣੀ ਗੱਲ ਕਰਦੇ ਹਾਂ, ਸਾਰੀ cosmic ਦੀ ਗੱਲ ਨਹੀਂ ਕਰਦੇ। ਜਿਹੜੀ ਸਾਡੇ ਸਰੀਰ ਨਾਲ ਸਬੰਧ ਰਖਦੀ ਹੈ, ਸਾਡੇ ਵਾਤਾਵਰਣ ਨਾਲ ਸਬੰਧ ਰਖਦੀ ਹੈ। ਸਾਨੂੰ ਜਿਹੜੀ ਕਿਸੇ ਰਸਤੇ ਪੁਚਾ ਸਕਦੀ ਹੈ। ਮਹਾਰਾਜ ਕਹਿੰਦੇ, ਚੌਦਾਂ ਜਿਹੜੇ ਤਬਕ ਨੇ, ਸੱਤ ਹੇਠਾਂ, ਸੱਤ ਉਤੇ, ਉਹਦੇ ਵਿਚ 'ਚਤੁਰ ਦਸ ਹਾਟ' ਉਹ ਇਹਦੇ ਵਿਚ ਦੀਵੇ ਨੇ।

*ਸੇਵਕ ਪੰਚ ਨਾਹੀ ਬਿਖੁ ਚਾਖੀ ॥* *ਅੰਗ - ੧੦੩੯*

ਜਿਹੜਾ ਇਹਦੇ ਵਿਚ ਸੇਵਕ ਹੈ ਉਹਦੇ ਪੰਜ ਦੋਖ ਨਹੀਂ ਹਨ। ਉਹ ਪੰਜ ਦੋਖਾਂ ਦੀ ਬਿਹੁ ਨਹੀਂ ਇਕੱਠੀ ਕਰਦਾ। ਉਹ ਉਸ ਚੀਜ਼ ਵਲ ਜਾਂਦੈ, ਜਦੋਂ ਉਹਦੀ ਸੁਰਤੀ ਉਥੇ ਪਹੁੰਚਦੀ ਹੈ, ਮਹਾਰਾਜ ਕਹਿੰਦੇ-

*ਅੰਤਰਿ ਵਸਤੁ ਅਨੂਪ ਨਿਰਮੋਲਕ*
*ਗੁਰਿ ਮਿਲਿਐ ਹਰਿ ਧਨੁ ਪਾਇਆ ॥* *ਅੰਗ- ੧੦੩੯*

ਜਿਸ ਵਸਤੂ ਦੀ, ਆਤਮਾ ਦੀ ਅਸੀਂ ਬਾਤ ਕਰਦੇ ਹਾਂ, ਨਿਰੰਕਾਰ ਦੀ ਬਾਤ ਕਰਦੇ ਹਾਂ, ਉਹ ਅਨੂਪ ਉਪਮਾ ਤੋਂ ਰਹਿਤ ਤੇ ਨਿਰਮੋਲਕ ਹੈ। ਹੁਣ ਮਿਲਿਆ ਤਾਂ ਪਹਿਲਾਂ ਅਸੀਂ ਬਥੇਰੇ ਯਤਨ ਕਰੇ ਨਹੀਂ ਮਿਲਿਆ।

ਬਾਬੇ ਫਰੀਦ ਨੇ 24 ਸਾਲ ਜੰਗਲਾਂ ਦੀ ਖਾਕ ਛਾਣੀ, ਬਹੁਤ ਦੁਖੀ ਹੋਏ, ਨਹੀਂ ਮਿਲਿਆ। ਚੌਦਾਂ ਸਾਲ ਮੁਰਸ਼ਦ ਦੀ ਸੇਵਾ ਕੀਤੀ। ਕਹਿੰਦੇ ਉਹਨੇ ਦਿਖਾਇਆ। ਇਹ ਹਰੀ ਦਾ ਧਨ ਗੁਰੂ ਦੇ ਮਿਲਣ ਨਾਲ ਹੋਇਆ। ਹੁਣ ਜਿਹੜਾ ਜੀਵ ਹੈ ਇਹਨੇ ਤਖਤ 'ਤੇ ਬਹਿਣੈ। ਤਖਤ ਦੇ ਉਤੇ ਨਿਰੰਕਾਰ ਬੈਠਾ ਹੈ। ਹੁਣ ਉਸੇ ਤਖਤ 'ਤੇ ਇਹ ਬੈਠਦਾ ਹੈ।

*ਤਖਤਿ ਬਹੈ ਤਖਤੈ ਕੀ ਲਾਇਕ ॥* *ਅੰਗ - ੧੦੩੯*

ਜੇ ਉਹਦੇ ਲਾਇਕ ਬਣ ਜਾਵੇ। ਫੇਰ ਉਸ ਤਖਤ 'ਤੇ ਇਹਨੂੰ ਥਾਂ ਮਿਲਦਾ ਹੈ -

*ਪੰਚ ਸਮਾਏ ਗੁਰਮਤਿ ਪਾਇਕ ॥* *ਅੰਗ - ੧੦੩੯*

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਇਹ ਸਾਰੇ ਖਤਮ ਹੋ ਗਏ, ਪਾਸ਼ ਹੋ ਗਏ -

*ਆਦਿ ਜੁਗਾਦੀ ਹੈ ਭੀ ਹੋਸੀ*
*ਸਹਸਾ ਭਰਮੁ ਚੁਕਾਇਆ ॥* *ਅੰਗ- ੧੦੩੯*

ਉਹ ਵਾਹਿਗੁਰੂ ਪਹਿਲਾਂ ਵੀ ਸੀਗਾ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* *ਅੰਗ - ੧੦੩੯*

ਕਹਿੰਦੇ, ਓਹੀ ਸੱਚ ਦਾ ਸਾਨੂੰ ਪਤਾ ਲਗ ਗਿਆ। ਸਹਸਾ ਜੋ ਸੀ ਮਨ ਦੇ ਅੰਦਰ ਤੇ ਭਰਮ ਸੀ ਮਨ ਦੇ ਅੰਦਰ ਉਹ ਖਤਮ ਹੋ ਗਏ। ਪੰਜ ਭਰਮ ਹੋਇਆ ਕਰਦੇ ਸੀ -

*ਤੂ ਏਕੰਕਾਰੁ ਨਿਰਾਲਮੁ ਰਾਜਾ ॥*
*ਤੂ ਆਪਿ ਸਵਾਰਹਿ ਜਨ ਕੇ ਕਾਜਾ ॥* *ਅੰਗ - ੧੦੩੯*

ਫੇਰ ਉਹ ਆਪ ਸਵਾਰਦਾ ਹੈ ਉਸ ਜਨ ਦੇ ਕਾਰਜ।

*ਅਮਰੁ ਅਡੋਲੁ ਅਪਾਰੁ ਅਮੋਲਕੁ*
*ਹਰਿ ਅਸਥਿਰ ਥਾਨਿ ਸੁਹਾਇਆ ॥* *ਅੰਗ - ੧੦੩੯*

ਪੱਕਾ ਥਾਉਂ ਉਥੇ ਸੁਹਾਵਣਾ ਹੈ -

*ਦੇਹੀ ਨਗਰੀ ਊਤਮ ਥਾਨਾ ॥* *ਅੰਗ - ੧੦੩੯*

ਇਸ ਨਗਰੀ ਦੇ ਵਿਚ ਬਹੁਤ ਉੱਚਾ ਥਾਉਂ ਹੈ। ਇਹ ਜਿਹੜਾ ਆਉਂਦਾ ਹੈ ਨਾ ਬਾਰ-ਬਾਰ, 'ਪੰਚ ਪਰਵਾਣ ਪੰਚ ਪਰਧਾਨੁ' ਇਹਨੂੰ ਸਮਝਣ ਦੀ ਲੋੜ

ਹੈ ਕਿ ਇਹ ਗੱਲ ਕੀ ਹੈ। ਇਹ ਪੰਚ ਲੋਕ ਉਹ ਨੇ ਜਿਨ੍ਹਾਂ ਦੇ ਅੰਦਰ ਧੀਰਜ, ਖਿਮਾ, ਦਇਆ, ਵਿਚਾਰ, ਵਿਵੇਕ, ਸੰਤੋਖ ਇਹਨਾਂ ਦਾ ਵਾਸਾ ਹੈ। ਉਹਨਾਂ ਨੂੰ ਪੰਚ ਲੋਕ ਕਹਿੰਦੇ ਨੇ। ਉਸ ਨਗਰੀ ਦੇ ਵਿਚ ਜੋ ਪੰਚ ਲੋਕ ਵਸਦੇ ਨੇ, ਉਨ੍ਹਾਂ ਦੇ ਉਤੇ –

*ਊਪਰਿ ਏਕੰਕਾਰੁ ਨਿਰਾਲਮੁ*
*ਸੁੰਨ ਸਮਾਧਿ ਲਗਾਇਆ ॥* ਅੰਗ – ੧੦੩੯

ਅਫੁਰ ਰਹਿਤ ਅਵਸਥਾ ਦੇ ਵਿਚ, ਇਸੇ ਸਰੀਰ 'ਚ, ਦਸਵੇਂ ਦੁਆਰ 'ਤੇ ਉਹਦਾ ਵਾਸਾ ਹੈ –

*ਦੇਹੀ ਨਗਰੀ ਨਉ ਦਰਵਾਜੇ ॥*
*ਸਿਰਿ ਸਿਰਿ ਕਰਣੈਹਾਰੈ ਸਾਜੇ ॥*
*ਦਸਵੈ ਪੁਰਖੁ ਅਤੀਤੁ ਨਿਰਾਲਾ*
*ਆਪੇ ਅਲਖੁ ਲਖਾਇਆ ॥* ਅੰਗ– ੧੦੩੯

ਕਦੋਂ ਲਿਖਾਉਂਦਾ ਹੈ, ਉਹਦੇ ਬਾਰੇ ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ –

*ਧਾਰਨਾ – ਨਾਨਕ ਨਾਮ ਵਖਾਣੇ ਜੀ,*
*ਸੁਰਤ ਸਬਦ ਭਵ ਸਾਗਰ ਤਰੀਐ।*
*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥* ਅੰਗ – ੯੩੮

ਇਥੇ ਤਕ ਆਪ ਨੂੰ ਸਾਰੀ ਗੱਲ ਸਮਝ ਵਿਚ ਆ ਗਈ। ਕੋਈਓ ਹੋਣੈ ਜਿਹਦੇ ਇਹ ਗੱਲਾਂ ਸਮਝ 'ਚ ਨਾ ਆਈਆਂ ਹੋਣ। ਸੋ ਵਾਹਿਗੁਰੂ ਜੀ –

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥* ਅੰਗ – ੧੦੩੩

ਇਕੋ ਤੁਕ ਹੈ ਇਹਦੇ ਵਿਚ ਆ ਗਿਆ ਕਿ ਕਾਇਆ ਨਗਰ ਜਿਹੜਾ ਸਰੀਰ ਹੈ, ਇਸ ਕਿਲ੍ਹੇ ਦੇ ਇਕ ਹੋਰ ਗੁਪਤ ਥਾਂ ਹੈ, ਉਹਨੂੰ ਗਗਨ ਮੰਡਲ ਕਹਿੰਦੇ ਨੇ, ਆਕਾਸ਼ ਦਾ ਮੰਡਲ। ਉਹ ਜਿਹੜਾ ਅਕਾਸ਼ ਦਾ ਮੰਡਲ ਹੈ, ਉਹਨੂੰ ਅਸੀਂ ਦਸਮ ਦੁਆਰਾ ਕਹਿੰਦੇ ਹਾਂ। ਉਸ ਅਸਮਾਨੀ ਪੁਰੀ ਦੇ ਅੰਦਰ, ਦਸਵੇਂ ਦੁਆਰ ਦੇ ਅੰਦਰ ਵਾਹਿਗੁਰੂ ਜੀ ਦਾ ਤਖ਼ਤ ਲੱਗਿਆ ਹੋਇਐ। ਉਹ ਮੈਲ ਤੋਂ ਰਹਿਤ ਹੈ, ਸਦਾ ਹੀ ਅਸਥਿਰ ਹੈ। ਉਹ ਜਾਂਦਾ ਨਹੀਂ ਕਦੇ ਵੀ, ਜਿੰਨਾਂ ਚਿਰ ਸਰੀਰ ਹੈ। ਸੋ ਮਹਾਰਾਜ ਕਹਿੰਦੇ – ਇਹਦੇ ਵਿਚ, ਛੱਜੇ, ਹੱਟਾਂ, ਬਜ਼ਾਰ ਸਭ ਕੁਛ ਹੈ। ਭੀਤਰ ਗੁਫਾ ਬਣੀ ਹੋਈ ਹੈ। ਇਹ ਜਿਹੜੇ ਬਜ਼ਾਰ ਬਣੇ ਹੋਏ ਨੇ ਇਹਦੇ ਵਿਚ ਬਹੁਤ ਕੀਮਤੀ ਵਸਤੂ ਪਈ ਹੈ। ਉਹਦੀ ਰਾਖੀ ਵਾਸਤੇ –

*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥* ਅੰਗ– ੧੦੩੩

ਸੋ ਬਜਰ ਕਪਾਟਾਂ ਦੀ ਸੂਝ ਹੋਣੀ ਚਾਹੀਦੀ ਹੈ। ਮਹਾਰਾਜ ਕਹਿੰਦੇ, ਇਕ ਗੁਰੂ ਦਾ ਸ਼ਬਦ ਹੈ, ਇਕ ਵਾਹਿਗੁਰੂ ਦਾ ਸ਼ਬਦ ਹੈ, ਇਕ ਪ੍ਰਕ੍ਰਿਤੀ ਦਾ ਸ਼ਬਦ, ਬੰਦੇ ਦਾ ਸ਼ਬਦ ਹੈ। ਆਹ ਮੈਂ ਬੋਲ ਰਿਹਾ ਹਾਂ ਸ਼ਬਦ ਹੋ ਰਿਹੈ। ਇਹ ਗੁਰੂ ਦਾ ਸ਼ਬਦ ਜਿਹੜਾ ਹੈ ਇਹ ਉਸ ਵੇਲੇ ਪ੍ਰਾਪਤ ਹੁੰਦੈ ਜਦੋਂ ਪੰਜ ਪਿਆਰੇ ਗੁਰਮੰਤ੍ਰ ਦਿੰਦੇ ਨੇ। ਉਸ ਸ਼ਬਦ ਦੇ ਜਾਪ ਨਾਲ ਇਹ ਖੁਲ੍ਹ ਜਾਂਦਾ ਹੈ। ਜਿਵੇਂ ਅਲੀ ਬਾਬਾ ਚਾਲੀ ਚੋਰਾਂ ਦੀ ਕਹਾਣੀ ਹੈ। ਖੁਲ੍ਹ ਸਿਮ-ਸਿਮ ਕਹਿਣ 'ਤੇ ਦਰਵਾਜ਼ਾ ਖੁਲ੍ਹ ਜਾਂਦਾ ਸੀ। ਸਾਰਿਆਂ ਨੇ ਪੜ੍ਹੀਆਂ ਨੇ ਇਹ ਗੱਲਾਂ। ਇਸੇ ਤਰ੍ਹਾਂ 'ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ' ਕਰਦਿਆਂ ਇਹ ਦਰਵਾਜ਼ਾ ਖੁਲ੍ਹ ਜਾਂਦਾ ਹੈ। ਰਸਨਾ ਨਾਲ ਨਾਮ ਪਹਿਲਾਂ ਜਪੋ। ਜੇ ਰਸਨਾ ਦੇ ਨਾਲ ਅਸੀਂ ਨਾਮ ਨਹੀਂ ਜਪਦੇ ਜਿਨ੍ਹਾਂ ਦੀ ਤਾਂ ਸੁਰਤ ਵਿਚ ਚਲਦੈ, ਉਹਨਾਂ ਦੀ ਗੱਲ ਤਾਂ ਛੱਡੋ। ਜਿਹੜੇ ਵੈਸੇ ਹੀ ਹਰ ਵਕਤ ਮੂੰਹ ਮੀਚੀ ਰਖਦੈ, ਰਸਨਾ ਨਾਲ ਨਾਮ ਨਹੀਂ ਜਪਦਾ, ਉਹਦੇ ਬਾਰੇ ਫੁਰਮਾਨ ਆਉਂਦਾ ਹੈ –

*ਰੇ ਜਿਹਬਾ ਕਰਉ ਸਤ ਖੰਡ ॥*
*ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥* ਅੰਗ – ੧੧੬੩

ਹੇ ਜਿਹਬਾ ਜੇ ਤੂੰ ਗੋਬਿੰਦ ਦਾ ਨਾਮ ਨਹੀਂ ਉਚਰਦੀ, ਤੇਰੇ ਸੌ ਟੁਕੜੇ ਕਰ ਦੇਣੇ ਚਾਹੀਦੇ ਨੇ –

*ਧਾਰਨਾ – ਜੇ ਤੂੰ ਨਾਮ ਨਾ ਜਪੇ ਜਿਹਭਾ ਮੇਰੀਏ,*
*ਤਿਲੋ ਤਿਲ ਕੱਟੀ ਜਾਵੇਂਗੀ।*
*ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥*
*ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥*
*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥*
ਅੰਗ – ੧੩੬੨

ਜੋ ਨੈਣ ਮਹਾਂਪੁਰਸ਼ਾਂ ਦੇ ਦਰਸ਼ਨ ਨਹੀਂ ਕਰਦੇ। ਕਹਿੰਦੇ ਉਹ ਬੰਦ ਕਰ ਦੇਣੇ ਚਾਹੀਦੇ ਨੇ। ਪਾਪ ਦੀਆਂ ਚੀਜ਼ਾਂ ਦੇਖਦੇ ਨੇ, ਉਹਨਾਂ ਦੇ ਸੰਸਕਾਰ ਅੰਦਰ ਬੈਠਦੇ ਨੇ, ਉਹ ਨਰਕਾਂ ਨੂੰ ਲਿਜਾਣ ਦੇ ਸਮਰੱਥ ਹੋਇਆ ਕਰਦੇ ਨੇ। ਕੰਨ ਹਰੀ ਦਾ ਜਸ ਸਰਵਣ ਨਹੀਂ ਕਰਦੇ, ਇਹਨਾਂ ਨੂੰ ਮੁੰਦ ਦਿਓ। ਆਹ ਦੋ ਉਂਗਲ ਦੀ ਰਸਨਾ, ਜੇ ਵਾਹਿਗੁਰੂ–ਵਾਹਿਗੁਰੂ, ਰਾਮ–ਰਾਮ, ਅੱਲਾਹ–ਅੱਲਾਹ, ਗੋਬਿੰਦ, ਨਾਰਾਇਣ, ਹਰੇ, ਸਹੰ ਹੰਸਾ, ਕੋਈ ਨਾਮ–

*ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥* ਅੰਗ – ੧੧੬੮

ਜੇ ਨਾਮ ਨਹੀਂ ਜਪਦੀ, ਇਹ ਦੋ ਉਂਗਲ ਦੀ ਰਸਨਾ, ਜੇ ਨਿੰਦਿਆ ਕਰ ਦੇਵੇ, ਸੈਂਕੜੇ ਕੁਲਾਂ ਦਾ ਨਾਸ਼ ਕਰ ਦਿੰਦੀ ਹੈ -

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ*
*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*
*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਨਿੰਦਕ ਆਪ ਵੀ ਡੁੱਬਦੈ ਤੇ ਸੈਂਕੜੇ ਕੁਲਾਂ ਨੂੰ ਡੋਬ ਦਿੰਦੈ। ਇਸੇ ਕਰਕੇ ਕਹਿੰਦੇ ਨੇ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥ ਅੰਗ- ੩੨੮*

ਜੇ ਨਿੰਦਕ ਨੂੰ ਜਨਮ ਦੇਣਾ ਸੀ ਤਾਂ ਇਸ ਤੋਂ ਚੰਗਾ ਤੂੰ ਵਿਧਵਾ ਹੋ ਜਾਂਦੀ। ਤੈਨੂੰ ਪਾਪ ਤਾਂ ਨਾ ਲਗਦਾ, ਤੇਰੇ ਬਜ਼ੁਰਗਾਂ ਨੂੰ ਪਾਪ ਤਾਂ ਨਾ ਲਗਦਾ। 101 ਕੁਲ ਨੂੰ ਡੋਬਣ ਦੀ ਸਮਰੱਥਾ ਰਖਦੈ ਨਿੰਦਕ। ਨਾਮ ਜਪਣ ਵਾਲਾ 101 ਕੁਲ ਨੂੰ ਨਰਕਾਂ 'ਚੋਂ ਕੱਢ ਲੈਂਦੈ। ਕਹਿੰਦੇ ਐਸੀ ਰਸਨਾ ਕੱਟ ਦੇਣੀ ਚਾਹੀਦੀ ਹੈ ਜੋ ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ, ਕਿੱਚ-ਪਿੱਚ ਬੋਲਦੀ ਹੈ -

*ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥*
*ਅੰਗ - ੧੩੬੨*

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਜੋ ਮੈਂ ਬੇਨਤੀ ਕਰੀ ਹੈ। ਪਹਿਲਾਂ ਤਾਂ ਵਿਸ਼ਵਾਸ਼ ਰੱਖੋ ਕਿ ਸਾਡੇ ਅੰਦਰ ਵਾਸਾ ਹੈ ਵਾਹਿਗੁਰੂ ਦਾ। ਵਾਹਿਗੁਰੂ ਦਾ ਤੇ ਗੁਰੂ ਦਾ ਕੋਈ ਵੀ ਫਰਕ ਨਹੀਂ -

*ਗੁਰੁ ਪਰਮੇਸਰੁ ਏਕੋ ਜਾਣੁ॥ ਅੰਗ - ੮੬੪*

ਸ੍ਰੀ ਗੁਰੂ ਅੰਗਦ ਸਾਹਿਬ ਨੇ ਭਾਈ ਬਾਲਾ ਜੀ ਨੂੰ ਪੁੱਛਿਆ ਕਿ ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ 'ਤੇ ਕਿੰਨਾ ਕੁ ਵਿਸ਼ਵਾਸ਼ ਰਖਦੇ ਸੀ? ਭਾਈ ਬਾਲਾ ਜੀ ਕਹਿਣ ਲੱਗੇ ਕਿ ਮਹਾਰਾਜ! ਉਹ ਤਾਂ ਪੂਰਨ ਸੰਤ ਸਨ। ਕਹਿਣ ਲੱਗੇ, ਅੱਛਾ ਭਾਈ! ਤੂੰ ਵੀ ਸੰਤ ਹੋਇਆ। ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਤੁਸੀਂ ਕਿੰਨਾ ਵਿਸ਼ਵਾਸ਼ ਰੱਖਦੇ ਸੀ? ਬਾਬਾ ਬੁੱਢਾ ਜੀ ਕਹਿਣ ਲੱਗੇ ਕਿ ਉਹ ਤਾਂ ਪੂਰਨ ਬ੍ਰਹਮ ਗਿਆਨੀ ਸਨ। ਮਹਾਰਾਜ ਕਹਿਣ ਲੱਗੇ, ਅੱਛਾ, ਤੁਸੀਂ ਬ੍ਰਹਮ ਗਿਆਨੀ ਹੋਏ। ਸਭ ਤੋਂ ਪੁੱਛਿਆ। ਜਦੋਂ ਗੁਰੂ ਮਹਾਰਾਜ ਤੋਂ ਸਭ ਨੇ ਪੁੱਛਿਆ, ਮਹਾਰਾਜ ਕਹਿਣ ਲੱਗੇ, ਪਿਆਰਿਓ! ਸ੍ਰੀ ਗੁਰੂ ਨਾਨਕ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਸਨ। ਉਹ ਤਾਂ ਆਪ ਪਾਰਬ੍ਰਹਮ ਪ੍ਰਮੇਸ਼ਰ ਗੁਰੂ ਰੂਪ ਦੇ ਵਿਚ ਸਰੀਰਧਾਰੀ ਹੋਏ ਸੀਗੇ। ਐਨਾ ਵਿਸ਼ਵਾਸ਼ ਹੈ ਤਾਂ ਤਾਂ, ਲੰਘਦੈ, ਜੇ ਐਨਾ ਵਿਸ਼ਵਾਸ਼ ਨਹੀਂ ਹੈ, ਫੇਰ ਨਹੀਂ ਲੰਘਦਾ -

*ਧਾਰਨਾ - ਗੁਰ ਕੀ ਪਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ।*
*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ* ***ਚੀਤਿ ॥ ਅੰਗ - ੨੮੩***

ਸ਼ਰਤੀਆ (Conditional) ਹੈ ਇਹ। ਪਰਤੀਤ ਤੋਂ ਬਗੈਰ ਨਾਮ ਨਹੀਂ ਜਪ ਹੁੰਦਾ -

*ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ*
*ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥ ਅੰਗ- ੭੩੪*

ਚੱਲ ਹੀ ਨਹੀਂ ਸਕਦਾ, ਪਰਤੀਤ ਤੋਂ ਬਿਨਾਂ। ਪਰਤੀਤ ਹਵਾਈ ਜਹਾਜ਼ ਹੈ ਭਵਜਲ ਨੂੰ ਪਾਰ ਕਰਨ ਵਾਲਾ। ਗੁਰੂ ਦੀ ਪਰਤੀਤ। ਚਾਰ ਕਿਸਮ ਦੀ ਪਰਤੀਤ ਹੁੰਦੀ ਹੈ - ਪਹਿਲੀ ਤਾਂ ਹੁੰਦੀ ਹੈ ਕਿ ਮੇਰਾ ਜਿਹੜਾ ਮੁਰਸ਼ਦ ਹੈ, ਇਹ ਬਹੁਤ ਅੱਛਾ ਸੰਤ ਹੈ। ਦੂਸਰੀ ਹੁੰਦੀ ਹੈ ਮੇਰਾ ਮੁਰਸ਼ਦ ਸਾਰੇ ਸੰਤਾਂ ਤੋਂ ਨੰਬਰ 1 'ਤੇ ਹੈ। ਤੀਸਰੀ ਹੋਇਆ ਕਰਦੀ ਹੈ ਕਿ ਮੇਰਾ ਮੁਰਸ਼ਦ ਰੱਬ ਵਰਗਾ ਹੈ। ਚੌਥੀ ਜਿਹੜੀ ਉੱਚ ਕੋਟੀ ਦੀ ਪਰਤੀਤ ਜਿਹੜੀ ਹੁੰਦੀ ਹੈ ਕਿ ਮੇਰਾ ਮੁਰਸ਼ਦ ਜਿਹੜਾ ਹੈ ਉਹ ਤਾਂ ਹੈ ਹੀ ਪ੍ਰਮੇਸ਼ਰ-

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਇਸ ਤੋਂ ਘੱਟ ਹੋਵੇ ਤਾਂ ਰੂਹਾਨੀ ਰਾਹ 'ਤੇ ਚੜ੍ਹਿਆ ਨਹੀਂ ਜਾ ਸਕਦਾ। ਜਿਹੜੀ ਮੈਂ ਬੇਨਤੀ ਕਰੀ ਹੈ। ਅਸੀਂ ਆਪਣੇ ਰਸਤੇ ਦੀ ਗੱਲ ਕਰਦੇ ਸੀ। ਉਹਦੇ ਵਿਚ ਇਹ ਹੈ ਅਸੀਂ ਪਹਿਲਾਂ ਰਸਨਾ ਨਾਲ ਨਾਮ ਜਪਦੇ ਹਾਂ। ਗੁਰੂ ਦੇ ਉਤੇ ਪਰਤੀਤ ਹੁੰਦੀ ਹੈ। ਇਥੇ ਤਕ ਆਪ ਨੇ ਗੱਲ ਸਮਝੀ ਹੈ ਚੰਗੀ ਤਰ੍ਹਾਂ। ਇਹਨੂੰ ਧਿਆਨ ਵਿਚ ਰੱਖੋ। ਬਾਕੀ ਦੀ ਗੱਲ ਅਗਲੇ ਸਤਿਸੰਗ 'ਚ ਕਰਨ ਦਾ ਯਤਨ ਕਰਾਂਗੇ।

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

***(ਵੀਡੀਓ ਫਿਲਮ ਦੀਵਾਨ ਨੰ: 751)***

# ਧੁਰ ਕੀ ਬਾਣੀ ਆਈ॥
# ਤਿਨਿ ਸਗਲੀ ਚਿੰਤ ਮਿਟਾਈ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਅਬਿਨਾਸੀ ਜੀਅਨ ਕੋ ਦਾਤਾ*
*ਸਿਮਰਤ ਸਭ ਮਲੁ ਖੋਈ ॥*
*ਗੁਣ ਨਿਧਾਨ ਭਗਤਨ ਕਉ ਬਰਤਨਿ*
*ਬਿਰਲਾ ਪਾਵੈ ਕੋਈ ॥ ੧ ॥*
*ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥*
*ਜਾ ਕੀ ਸਰਣਿ ਪਇਆਂ ਸੁਖੁ ਪਾਈਐ*
*ਬਾਹੁੜਿ ਦੂਖੁ ਨ ਹੋਈ ॥ ੧ ॥ ਰਹਾਉ ॥*
*ਵਡਭਾਗੀ ਸਾਧਸੰਗੁ ਪਰਾਪਤਿ*
*ਤਿਨ ਭੇਟਤ ਦੁਰਮਤਿ ਖੋਈ ॥*
*ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ*
*ਜਿਨ ਹਰਿ ਨਾਮੁ ਰਿਦੈ ਪਰੋਈ ॥ ਅੰਗ- ੬੧੮*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ।

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ- ੧੩੭੭*

ਇਕ ਘੜੀ ਸਾਢੇ 24 ਮਿੰਟ ਦੀ ਹੈ। ਅੱਧੀ ਘੜੀ ਸਵਾ 12 ਮਿੰਟ ਦੀ, ਉਸ ਤੋਂ ਵੀ ਅੱਧੀ ਘੜੀ ਛੇ ਕੁ ਮਿੰਟ, ਉਸ ਤੋਂ ਵੀ ਅੱਧੀ ਘੜੀ ਪੌਣੇ ਕੁ ਤਿੰਨ ਮਿੰਟ, ਇਸ ਤੋਂ ਵੀ ਘੱਟ -

*ਏਕ ਚਿਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨ ਆਇਓ॥ ਪਾਤਸ਼ਾਹੀ ੧੦*

ਥੋੜ੍ਹਾ ਜਿਹਾ ਸਮਾਂ ਵੀ ਗੁਰੂ ਚਰਨਾਂ ਵਿਚ ਲੰਘ ਗਿਆ, ਲੇਖੇ ਵਿਚ ਪੈਂਦਾ ਹੈ। ਲੇਖਾ ਤਾਂ ਅਸੀਂ ਸਾਰੇ ਦੇ ਹੀ ਰਹੇ ਹਾਂ ਪਰ -

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ*
*ਸੰਝ ਤੇ ਫਜਰੇ। ਭਾਈ ਵੀਰ ਸਿੰਘ ਜੀ*
*ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥*
*ਪਾਇ ਲਗਉ ਮੋਹਿ ਕਰਉ ਬੇਨਤੀ*
*ਕੋਊ ਸੰਤੁ ਮਿਲੈ ਬਡਭਾਗੀ ॥ ਅੰਗ- ੨੦੪*

*ਕਰਉ ਬੇਨੰਤੀ ਸੁਣਹੁ ਮੇਰੇ ਮੀਤਾ*
*ਸੰਤ ਟਹਲ ਕੀ ਬੇਲਾ ॥ ਅੰਗ- ੧੩*

ਇਹ ਸੇਵਾ ਦਾ ਸਿਮਰਨ ਦਾ ਸਮਾਂ ਹੈ ਕਿਉਂਕਿ-

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ ॥ ਅੰਗ - ੧੩੭੩*

ਨਾਮ ਦੀ ਮਹਿਮਾ ਸਤਿਸੰਗ ਵਿਚ ਹੁੰਦੀ ਹੈ।

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥*
*ਅੰਗ- ੨੬੫*

ਨਾਮ ਸਭ ਦੇ ਅੰਦਰ ਹੈ, ਕੋਈ ਐਸਾ ਨਹੀਂ ਜਿਸ ਦੇ ਅੰਦਰ ਨਾਮ ਨਹੀਂ ਹੈ ਪਰ ਨਾਮ ਤੱਕ ਪਹੁੰਚਣ ਵਾਸਤੇ, ਜਿਹੜਾ ਅੰਤਰੰਗ ਸਾਧਨ ਕਰਦੇ ਹਾਂ, ਵਾਹਿਗੁਰੂ ਮੰਤਰ ਦਾ ਅਭਿਆਸ ਕਰਦੇ ਹਾਂ, ਜਦੋਂ ਜੁਗਤ ਅਨੁਸਾਰ ਜਿਹੜੇ ਐਸੇ ਪੁਰਸ਼ -

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ- ੨੯੫*

ਉਹ ਦਸ ਦਿੰਦੇ ਨੇ ਕਿ ਪਿਆਰਿਓ! ਬਾਹਰ ਨਾ ਲੱਭੋ। ਬਾਹਰੋਂ ਗੁਰੂ ਮੰਤਰ ਦਿੰਦੇ ਨੇ, ਗੁਰਮਤਿ ਦੇ ਵਿਚ ਐਸਾ ਸ਼ਕਤੀਸ਼ਾਲ ਵਾਹਿਗੁਰੂ ਮੰਤਰ ਹੈ, ਜਿਹੜਾ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ 36 ਯੁੱਗ ਕਮਾਇਆ। ਕਲਜੁਗ ਦੇ ਸਮੇਂ ਵਿਚ ਆਪ ਜੀ ਆਏ-

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ- ੧੩੯੫*

ਨਵੰਬਰ ਦੇ ਮਹੀਨੇ ਵਿਚ ਆਪ ਜੀ ਦੇ ਪ੍ਰਕਾਸ਼ ਦਿਹਾੜੇ ਹਰ ਜਗ੍ਹਾ ਮਨਾਏ ਜਾ ਰਹੇ ਹਨ। 30, 31 ਅਕਤੂਬਰ ਤੇ 1, 2 ਨਵੰਬਰ ਨੂੰ ਪਿਆਰੇ ਮਹਾਂਪੁਰਸ਼ਾਂ ਤੇ ਬੀਜੀ ਦੀ ਯਾਦ ਵਿਚ ਸਮਾਗਮ ਰਤਵਾੜਾ ਸਾਹਿਬ

ਵਿਖੇ ਹਰ ਸਾਲ ਹੀ ਆਪਾਂ ਮਨਾਉਂਦੇ ਹਾਂ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਇਕ ਐਸਾ ਮਾਰਗ ਸੰਸਾਰ 'ਤੇ ਲੈ ਕੇ ਆਏ ਨਾਮ ਮਾਰਗ। ਪਹਿਲਾਂ ਬੜੇ ਮਾਰਗ ਚਲਦੇ ਸਨ ਪਰ ਉਹ ਦੂਸ਼ਿਤ ਹੋ ਗਏ। ਉਹਨਾਂ ਦੇ ਵਿਚ ਗਿਰਾਵਟ ਆ ਗਈ ਕਿ ਅਹੰਭਾਵ ਦੇ ਵਿਚ ਆ ਕੇ ਉਹ ਆਪਣੇ ਆਪ ਨੂੰ ਪ੍ਰਮੇਸ਼ਰ ਮੰਨਣ ਲਗ ਗਏ। ਹੈ ਤਾਂ ਸਾਰੇ ਹੀ ਪ੍ਰਮੇਸ਼ਰ-

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ- ੨੮੪*

ਸਮੁੱਚੇ ਰੂਪ ਵਿਚ ਤਾਂ ਇਹ ਸਾਰਾ ਹੀ ਸੰਸਾਰ-

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ - ੯੨੨*

ਕਿਉਂਕਿ ਇਹ ਸਾਰਾ ਸੰਸਾਰ ਹੀ ਉਸ ਪ੍ਰਮੇਸ਼ਰ ਦਾ, ਰਹਿਣ ਵਾਸਤੇ ਬਣਾਇਆ ਹੈ। ਸਾਰਿਆਂ ਦੇ ਵਿਚ ਉਸ ਦਾ ਨਿਵਾਸ ਹੈ ਪਰ ਸਾਨੂੰ ਭੁਲੇਖਾ ਪੈ ਗਿਆ ਕਿਉਂਕਿ ਐਸੀ ਮਾਇਆ ਪੈ ਗਈ, ਮਾਇਆ ਨਾਮ ਭੁੱਲ ਦਾ ਹੈ, ਇਹ ਪੈ ਗਈ।

ਗੁਰੂ ਪਾਤਸ਼ਾਹ ਜੀ ਕਹਿੰਦੇ ਹਨ ਕਿ ਇਹ ਸੰਸਾਰ ਹੈ ਤਾਂ ਸੱਚੇ ਕੀ ਕੋਠੜੀ। ਇਸ ਵਿਚ ਪ੍ਰਮੇਸ਼ਰ ਦਾ ਨਿਵਾਸ ਹੈ, ਸਭ ਦੇ ਅੰਦਰ ਨਾਮ ਹੈ ਪਰ ਉਸ ਨਾਮ ਵਿਚ ਨਿਵਾਸ ਨਾ ਹੋਣ ਕਾਰਨ ਗੁਰੂ ਤੋਂ ਮੰਤਰ ਲੈ ਕੇ ਉਸ ਦੀ ਕਮਾਈ ਨਹੀਂ ਕਰਦੇ। ਇਸ ਕਰਕੇ ਇਹ ਦੁਖੀ ਹੈ। ਬਾਬਾ ਫਰੀਦ ਜੀ ਵੀ ਫੁਰਮਾਨ ਕਰਦੇ ਹਨ ਕਿ -

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥*
*ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥*
*ਅੰਗ- ੧੩੮੨*

ਇਹ ਐਸੀ ਅੱਗ ਹੈ ਕਿ -

*ਕੋਈ ਤਨ ਦੁਖੀ, ਕੋਈ ਮਨ ਦੁਖੀ।*
*ਕੋਈ ਚਿੰਤ ਚਿਤ ਉਦਾਸ,*
*ਥੋੜ੍ਹੇ ਬਹੁਤੇ ਸਭ ਦੁਖੀ, ਸੁਖੀ ਹਰਿ ਕੇ ਦਾਸ।*

ਸੁਖ ਤਾਂ -

*ਜਉ ਸੁਖ ਕਉ ਚਾਹੈ ਸਦਾ*
*ਸਰਨਿ ਰਾਮ ਕੀ ਲੇਹ ॥* *ਅੰਗ- ੧੪੨੭*

ਸੁਖ ਤਾਂ ਇਥੇ ਹੈ ਗੁਰੂ ਦਰਬਾਰ ਦੇ ਵਿਚ। ਇਥੇ ਆ ਕੇ ਸਤਿਸੰਗ ਕਰਦੇ ਹਾਂ, ਨਾਮ ਨਾਲ ਜੁੜਦੇ ਹਾਂ। ਨਹੀਂ ਤਾਂ ਕੋਈ ਐਸਾ ਹੈ ਜਿਹੜਾ ਸੁਖੀ ਹੋਵੇ? ਗੁਰੂ ਬਾਬਾ ਜੀ ਨੇ ਕਹਿ ਦਿਤਾ -

*ਨਾਨਕ ਦੁਖੀਆ ਸਭ ਸੰਸਾਰ।*

ਹੁਣ ਇਹ ਸਾਰਾ ਸੰਸਾਰ ਦੁਖੀ ਹੈ -

*ਸੰਸਾਰੁ ਰੋਗੀ ਨਾਮੁ ਦਾਰੂ*
*ਮੈਲੁ ਲਾਗੈ ਸਚ ਬਿਨਾ ॥* *ਅੰਗ- ੬੮੭*

ਸਾਰਾ ਸੰਸਾਰ ਹੀ ਰੋਗੀ ਹੈ, ਠੀਕ ਹੈ, ਗੁਰੂ ਬਾਬਾ ਜੀ ਨੇ ਫੁਰਮਾਨ ਕੀਤਾ ਹੈ ਕਿ ਇਹ ਜਿਹੜਾ-

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥* *ਅੰਗ- ੪੬੩*

ਹੁਣ ਇਹ ਪਸਾਰਾ ਹੋਇਆ ਇਕ ਤੋਂ। ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਦੇ 1430 ਅੰਗ ਹਨ, ਇਹ ਸਾਰੀ ਇਕ ਦੀ ਹੀ ਵਿਆਖਿਆ ਹੈ। ਸਾਰੀ ਬਾਣੀ ਦਾ ਸਾਰੁ 'ਜਪੁਜੀ ਸਾਹਿਬ' ਹੈ। 'ਜਪੁਜੀ' ਸਾਹਿਬ ਦਾ ਸਾਰ ਮੂਲਮੰਤ੍ਰ ਹੈ, ਮੂਲਮੰਤ੍ਰ ਦਾ ਸਾਰ ਗੁਰਮੰਤ੍ਰ ਹੈ। ਇਸ ਤਰ੍ਹਾਂ ਗੁਰੂ ਬਾਬਾ ਜੀ ਐਸਾ ਸ਼ਕਤੀਸ਼ਾਲ ਮੰਤਰ ਲੈ ਕੇ ਆਏ ਕਲਜੁਗ ਦੇ ਵਿਚ-

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ - ੧੩੯੫*

ਗੁਰੂ ਬਾਬਾ ਜੀ ਦੁਖੀਆਂ ਦੇ ਦੁਖ ਦੂਰ ਕਰਨ ਵਾਸਤੇ, ਰੋਗੀਆਂ ਦੇ ਰੋਗ ਦੂਰ ਕਰਨ ਵਾਸਤੇ, ਐਸਾ ਮੰਤਰ ਇਸ ਮਾਤ ਲੋਕ ਵਿਚ, ਕਲਜੁਗ ਦੇ ਭਿਆਨਕ ਸਮੇਂ ਵਿਚ ਲੈ ਕੇ ਆਏ।

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥*
*ਭਾਈ ਗੁਰਦਾਸ ਜੀ*

ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਮਹਾਰਾਜ ਜਿਨ੍ਹਾਂ ਨੇ ਕੱਤਕ ਦੀ ਪੂਰਨਮਾਸ਼ੀ, 1469 ਈਸਵੀ ਦੇ ਵਿਚ, ਰਾਇ ਭੋਇ ਦੀ ਤਲਵੰਡੀ ਵਿਖੇ, ਸਤਿਕਾਰਯੋਗ ਪਿਤਾ ਮਹਿਤਾ ਕਲਿਆਣ ਦਾਸ ਜੀ ਦੇ ਘਰ, ਧੰਨ-ਧੰਨ ਮਾਤਾ ਤ੍ਰਿਪਤਾ ਜੀ ਦੀ ਕੁੱਖ ਨੂੰ ਭਾਗ ਲਾਏ। ਇਹ ਕਿੱਡੀ ਵੱਡੀ ਬਖਸ਼ਿਸ਼ ਹੋਈ ਕਿ ਕਲਜੁਗ ਦੇ ਸਮੇਂ ਵਿਚ '***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***' ਪਹਿਲਾਂ 14 ਕਲਾ ਅਵਤਾਰ ਆਏ, ਫੇਰ 16 ਕਲਾ ਅਵਤਾਰ ਆਏ। ਫੇਰ -

*ਅਨਤ ਕਲਾ ਹੋਇ ਠਾਕੁਰੁ ਚੜਿਆ ॥* *ਅੰਗ- ੧੦੮੧*

ਬਾਕੀ ਵੀ ਠੀਕ ਹਨ ਪਰ -

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ- ੭੫੦*

ਗੁਰੂ ਬਾਬਾ ਜੀ ਸਭ ਤੋਂ ਵੱਡੇ ਹਨ ਕਿਉਂਕਿ

ਜਦੋਂ ਅਜੇ ਆਪ ਜੀ ਬਚਪਨ ਦੇ ਵਿਚ ਹਨ, ਗੁਰੂ ਧਾਰਨ ਦੀ ਰਸਮ ਅਦਾ ਕੀਤੀ ਜਾਣੀ ਸੀ। ਉਸ ਸਮੇਂ –

*ਕਬੀਰ ਬਾਮਨੁ ਗੁਰੂ ਹੈ ਜਗਤ ਕਾ*
*ਭਗਤਨ ਕਾ ਗੁਰੁ ਨਾਹਿ ॥* ਅੰਗ- ੧੩੭੭

ਬ੍ਰਾਹਮਣ ਨੂੰ ਬੁਲਾਇਆ ਜਾਂਦਾ ਹੈ। ਜਦੋਂ ਜਨੇਊ ਦੀ ਰਸਮ ਅਦਾ ਕੀਤੀ ਜਾਣੀ ਸੀ, ਉਸ ਸਮੇਂ ਗੁਰੂ ਜੀ ਨੇ ਕਿਹਾ ਕਿ ਐਸਾ ਜੋ ਜਨੇਊ ਹੈ –

*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥*
ਅੰਗ- ੪੭੧

ਧਾਗੇ ਦਾ ਜਨੇਊ ਕੀ ਹੈ –

*ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥*
*ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥*
ਅੰਗ- ੪੭੧

ਚਾਰ ਕੌਡੀਆਂ ਦਾ ਲਿਆ ਕੇ ਧਾਗਾ ਗਲ 'ਚ ਪਾ ਦਿੰਦੇ ਹੋਂ ਤੇ ਮੰਤਰ ਕੰਨ 'ਚ ਦਿੰਦੇ ਨੇ ਤਾਂ ਬ੍ਰਾਹਮਣ ਬਣ ਜਾਂਦਾ ਹੈ। ਪਰ ਇਹ ਐਸਾ ਹੈ –

*ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥*
*ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥*
*ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥*
*ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥*
*ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥*
*ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥*
*ਨਾਨਕ ਤਗ ਨ ਤੁਟਈ ਜੇ ਤਗਿ ਹੋਵੈ ਜੋਰੁ ॥*
ਅੰਗ- ੪੭੧

ਕਹਿੰਦੇ, ਇਹ ਜਨੇਊ ਤਾਂ ਜਲ ਜਾਂਦਾ ਹੈ, ਗਲ ਜਾਂਦਾ ਹੈ, ਮੈਲ ਲਗਦੀ ਹੈ ਇਸ ਨੂੰ। ਅਸਲ ਜਿਹੜਾ ਜਨੇਊ ਹੈ ਦਇਆ ਕਪਾਹ, ਦਇਆ ਦੀ ਕਪਾਹ ਹੋਵੇ–

*ਧੌਲੁ ਧਰਮੁ ਦਇਆ ਕਾ ਪੂਤੁ ॥* ਅੰਗ- ੩

ਦਇਆ ਦੇ ਵਿਚੋਂ ਧਰਮ ਉਪਜਦਾ ਹੈ, ਧਰਮ ਬ੍ਰਹਿਮੰਡੀ ਚਲਨ (Universal character) ਦਾ ਨਾਮ ਹੈ। ਮਜ਼੍ਹਬ ਹਨ, ਰਸਤੇ ਹਨ। ਪਰ ਸਾਰਿਆਂ ਦਾ ਧਰਮ ਇਕ ਹੀ ਹੈ। ਜਦੋਂ ਰੱਬ ਇਕ ਹੈ, ਧਰਮ ਇਕ ਹੈ। ਮਜ਼੍ਹਬ ਅਲੱਗ ਹੋ ਸਕਦੇ ਨੇ, ਪਰ ਅੰਦਰ ਦਾ ਰਸਤਾ ਇਕ ਹੈ। ਉਸ ਸਮੇਂ ਗੁਰੂ ਬਾਬਾ ਜੀ ਨੇ ਬਚਨ ਕੀਤਾ ਕਿ ਐਸਾ ਜਨੇਊ ਪਾਓ –

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
ਅੰਗ- ੪੭੧

ਜਿਹੜੀ ਸੂਤ ਹੈ ਇਹ ਸੰਤੋਖ ਦੀ ਹੋਵੇ। ਜਤੁ ਹੋਵੇ–

*ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥*
*ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥* ਅੰਗ- ੮

ਢਾਲ ਉਹਦੇ ਵਿਚ ਜਿਹੜਾ ਪਾਉਣਾ ਹੈ। ਜਤੁ ਰਖਣਾ, ਇਹ ਜ਼ਰੂਰੀ ਹੈ ਬ੍ਰਹਮਚਰੀਆ। ਇਸ ਤੋਂ ਬਿਨਾਂ ਨਾਮ ਤਕ ਨਹੀਂ ਪਹੁੰਚ ਹੁੰਦਾ। ਇਹ ਸਤੰਭ ਹੈ। ਇਸ ਦੇ ਉਤੇ ਮਹਾਂਪੁਰਸ਼ਾਂ ਨੇ ਬਹੁਤ ਜ਼ੋਰ ਦਿਤਾ ਹੈ। ਫੇਰ ਸਮ, ਦਮ, ਯਮ, ਨਿਯਮ ਹਨ। ਇਸ ਤਰ੍ਹਾਂ ਦੇ ਨਾਲ ਇਹ ਸਤੰਭ ਨੇ। ਕਹਿੰਦੇ ਨੇ ਕਿ ਸੂਤਕ, ਪਾਤਕ ਲਗਦਾ ਹੈ। ਪਰ ਪਾਤਸ਼ਾਹ ਕਹਿੰਦੇ ਨੇ ਕਿ–

*ਤਗੁ ਨ ਇੰਦ੍ਰੀ ਤਗੁ ਨ ਨਾਰੀ ॥*
*ਭਲਕੇ ਥੁਕ ਪਵੈ ਨਿਤ ਦਾੜੀ ॥*
*ਤਗੁ ਨ ਪੈਰੀ ਤਗੁ ਨ ਹਥੀ ॥*
*ਤਗੁ ਨ ਜਿਹਵਾ ਤਗੁ ਨ ਅਖੀ ॥*
*ਵੇਤਗਾ ਆਪੇ ਵਤੈ ॥*
*ਵਟਿ ਧਾਗੇ ਅਵਰਾ ਘਤੈ ॥*
*ਲੈ ਭਾੜਿ ਕਰੇ ਵੀਆਹੁ ॥*
*ਕਢਿ ਕਾਗਲੁ ਦਸੇ ਰਾਹੁ ॥*
*ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥*
*ਮਨਿ ਅੰਧਾ ਨਾਉ ਸੁਜਾਣੁ ॥* ਅੰਗ- ੪੭੧

ਪਿਆਰਿਓ! ਤੁਸੀਂ ਜਿਹੜਾ ਕਰਮ ਕਾਂਡ 'ਚ ਪਾਉਂਦੇ ਹੋਂ ਇਹ ਤਾਂ ਠੀਕ ਨਹੀਂ। ਅਸਲ 'ਚ ਜਿਹੜੀਆਂ ਰਹਿਤਾਂ ਨੇ –

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*
*ਸਾਧ ਕੀ ਟਹਲ ਸੰਤਸੰਗਿ ਹੇਤ ॥*
*ਕਰਨ ਨ ਸੁਨੈ ਕਾਹੂ ਕੀ ਨਿੰਦਾ ॥*
*ਸਭ ਤੇ ਜਾਨੈ ਆਪਸ ਕਉ ਮੰਦਾ ॥*
*ਗੁਰ ਪ੍ਰਸਾਦਿ ਬਿਖਿਆ ਪਰਹਰੈ ॥*
*ਮਨ ਕੀ ਬਾਸਨਾ ਮਨ ਤੇ ਟਰੈ ॥*
*ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥*
*ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥*
ਅੰਗ- ੨੭੪

ਕਲਜੁਗ ਦਾ ਭਿਆਨਕ ਸਮਾਂ ਹੈ, ਆਚਾਰ, ਵਿਹਾਰ 'ਚ ਗਿਰਾਵਟ ਆ ਗਈ। ਰਾਜੇ ਕੀ ਕਰਦੇ ਸੀ –

*ਰਾਜੇ ਸੀਹ ਮੁਕਦਮ ਕੁਤੇ ॥*
*ਜਾਇ ਜਗਾਇਨਿ੍ ਬੈਠੇ ਸੁਤੇ ॥* ਅੰਗ - ੧੨੮੮

ਇਹਨਾਂ ਨੇ ਰਾਜ ਧਰਮ ਦੀ ਪਾਲਣਾ ਛੱਡ ਦਿਤੀ ਸੀ। ਉਹ ਐਸਾ ਸਮਾਂ ਸੀ ਜਦੋਂ ਸ੍ਰੀ ਗੁਰੂ ਨਾਨਕ

ਪਾਤਸ਼ਾਹ ਜੀ ਸੰਸਾਰ 'ਤੇ ਪ੍ਰਮੇਸ਼ਰ ਦਾ ਰੂਪ ਧਾਰ ਕੇ ਆਉਣਾ ਪਿਆ। ਐਸੀ ਹਾਲਤ ਸੀ ਕਿ ਜੇ ਵਾੜ ਹੀ ਖੇਤ ਨੂੰ ਖਾਣਾ ਸ਼ੁਰੂ ਕਰ ਦੇਵੇ ਫੇਰ ਕੌਣ ਰਾਖਾ ਹੋਊ? ਐਸੀ ਹਾਲਤ ਦੇ ਵਿਚ ਗੁਰੂ ਬਾਬਾ ਜੀ ਇਸ ਮਾਤ ਲੋਕ ਦੇ ਵਿਚ ਇਹ ਮੰਤਰ ਲੈ ਕੇ ਆਏ। ਐਸਾ ਕੋਈ ਨਹੀਂ ਸੀ ਜੋ ਗੁਰੂ ਪਾਤਸ਼ਾਹ ਜੀ ਦੇ ਅੱਗੇ ਟਿਕ ਸਕੇ। ਇਸ ਤਰ੍ਹਾਂ ਆਪ ਸਾਰੀ ਸੰਸਾਰਕ ਪ੍ਰਕ੍ਰਿਆ ਦੇ ਵਿਚ ਦੀ ਲੰਘੇ। ਮੱਝਾਂ ਚਾਰਨ ਵੀ ਲਾਏ, ਰਾਏ ਬੁਲਾਰ ਪਹਿਲਾ ਸੀ ਜਿਸ ਦੀ ਅੱਖ ਨੇ ਗੁਰੂ ਮਹਾਰਾਜ ਨੂੰ ਪਛਾਣਿਆ। ਭਾਵੇਂ ਕਿ ਬੇਬੇ ਨਾਨਕੀ ਨੂੰ ਤਾਂ ਪਹਿਲਾਂ ਹੀ ਪਤਾ ਸੀ। ਰਾਏ ਬੁਲਾਰ ਦੇਖਿਆ ਕਿ ਖੇਤ ਤਾਂ ਪਹਿਲਾਂ ਦੀ ਤਰ੍ਹਾਂ ਹਰੇ ਭਰੇ ਨੇ। ਕਿਸਾਨ ਐਵੇਂ ਹੀ ਸ਼ਿਕਾਇਤ ਕਰਦਾ ਨੇ। ਇਕ ਦਿਨ ਐਸਾ ਕੌਤਕ ਦੇਖਿਆ ਕਿ ਸਰਪ ਨੇ ਛਾਂ ਕੀਤੀ ਹੋਈ ਹੈ। ਘੋੜੇ ਤੋਂ ਉਤਰ ਕੇ ਰਾਏ ਬੁਲਾਰ ਨਮਸ਼ਕਾਰ ਕਰਦਾ ਹੈ। ਕਿਉਂਕਿ ਰਾਏ ਬੁਲਾਰ ਦੀ ਅੱਖ ਨੇ ਪਰਖ ਲਿਆ ਸੀ ਉਹਨਾਂ ਨੂੰ –

*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥*
*ਅੰਗ- ੫੭੭*

ਉਹਨਾਂ ਨੂੰ ਤੀਜਾ ਨੇਤਰ ਵੀ ਕਿਹਾ ਹੈ, ਦਿਬਯ ਨੈਣ ਵੀ ਆਖਿਆ ਹੈ। ਇਹ ਜਿਹੜੀਆਂ ਅੱਖਾਂ ਨੇ ਇਹ ਤਾਂ ਬਾਹਰ ਨੂੰ ਖੁਲ੍ਹਦੀਆਂ ਹਨ। ਜਿੰਨੇ ਵੀ ਨੌਂ ਦੁਆਰੇ ਹਨ ਇਹ ਸਾਰੇ ਬਾਹਰ ਨੂੰ ਖੁਲ੍ਹਦੇ ਹਨ–

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ- ੯੫੪*

ਮਹਾਂਪੁਰਸ਼ ਇਕ ਮਿਸਾਲ ਦਿਆ ਕਰਦੇ। ਅਲੀ ਬਾਬਾ ਚਾਲੀ ਚੋਰ। ਫਿਲਮ ਸੀ ਕਿਸੇ ਅਨੁਭਵੀ ਮਹਾਂਪੁਰਸ਼ ਦੀ। ਉਸ ਫਿਲਮ 'ਚ ਅੰਦਰ ਦਾ ਰਸਤਾ ਰੂਪਾਂਤਰ ਕੀਤਾ ਗਿਆ। ਉਸ ਵਿਚ ਇਹ ਅਵਾਜ਼ ਦਿਤੀ ਜਾਂਦੀ, 'ਖੁਲ੍ਹ ਜਾ ਸਿਮ ਸਿਮ।' ਖੁਲ੍ਹ ਜਾਂਦੇ ਸੀ ਉਹ ਜਿਹੜੇ ਪੱਥਰ ਦੇ ਦਰਵਾਜ਼ੇ ਸੀ।

ਮਹਾਂਪੁਰਸ਼ਾਂ ਦਾ ਤਾਂ ਜਿਹੜਾ ਵੀ ਬਚਨ ਹੁੰਦਾ ਹੈ, ਉਹ ਤਾਂ ਤੱਤ ਬਚਨ ਹੁੰਦਾ ਹੈ। ਉਹ ਬਚਨ ਨੂੰ ਸਤਿ ਕਹਿ ਕੇ ਮੰਨ ਲਓ ਪਤਾ ਲਗ ਜਾਂਦਾ ਹੈ। ਇਹ ਮਿਸਾਲ ਦਿਤੀ ਹੈ ਕਿ ਜਿਹੜਾ ਸ਼ਬਦ ਹੈ ਉਸ ਦੀ ਧੁਨ ਵਲ ਨੂੰ ਸੁਰਤ ਖਿੱਚੀ ਚਲੀ ਜਾਂਦੀ ਹੈ –

*ਸਬਦੁ ਗੁਰੂ ਸੁਰਤ ਧੁਨ ਚੇਲਾ।*

ਗੁਰੂ ਬਾਬਾ ਜੀ ਨੇ ਕਿਹਾ ਕਿ ਇਹ ਜਿਹੜਾ ਸ਼ਬਦ ਹੈ ਇਹ ਗੁਰੂ ਹੈ ਤੇ ਜਿਹੜਾ ਚੇਲਾ ਹੈ ਉਹ ਸੁਰਤ ਹੈ ਤੇ ਹੁਣ ਸ਼ਬਦ ਧੁਨ ਹੈ –

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ- ੮੭੯*

ਧੁਨ ਵਿਚ ਧਿਆਨ ਜਾਏਗਾ, 'ਧਿਆਨ ਮਹਿ ਜਾਨਿਆ' ਪਤਾ ਲੱਗੂ ਕਿ ਕੀ ਹੈ ਅੰਦਰ –

*ਅੰਦਰਿ ਕੋਟ ਛਜੇ ਹਟਨਾਲੇ ॥ ਅੰਗ- ੧੦੩੩*

ਅੰਦਰ ਸਭ ਕੁਝ ਦਿਸਦਾ ਹੈ –

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ- ੬੯੫*

ਅੰਦਰ ਵੀ ਓਹੀ ਬ੍ਰਹਿਮੰਡ ਦਿਸਦਾ ਹੈ। ਦਿਸਦਾ ਕਿਵੇਂ ਹੈ? ਗੁਰੂ ਧਾਰਨ ਕਰਕੇ, ਗੁਰੂ ਤੋਂ ਗੁਰਮੰਤਰ ਲਿਆ ਜਾਂਦਾ ਹੈ।

ਸੋ ਗੁਰੂ ਬਾਬਾ ਜੀ ਬਚਪਨ ਵਿਚ ਹਨ, ਬਾਲ ਲੀਲਾਵਾਂ ਐਸੀਆਂ ਕੀਤੀਆਂ, ਫੇਰ ਜੇ ਪੜ੍ਹਨ ਭੇਜੇ ਪਾਧੇ ਨੂੰ ਪੜ੍ਹਾ ਆਏ, ਜੇ ਡੰਗਰ ਚਾਰਨ ਗਏ, ਮੱਝਾਂ ਸਾਰਾ ਖੇਤ ਖਾ ਗਈਆਂ। ਜਦੋਂ ਉਲਾਂਭੇ ਮਿਲੇ ਮਹਿਤਾ ਕਾਲੂ ਜੀ ਨੂੰ, ਤਾਂ ਆ ਕੇ ਕੀ ਦੇਖਦੇ ਨੇ, ਖੇਤ ਪਹਿਲਾਂ ਨਾਲੋਂ ਵੀ ਹਰਾ ਲਹਿਲਹਾ ਰਿਹਾ ਹੈ। ਜੇ 20 ਰੁਪਏ ਦੇ ਕੇ ਪਿਤਾ ਜੀ ਨੇ ਭੇਜੇ ਕਿ ਸੱਚਾ ਸੌਦਾ ਕਰ ਆਓ। ਸੱਚਾ ਖਰਾ ਸੌਦਾ ਕੀ ਕੀਤਾ? ਭੁੱਖੇ ਸਾਧੂਆਂ ਨੂੰ ਭੋਜਨ ਛਕਾ ਆਏ। ਪਰੰਪਰਾ ਚਲਾ ਦਿਤੀ ਕਿ 'ਪਹਿਲਾਂ ਪੰਗਤ ਪਾਛੈ ਸੰਗਤ।' ਪਹਿਲਾਂ ਲੰਗਰ ਪਾਛੈ ਮੰਦਰ।' ਐਸੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਪਰੰਪਰਾ ਚਲਾਈ ਜਿਹੜੀ ਕਿ ਅੱਜ ਤੁਸੀਂ ਦੇਖ ਹੀ ਰਹੇ ਹੋਂ। ਗੁਰੂ ਘਰ ਦੇ ਵਿਚ ਕੋਈ ਆ ਜਾਵੇ, ਨਿਸ਼ਾਨ ਝੁਲਦੇ ਹਨ ਕਿ ਇਥੇ ਜਿਹੜਾ ਭੁੱਖਾ, ਨੰਗਾ ਆ ਜਾਵੇ ਉਸ ਨੂੰ ਵਸਤਰ ਵੀ ਮਿਲੂ, ਲੰਗਰ ਵੀ ਮਿਲੇ। ਲੋੜਵੰਦ ਆਵੇ ਉਹਦੀਆਂ ਲੋੜਾਂ ਪੂਰੀਆਂ ਹੋਣਗੀਆਂ। ਅੰਦਰਲੀ ਜਿਹੜੀ ਜਠਰ ਅਗਨ ਹੈ ਜੇ ਸ਼ਾਂਤ ਨਾ ਹੋਵੇ ਤਾਂ ਹੀ ਲੰਗਰ ਪਹਿਲਾਂ ਦਸਿਆ ਹੈ। ਉਹ ਫੇਰ ਜਿਹੜੇ ਗ੍ਰਹਿਸਤੀ ਦੇ ਪੁੰਨ ਕਰਮ ਹਨ ਉਹਨਾਂ ਨੂੰ ਸਾੜ ਕੇ ਉਹ ਅਗਨ ਰਖ ਦਿੰਦੀ ਹੈ। ਫੇਰ ਦੋਸ਼ ਲਗ ਜਾਂਦਾ ਹੈ। ਅਤਿਥੀ ਸੇਵਾ ਕਰਨੀ, ਉਹਦੀ ਜਠਰ ਅਗਨ ਨੂੰ ਸ਼ਾਂਤ ਕਰਨਾ, ਪ੍ਰਸ਼ਾਦਾ ਪਾਣੀ ਛਕਾਉਣਾ, ਇਹ ਪਰੰਪਰਾ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਉਸ ਸਮੇਂ ਬਖਸ਼ੀ ਜਦੋਂ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਦਿਤਾ।

*'ਚਲਦਾ............।'*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*
*(97798-16909)*

## *ਸਬਦਿ ਰਤੀ ਸੋਹਾਗਣੀ*

ਗੁਰਬਾਣੀ ਵਿਚ ਆਤਮਾ ਪ੍ਰਮਾਤਮਾ ਦੇ ਨਿਕਟਵਰਤੀ ਸਬੰਧ ਦਰਸਾਣ ਲਈ ਸਭ ਤੋਂ ਵਿਸ਼ੇਸ਼ ਅਲੰਕਾਰ ਧਨ ਪਿਰ ਦਾ ਵਰਤਿਆ ਗਿਆ ਹੈ। ਜੀਵ ਆਤਮਾ ਅਤੇ ਪਰਮ ਪਰਮਾਤਮਾ ਦੇ ਸਬੰਧ ਦੀ ਨਿਕਟਤਾ ਨੂੰ ਹੋਰ ਚਿੰਨ੍ਹਾਂ ਰਾਹੀਂ ਵੀ ਰੂਪਮਾਨ ਕੀਤਾ ਗਿਆ ਹੈ। ਉਸ ਨੂੰ ਮਾਤਾ, ਪਿਤਾ, ਬੰਧਪ, ਭਰਾਤਾ, ਸਖਾ, ਮਿੱਤਰ ਵੀ ਕਿਹਾ ਗਿਆ ਹੈ ਅਤੇ ਇਨ੍ਹਾਂ ਸਬੰਧਾਂ ਤੋਂ ਕਈ ਪ੍ਰਕਾਰ ਦੇ ਪਿਆਰ ਭਾਵਾਂ ਦੀ ਪੂਰਤੀ ਹੁੰਦੀ ਦਸੀ ਹੈ ਪਰ ਜਿਸ ਸ਼ਿਦਤ ਨਾਲ ਪਤੀ ਪਤਨੀ ਦੇ ਅਲੰਕਾਰ ਨੂੰ ਵਰਤਿਆ ਗਿਆ ਹੈ, ਐਸਾ ਕਿਸੇ ਹੋਰ ਚਿੰਨ੍ਹ ਜਾਂ ਅਲੰਕਾਰ ਰਾਹੀਂ ਨਹੀਂ ਹੋਇਆ। ਇਸ ਦਾ ਕਾਰਨ ਇਹ ਹੈ ਕਿ ਸੰਸਾਰ ਵਿਚ ਸਾਰੇ ਰਿਸ਼ਤਿਆਂ ਵਿਚੋਂ ਸਰਬ ਸ੍ਰੇਸ਼ਟ ਰਿਸ਼ਤਾ ਇਸਤ੍ਰੀ ਪੁਰਸ਼ ਜਾਂ ਪਤੀ ਪਤਨੀ ਦਾ ਮੰਨਿਆ ਗਿਆ ਹੈ। ਸੰਸਾਰ ਖੇਡ ਵਿਚ ਬਾਲਕ ਨੂੰ ਮਾਂ ਨਾਲ, ਪਿਤਾ ਨਾਲ ਅਤਿਅੰਤ ਪਿਆਰ ਹੁੰਦਾ ਹੈ, ਫੇਰ ਭੈਣ ਭਰਾਵਾਂ ਵਿਚ ਇਹ ਪਿਆਰ ਪਸਰਦਾ ਹੈ, ਫਿਰ ਦੋਸਤ ਮਿੱਤਰ ਅਤਿ ਪਿਆਰੇ ਲਗਦੇ ਹਨ ਪਰ ਯੁਵਕ ਅਵਸਥਾ ਵਿਚ ਜਦੋਂ ਕਿਸੇ ਪੁਰਸ਼ ਨੂੰ ਇਸਤ੍ਰੀ ਜਾਂ ਇਸਤ੍ਰੀ ਨੂੰ ਪੁਰਸ਼ ਰੂਪ ਵਿਚ ਜੀਵਨ ਸਾਥੀ ਮਿਲ ਜਾਂਦਾ ਹੈ, ਜਦੋਂ ਧਨ ਨੂੰ ਪਿਰ ਪ੍ਰਾਪਤ ਹੋ ਜਾਂਦਾ ਹੈ ਤਾਂ ਬਾਕੀ ਸਾਰੇ ਸਾਕ ਨੀਰਸ ਹੋਣੇ ਸ਼ੁਰੂ ਹੋ ਜਾਂਦੇ ਹਨ। ਗੁਰਵਾਕ ਹੈ -

*ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥*
*ਅੰਗ - ੯੬੩*

'ਧਨ' ਇਸਤ੍ਰੀ ਨੂੰ ਪਿਰ, ਪਤੀ ਦੀ ਪ੍ਰਾਪਤੀ ਹੋ ਜਾਣ ਤੇ ਉਸ ਨੂੰ ਸੋਹਾਗਣ ਪਦ ਨਾਲ ਸੰਬੋਧਨ ਕੀਤਾ ਹੈ। ਜਿਸ ਇਸਤ੍ਰੀ ਨੂੰ ਵਰ ਦੀ ਪ੍ਰਾਪਤੀ ਨਹੀਂ ਹੁੰਦੀ, ਉਸ ਨੂੰ ਸੋਹਾਗਣ ਦੇ ਵਿਪਰੀਤ ਦੁਹਾਗਣ ਕਿਹਾ ਗਿਆ ਹੈ। ਏਥੇ ਇਹ ਸਪੱਸ਼ਟ ਕਰ ਦੇਣਾ ਉਚਿਤ ਹੋਵੇਗਾ ਕਿ ਇਸ ਦੁਨਿਆਵੀ ਰਿਸ਼ਤੇ ਵਿਚ ਵੀ ਸੋਹਾਗਣ ਚਿੰਨ੍ਹ ਇਕ ਆਦਰਸ਼ ਪਤੀ ਪਤਨੀ ਲਈ ਵਰਤਿਆ ਗਿਆ ਹੈ, ਜੋ ਧੁਰ ਅੰਤਰੀਵ ਤੋਂ ਇਕ ਦੂਜੇ ਨਾਲ ਜੁੜੇ ਹੋਏ ਹਨ, ਜਿਨ੍ਹਾਂ ਦੀਆਂ ਮੂਰਤਾਂ ਤਾਂ ਭਾਵੇਂ ਦੋ ਹਨ ਪਰ 'ਜੋਤਿ' ਇਕ ਹੈ, ਆਤਮਿਕ ਸਾਂਝ ਅਤੇ ਪਰਸਪਰ ਇਕਸੁਰਤਾ ਹੈ। ਐਸੇ ਦੰਪਤੀ ਲਈ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥*
*ਅੰਗ - ੭੮੮*

ਗੁਰਬਾਣੀ ਅਨੁਸਾਰ ਅਸੀਂ ਸਭ ਮਨੁੱਖ, ਕੀ ਇਸਤ੍ਰੀਆਂ, ਕੀ ਪੁਰਸ਼, ਸਭ ਜੀਵ ਰੂਪੀ ਇਸਤ੍ਰੀਆਂ ਹਾਂ ਅਤੇ ਪ੍ਰਮਾਤਮਾ ਸਭਨਾਂ ਦਾ ਪਤੀ ਹੈ। ਇਨ੍ਹਾਂ ਜੀਵ ਰੂਪੀ ਇਸਤ੍ਰੀਆਂ ਵਿਚੋਂ ਜਿਸ ਨੂੰ ਪ੍ਰਮੇਸ਼ਰ ਪਤੀ ਦੀ ਨਦਰ ਅਤੇ ਉਸ ਦਾ ਪਿਆਰ ਪ੍ਰਾਪਤ ਹੈ, ਕੇਵਲ ਉਸ ਨੂੰ ਹੀ ਸੋਹਾਗਣ ਕਿਹਾ ਗਿਆ ਹੈ। ਗੁਰਮਤਿ ਵਿਚ 'ਏਕਾ ਪੁਰਖ ਸਭਾਈ ਨਾਰ' ਦਾ ਸਿਧਾਂਤ ਹੀ ਪ੍ਰਵਾਨ ਹੈ -

*ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥*
*ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥ ਅੰਗ - ੩੫੧*

ਸੋਹਾਗਣ ਦਾ ਸਭ ਤੋਂ ਵੱਡਾ ਚਿੰਨ੍ਹ ਹੈ ਪਤੀ ਪਿਆਰ। ਕਿਸੇ ਇਸਤ੍ਰੀ ਨੂੰ ਗੁਣਵੰਤੀ, ਵਡਭਾਗਣ, ਪੁਤਰਵੰਤੀ, ਸੀਲਵੰਤੀ, ਰੂਪਵੰਤੀ, ਸੁਘੜਿ, ਅਚਾਰਵੰਤੀ, ਕੁਲਵੰਤੀ, ਪ੍ਰਮੁੱਖ ਪ੍ਰਧਾਨ ਆਦਿ ਕਈ ਸੰਬੋਧਨਾਂ ਨਾਲ ਵਡਿਆਇਆ ਜਾ ਸਕਦਾ ਹੈ ਪਰ ਇਹ ਗੁਣ-ਵਿਸ਼ੇਸ਼ ਤਦ ਹੀ ਸਾਰਥਕ ਹੁੰਦੇ ਹਨ ਜਦੋਂ ਇਨ੍ਹਾਂ ਸਭਨਾਂ ਦਾ ਮੂਲ ਆਧਾਰ, ਪਤੀ-ਪਿਆਰ ਹੋਵੇ। ਜੀਵ-ਰੂਪ ਇਸਤ੍ਰੀ ਦਾ ਥਿਰ ਸੋਹਾਗ ਅਗੰਮ ਅਗੋਚਰ ਵਰ ਦੀ ਪ੍ਰਾਪਤੀ ਹੈ ਜੋ ਪ੍ਰਭੂ-ਰੰਗ ਵਿਚ ਪੂਰੀ ਤਰ੍ਹਾਂ ਭਿੱਜ ਕੇ ਪ੍ਰਾਪਤ ਹੁੰਦਾ ਹੈ। ਪੰਜਵੇਂ ਸਤਿਗੁਰੂ ਮਾਝ ਰਾਗ ਵਿਚ ਫੁਰਮਾਨ ਕਰਦੇ ਹਨ -

***ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥ ਰੂਪਵੰਤਿ ਸਾ ਸੁਘੜਿ ਬਿਚਖਣਿ ਵਜੋ ਧਨ ਕੰਤ ਪਿਆਰੀ ਜੀਉ ॥ ੨ ॥ ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥ ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥ ਅੰਗ - ੯੭***

ਪਤੀ-ਪਿਆਰ ਵਿਹੂਣੀ ਭਾਵੇਂ ਰੂਪ ਕਰ ਕੇ ਅਤੀ ਸੁੰਦਰ ਹੋਵੇ, ਹਾਰ-ਸ਼ਿੰਗਾਰ ਵਾਲੀ ਹੋਵੇ, ਹਾਵ-ਭਾਵ ਵਿਚ ਪਰਪੱਕ ਹੋਵੇ, ਪਰ ਜੇ ਉਸ ਨੂੰ ਪਤੀ-ਪਿਆਰ ਨਸੀਬ ਨਹੀਂ, ਤਾਂ ਉਹ ਦੋਹਾਗਣ ਪਦ ਨੂੰ ਪ੍ਰਾਪਤ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਕ ਐਸੀ ਪਤੀ-ਪਿਆਰ ਵਿਹੂਣੀ ਇਸਤ੍ਰੀ ਦਾ ਦੁਖਾਂਤ ਦਸਦੇ ਕਹਿੰਦੇ ਹਨ ਕਿ ਉਹ ਪਤੀ ਮਿਲਾਪ ਹਿਤ ਸਾਰੇ ਹਾਰ ਸ਼ਿੰਗਾਰ ਕਰਦੀ ਹੈ ਪਰ ਉਹ ਪਰਵਾਨ ਨਹੀਂ

ਚੜ੍ਹਦੀ ਅਤੇ ਬਿਰਹਾ ਵਿਚ ਵਿਰਲਾਪ ਕਰਦੀ ਕਹਿੰਦੀ ਹੈ -

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥* *ਅੰਗ - ੧੩੭੯*

ਬਿਰਹਣ ਦਾ ਬਿਰਹਾ ਕਿਵੇਂ ਦੂਰ ਹੋਵੇ? ਕੋਈ ਦੋਹਾਗਣ ਕੀ ਕਰਮ ਕਰੇ, ਕੀ ਉਪਾਇ ਕਰੇ, ਕੀ ਸ਼ਿੰਗਾਰ ਕਰੇ ਜੋ ਉਸ ਨੂੰ ਪ੍ਰਮੇਸ਼ਰ-ਪਤੀ ਦਾ ਪਿਆਰ ਪ੍ਰਾਪਤ ਹੋਵੇ ਅਤੇ ਉਹ ਸੋਹਾਗਵਤੀ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦਾ ਸੌਖਾ ਤੇ ਉਚਿਤ ਢੰਗ ਦਸਦੇ ਕਹਿੰਦੇ ਹਨ ਕਿ ਇਸ ਕਾਰਜ ਲਈ ਕਿਸੇ ਸੋਹਾਗਵਤੀ ਪਾਸ ਜਾ ਕੇ ਪੁਛਿਆ ਜਾਵੇ ਕਿ ਉਸ ਨੇ ਇਹ ਮਿਲਾਪ ਕਿੰਨਾ ਗੁਣਾ ਕਰ ਕੇ ਪ੍ਰਾਪਤ ਕੀਤਾ ਹੈ। ਸੋਹਾਗਵਤੀ ਪ੍ਰਾਪਤੀ ਦਾ ਤਰੀਕਾ ਦਸਦੀ ਕਹਿਦੀ ਹੈ ਕਿ ਜੇ ਜੀਵ ਰੂਪੀ ਇਸਤ੍ਰੀ ਪਤੀ-ਪਰਮੇਸ਼ਰ ਦੀ ਆਗਿਆ ਦਾ ਪਾਲਨ ਕਰ ਲਵੇ, ਆਪਣੀ ਹਉ ਛੱਡ ਦੇਵੇ, ਆਪਣੇ ਚਿਤ ਨੂੰ ਉਸ ਦੇ ਚਰਨਾਂ ਵਿਚ ਜੋੜ ਲਵੇ, ਚਤੁਰਾਈਆਂ ਦਾ ਤਿਆਗ ਕਰ ਦੇਵੇ ਤਾਂ ਉਸ ਦੀ ਨਦਰ ਪ੍ਰਾਪਤ ਹੋ ਜਾਂਦੀ ਹੈ, ਪ੍ਰੇਮ ਪਦਾਰਥ ਪਾ ਲਈਦਾ ਹੈ। ਸੋਹਾਗਣ ਬਣਨ ਲਈ ਆਪਣੇ ਆਪੇ ਦਾ ਪੂਰਣ ਤੌਰ ਤੇ ਤਿਆਗ ਕਰਨਾ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸੰਬੰਧੀ ਰਾਗ ਤਿਲੰਗ ਵਿਚ ਫੁਰਮਾਨ ਕਰਦੇ ਹਨ -

*ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ*
*ਐਸਾ ਪਰਮਲੁ ਲਾਈਐ ॥*
*ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥*
*ਅੰਗ - ੭੨੨*

ਏਸੇ ਸ਼ਬਦ ਵਿਚ ਅੱਗੇ ਕਿਹਾ ਹੈ -

*ਆਪੁ ਗਵਾਈਐ ਤਾ ਸਹੁ ਪਾਈਐ*
*ਅਉਰੁ ਕੈਸੀ ਚਤੁਰਾਈ ॥*
*ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ*
*ਕਾਮਣਿ ਨਉ ਨਿਧਿ ਪਾਈ ॥*
*ਆਪਣੇ ਕੰਤ ਪਿਆਰੀ ਸਾ ਸੋਹਾਗਣਿ*
*ਨਾਨਕ ਸਾ ਸਭਰਾਈ ॥* *ਅੰਗ - ੭੨੨*

'ਆਪੁ ਗਵਾਈਐ ਤਾ ਸਹੁ ਪਾਈਐ' ਬਹੁਤ ਠੀਕ ਮਾਰਗ ਹੈ ਪਰ ਇਸ ਤੋਂ ਵੀ ਜ਼ਰੂਰੀ ਆਵਸ਼ਕਤਾ ਚੰਗੇ ਭਾਗ, ਧੁਰਿ ਕਰਮ ਦੀ ਹੈ ਜਿਨ੍ਹਾਂ ਸਦਕਾ ਜੀਵ ਦਾ ਕਿਸੇ ਸੁਹਾਗਣ ਨਾਲ ਮੇਲ ਹੁੰਦਾ ਹੈ, ਮਾਰਗ ਦਰਸ਼ਨ ਹੁੰਦਾ ਹੈ, ਪਤੀ ਗੁਣਾਂ ਦੀ ਪਛਾਣ ਮਿਲਦੀ ਹੈ ਅਤੇ ਇਸਤ੍ਰੀ ਉਨ੍ਹਾਂ ਗੁਣਾਂ ਨੂੰ ਵਿਹਾਝ ਕੇ ਆਪਣੇ ਆਪ ਨੂੰ ਪਤੀ ਪਿਆਰ ਦੇ ਯੋਗ ਬਣਾਉਂਦੀ ਹੈ।

ਜੀਵ ਰੂਪ ਇਸਤ੍ਰੀ ਤਾਂ ਅਲਪੱਗ ਹੈ, ਜਿੰਨਾ ਸਮੁੰਦਰ ਵਿਚ ਨੀਰ ਹੈ, ਕਈ ਜਨਮਾਂ ਦੇ ਔਗੁਣਾਂ ਨਾਲ ਜੀਵ ਭਰਿਆ ਹੋਇਆ ਹੈ। ਹਉ ਆਸਰਿਤ, ਜਾਂ ਕਰਮਾਂ ਦੇ ਬਲਬੋਤੇ ਤਾਂ ਇਹ ਮਿਲਾਪ ਸੰਭਵ ਨਹੀਂ ਹੋ ਸਕਦਾ -

*ਨਿਤ ਸੁਹਾਗਣਿ ਸਦਾ ਪਿਰੁ ਰਾਵੈ ॥*
*ਮੈ ਕਰਮਹੀਣ ਕਬ ਹੀ ਗਲਿ ਲਾਵੈ ॥ ੪ ॥*
*ਤੂ ਪਿਰੁ ਗੁਣਵੰਤਾ ਹਉ ਅਉਗੁਣਿਆਰਾ ॥*
*ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ ॥* *ਅੰਗ - ੫੬੧*

ਪਰ ਜਦੋਂ ਮਨੁੱਖ ਨਦਰ ਦਾ ਪਾਤਰ ਬਣ ਜਾਂਦਾ ਹੈ ਤਾਂ ਜਿਵੇਂ ਪਿਆਰ ਵਸ ਹੋਇਆ ਪਤੀ ਆਪਣੀ ਇਸਤ੍ਰੀ ਦੇ ਔਗੁਣ ਨਹੀਂ ਚਿਤਾਰਦਾ, ਤਿਵੇਂ ਹੀ ਪ੍ਰਭੂ-ਪ੍ਰਮਾਤਮਾ ਜੀਵ-ਰੂਪੀ ਇਸਤ੍ਰੀ ਦੇ ਪਿਆਰ ਨੂੰ ਕਬੂਲਦਾ ਹੈ, ਉਸ ਦੇ ਗੁਣ-ਔਗੁਣਾਂ ਦਾ ਲੇਖਾ ਜੋਖਾ ਨਹੀਂ ਕਰਦਾ ਅਤੇ ਉਸ ਨੂੰ ਆਪਣੀ ਪਿਆਰ ਗਲਵਕੜੀ ਵਿਚ ਲੈ ਲੈਂਦਾ ਹੈ। ਜੈਤਸਰੀ ਰਾਗ ਵਿਚ ਪੰਜਵੇਂ ਸਤਿਗੁਰੂ ਦਾ ਫੁਰਮਾਨ ਹੈ -

***ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ॥ ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ ॥ ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ॥ ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ ॥ ਅੰਗ - ੭੦੪***

ਸੁਹਾਗਣ ਨੂੰ ਪਤੀ-ਪਿਆਰ ਪ੍ਰਾਪਤ ਹੁੰਦਾ ਹੈ, ਉਸ ਨੂੰ ਪ੍ਰਭੂ ਪਿਆਰ ਦਾ ਅਨੁਭਵ ਵੀ ਹੁੰਦਾ ਹੈ ਪਰ ਇਸ ਦੇ ਵਿਪਰੀਤ ਜਿਸ ਨੂੰ ਪਤੀ ਪਿਆਰ ਨਹੀਂ ਮਿਲਦਾ, ਪਿਆਰ-ਵਿਹੂਣੀ ਹੈ, ਜਿਸ ਨੂੰ ਦੋਹਾਗਣ ਕਿਹਾ ਗਿਆ ਹੈ ਉਸ ਦੇ ਕੀ ਲੱਛਣ ਹਨ? ਉਸ ਦੀ ਪਛਾਣ ਕਿਵੇਂ ਹੁੰਦੀ ਹੈ? ਸ੍ਰੀ ਗੁਰੂ ਅਮਰਦਾਸ ਰਾਗ ਆਸਾ ਵਿਚ ਇਨ੍ਹਾਂ ਦੋਨੋਂ ਅਵਸਥਾਵਾਂ ਨੂੰ ਵਿਸਥਾਰ ਪੂਰਵਕ ਦਸਦੇ ਕਹਿੰਦੇ ਹਨ ਕਿ ਮੰਦੇ ਭਾਗਾਂ ਵਾਲੀਆਂ ਜੀਵ-ਇਸਤ੍ਰੀਆਂ ਪ੍ਰਭੂ-ਪਤੀ ਦਾ ਟਿਕਾਣਾ ਨਹੀਂ ਲੱਭ ਸਕਦੀਆਂ ਅਤੇ ਇਸ ਲਈ ਉਹ ਪ੍ਰਭੂ-ਮਿਲਾਪ ਦਾ ਅਨੰਦ ਨਹੀਂ ਜਾਣ ਸਕਦੀਆਂ। ਉਨ੍ਹਾਂ ਦੇ ਬੋਲ ਵੀ ਖਰਵੇ ਹੁੰਦੇ ਹਨ, ਉਹ ਅਹੰਕਾਰ ਮਤੀਆਂ ਨਿਮਰਤਾ ਦੇ ਗੁਣ ਨਹੀਂ ਜਾਣਦੀਆਂ ਅਤੇ ਮਾਇਆ ਦਾ ਪਿਆਰ ਹੀ ਉਨ੍ਹਾਂ ਦੀ ਜ਼ਿੰਦਗੀ ਦਾ ਧੁਰਾ ਬਣਿਆ ਹੋਇਆ ਹੈ -

*ਦੋਹਾਗਣੀ ਮਹਲੁ ਨ ਪਾਇਨ੍ਹੀ*
*ਨ ਜਾਣਨਿ ਪਿਰ ਕਾ ਸੁਆਉ ॥*
*ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥*
*ਅੰਗ - ੪੨੬*

ਦੁਹਾਗਣੀ ਇਸਤ੍ਰੀ ਅਤੇ ਪ੍ਰਭੂ ਪਿਆਰ ਵਿਹੂਣੇ ਜੀਵ ਦਾ ਜੀਵਨ ਨਮੋਸ਼ੀ ਭਰਿਆ ਹੁੰਦਾ ਹੈ, ਉਨ੍ਹਾਂ ਦਾ ਜੀਵਨ-ਢੰਗ, ਉਨ੍ਹਾਂ ਦੀ ਵਰਤੋਂ ਵਿਹਾਰ ਕਿਸੇ

ਤਰ੍ਹਾਂ ਵੀ ਨਿਰਮਲ ਅਤੇ ਸੁਚੱਜਾ ਨਹੀਂ ਹੁੰਦਾ, ਮੈਲ ਭਰਿਆ, ਦੁਰਗੰਧਮਈ ਹੁੰਦਾ ਹੈ ਅਤੇ ਉਨ੍ਹਾਂ ਦੀ ਜ਼ਿੰਦਗੀ ਦੀ ਰਾਤ ਬੜੀ ਕਠਨ ਅਤੇ ਦੁਖ ਭਰੀ ਹੁੰਦੀ ਹੈ, ਫੁਰਮਾਨ ਹੈ -

*ਦੋਹਾਗਣੀ ਕਿਆ ਨੀਸਾਣੀਆ ॥*
*ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥*
*ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ॥*

*ਅੰਗ - ੭੨*

ਵਿਪਰੀਤ ਇਸ ਦੇ ਚੰਗੇ ਭਾਗਾਂ ਵਾਲੀਆਂ ਨੂੰ ਉਨ੍ਹਾਂ ਦਾ ਪਤੀ-ਪਰਮੇਸ਼ਰ ਆਪਣੇ ਪ੍ਰੇਮ ਪਿਆਰ ਦੀ ਦਾਤ ਦੇ ਕੇ ਸੁਹਣੇ ਜੀਵਨ ਵਾਲਾ ਬਣਾ ਦਿੰਦਾ ਹੈ। ਉਹ ਸਦਾ ਰਜ਼ਾ ਵਿਚ ਰਹਿੰਦੀਆਂ ਹਨ। ਪ੍ਰਭੂ ਨਾਮ ਰਾਹੀਂ ਆਤਮਕ ਅਡੋਲਤਾ ਵਿਚ ਟਿਕੇ ਰਹਿਣਾ ਉਨ੍ਹਾਂ ਦੇ ਆਤਮਕ ਜੀਵਨ ਦਾ ਸ਼ਿੰਗਾਰ ਹੁੰਦਾ ਹੈ। ਐਸੀਆਂ ਸੁਹਾਗਣ ਜੀਵ ਇਸਤ੍ਰੀਆਂ ਸਦਾ ਆਪਣੇ ਪ੍ਰਭੂ ਪਤੀ ਨੂੰ ਹਿਰਦੇ ਵਿਚ ਵਸਾਈ ਰਖਦੀਆਂ ਹਨ, ਪ੍ਰੇਮ ਦੀ ਬਰਕਤ ਸਦਕਾ ਉਨ੍ਹਾਂ ਦਾ ਹਿਰਦਾ ਪ੍ਰਭੂ-ਪਤੀ ਵਾਸਤੇ ਸਦਾ ਟਿਕੇ ਰਹਿਣ ਵਾਲੀ ਸੇਜਾ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਆਤਮਕ ਅਨੰਦ ਪ੍ਰਾਪਤ ਕਰਕੇ, ਪ੍ਰੀਤਮ ਪ੍ਰਭੂ ਨੂੰ ਮਿਲ ਕੇ ਉਹ ਪ੍ਰਭੂ-ਪ੍ਰੀਤਮ ਦੇ ਪ੍ਰੇਮ ਵਿਚ ਮਸਤ ਰਹਿੰਦੀਆਂ ਹਨ। ਪ੍ਰਭੂ-ਪਤੀ ਵਲੋਂ ਸੰਵਾਰੀਆਂ ਇਸਤ੍ਰੀਆਂ ਸ਼ੋਭਾ ਖਟਦੀਆਂ ਹਨ, ਉਨ੍ਹਾਂ ਪਾਸ ਕਦੇ ਨਾਂਹ ਮੁਕਣ ਵਾਲਾ ਆਤਮਕ ਸ਼ਿੰਗਾਰ ਹੁੰਦਾ ਹੈ। ਪ੍ਰਭੂ-ਪਤੀ ਦੇ ਪ੍ਰੇਮ-ਪਿਆਰ ਦੀ ਬਰਕਤ ਵਾਲੀ ਸੁਹਣੇ ਜੀਵਨ ਵਾਲੀ, ਪ੍ਰਭੂ-ਪਾਤਿਸ਼ਾਹ ਦੀ ਪਟਰਾਣੀ ਬਣ ਜਾਂਦੀ ਹੈ। ਫੁਰਮਾਨ ਹੈ -

*ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ ॥*
*ਸਤਿਗੁਰ ਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ ॥*

*ਅੰਗ - ੪੨੬*

*ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ॥*
*ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ ॥*

*ਅੰਗ - ੪੨੬*

ਜੀਵਨ ਦੇ ਆਤਮਿਕ ਸਫਰ ਵਿਚ ਜੀਵ ਰੂਪੀ ਇਸਤ੍ਰੀ ਨੂੰ ਪ੍ਰਭੂ-ਪਿਆਰ ਦੀ ਪ੍ਰਾਪਤੀ ਕਰ ਕੇ ਸੋਹਾਗਣ ਬਣਨ ਵਿਚ ਹੀ ਸੁਖ, ਸਹਿਜ, ਅਨੰਦ ਅਤੇ ਸ਼ੋਭਾ ਹੈ। ਇਹੋ ਇਸ ਦਾ ਜੀਵਨ ਧੁਰਾ ਹੈ। ਇਹੋ ਮਨੁੱਖ ਦਾ ਜੀਵਨ ਲਕਸ਼ ਹੈ। ਏਸ ਲਕਸ਼ ਦੀ ***ਪ੍ਰਾਪਤੀ ਹਿਤ ਹੀ ਮਨੁੱਖ ਨੂੰ ਕਿਰਿਆਸ਼ੀਲ ਹੋਣਾ ਹੈ। 'ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥'*** ਦਾ ਵੀ ਇਹੋ ਭਾਵ ਹੈ। ਜੀਵ ਰੂਪੀ ਇਸਤ੍ਰੀ ਨੇ ਗੁਰੂ ਦੇ 'ਭਉ' ਅਤੇ 'ਭਾਉ' ਵਿਚ ਰਹਿ ਕੇ ਸ਼ਬਦ ਦੀ ਕਮਾਈ ਕਰਨੀ ਹੈ। ਸਤਿਗੁਰੂ ਦੇ ਪਿਆਰ ਅਤੇ ਭਰੋਸੇ ਤੋਂ ਪ੍ਰਭੂ ਪਿਆਰ ਪ੍ਰਾਪਤ ਹੁੰਦਾ ਹੈ। ਪ੍ਰਭੂ ਨਾਮ ਨੇ ਹੀ ਜੀਵ ਇਸਤ੍ਰੀ ਨੂੰ ਸੋਹਾਗਣ ਹੋਣ ਦਾ ਮਾਣ ਬਖਸ਼ਣਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ -

*ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ ॥*
*ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ ॥*
*ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ ॥*
*ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ ॥ ਅੰਗ - ੯੦*

ਐਸਾ ਹੀ ਫੁਰਮਾਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੈ। ਜਦੋਂ ਜੀਵ-ਰੂਪੀ ਇਸਤ੍ਰੀ ਪ੍ਰਭੂ-ਪਤੀ ਦੀ ਰਜ਼ਾ ਮਿਠੀ ਕਰਕੇ ਮੰਨਣੀ ਸ਼ੁਰੂ ਕਰ ਦਿੰਦੀ ਹੈ ਤਾਂ ਪ੍ਰਭੂ ਪਿਆਰ ਦੀ ਪ੍ਰਾਪਤੀ ਨਾਲ ਉਸ ਦੇ ਹਿਰਦੇ-ਘਰ ਵਿਚ ਸੁਖ, ਸਹਿਜ, ਅਨੰਦ ਦਾ ਵਾਸਾ ਹੋ ਜਾਂਦਾ ਹੈ। ਜੀਵ ਜਾਂ ਸੰਸਾਰ ਨਾਲ ਜੁੜਦਾ ਹੈ ਜਾਂ ਨਿਰੰਕਾਰ ਨਾਲ। ਪ੍ਰਭੂ ਨਾਲ ਪਿਆਰ ਹੋਵੇ ਤਾਂ ਉਸ ਦੀ ਰਜ਼ਾ, ਭਾਣਾ ਮਿੱਠਾ ਲਗਦਾ ਹੈ, ਫੇਰ ਹਿਰਦੇ-ਰੂਪੀ ਘਰ ਵਿਚੋਂ ਮਾਇਆ-ਰੂਪੀ ਸੌਂਕਣ ਨੱਠ ਜਾਂਦੀ ਹੈ, ਮਨ ਦੀ ਮਾਇਕ ਤ੍ਰਿਸ਼ਨਾ ਦੀ ਤਪਸ਼ ਖਤਮ ਹੋ ਜਾਂਦੀ ਹੈ, ਕਾਮਾਦਿਕ ਪੰਜੇ ਵੈਰੀ ਵੀ ਭੱਜ ਜਾਂਦੇ ਹਨ। ਹਉਮੈ, ਹੰਕਾਰ ਖਤਮ ਹੋ ਕੇ ਅੰਦਰ ਨਿਮਰਤਾ ਆ ਵਸਦੀ ਹੈ। ਨਿਮਰਤਾ ਵਿਚ ਜੀਵ ਇਨ੍ਹਾਂ ਭਾਵਨਾਵਾਂ ਦਾ ਮਾਲਕ ਬਣਦਾ ਹੈ ਕਿ ਨਾ ਮੇਰਾ ਉੱਚਾ ਖਾਨਦਾਨ ਹੈ, ਨਾ ਗੁਣ ਹਨ, ਨਾ ਸ਼ੋਭਾ ਹੈ, ਫਿਰ ਵੀ ਪਿਆਰ ਵਿਚ ਆ ਕੇ ਮੈਨੂੰ ਅਨਾਥ, ਗਰੀਬਣੀ, ਨਿਮਾਣੀ ਨੂੰ ਕੰਤ-ਪ੍ਰਭੂ ਨੇ ਬਾਹੋਂ ਫੜ ਕੇ ਆਪਣੀ ਰਾਣੀ ਬਣਾ ਲਿਆ ਹੈ। ਐਸੇ ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਨਿਮਨ ਸ਼ਬਦ ਰਾਹੀਂ ਪ੍ਰਗਟ ਕਰਦੇ ਹਨ -

***ਮੀਠੀ ਆਗਿਆ ਪਿਰ ਕੀ ਲਾਗੀ ॥ ਸਉਕਨਿ ਘਰ ਕੀ ਕੰਤਿ ਤਿਆਗੀ ॥ ਪ੍ਰਿਅ ਸੋਹਾਗਨਿ ਸੀਗਾਰਿ ਕਰੀ ॥ ਮਨ ਮੇਰੇ ਕੀ ਤਪਤਿ ਹਰੀ ॥ ੧ ॥ ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥ ਸੂਖੁ ਸਹਜੁ ਇਸੁ ਘਰ ਕਾ ਜਾਨਿਆ ॥ ਰਹਾਉ ॥ ਹਉ ਬੰਦੀ ਪ੍ਰਿਅ ਖਿਜਮਤਦਾਰ ॥ ਓਹੁ ਅਬਿਨਾਸੀ ਅਗਮ ਅਪਾਰ ॥ ਲੇ ਪਖਾ ਪ੍ਰਿਅ ਝਲਉ ਪਾਏ ॥ ਭਾਗਿ ਗਏ ਪੰਚ ਦੂਤ ਲਾਵੇ ॥ ੨ ॥ ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥ ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥ ੩ ॥ ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥ ਕਹੁ ਨਾਨਕ ਮੋਰੀ ਪੂਰਨ ਆਸਾ ॥ ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥ ੪ ॥ ੧ ॥ ੯੫ ॥ ਅੰਗ - ੩੯੪***

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-46)*

ਜਾਪਦਾ ਹੈ ਕਿ ਕੁਛ ਦਿਨ ਗੁਰੂ ਜੀ ਉਥੇ ਬਨ ਵਿਚ ਹੀ ਟਿਕੇ। ਜਨਮ ਸਾਖੀ ਵਿਚ ਲਿਖਿਆ ਹੈ ਕਿ ਪੀਰ ਨੇ ਕਿਹਾ, ਮੇਰੇ ਘਰ ਚੱਲੋ, ਪਰ ਗੁਰੂ ਬਾਬੇ ਨੇ ਬਨ ਰਹਿਣਾ ਪਸੰਦ ਕੀਤਾ। ਸੋ ਪੀਰ ਉਥੇ ਮਿਲਦਾ ਰਿਹਾ ਤੇ ਰੱਬ ਦੇ ਸੋਹਿਲੇ ਗਾਵੀਂਦੇ ਰਹੇ। ਇਕ ਦਿਨ ਪੀਰ ਨੇ ਕਿਹਾ, ਹੇ ਸਤਿਗੁਰੂ ਰੱਬ ਦੇ ਪਿਆਰੇ! ਜਿਸ ਸਾਂਈਂ ਨੂੰ ਹਿਕ ਆਖਦੇ ਹੋ, ਉਸ ਦੀ ਹਮਦੋ ਸਨਾ ਤਾਂ ਕੁਛ ਸੁਣਾਓਂ, ਕਿਵੇਂ ਉਸ ਨੇ ਦੁਨੀਆਂ ਸਾਜੀ? ਇਕ ਸੀ, ਇਕ ਹੈ ਤਾਂ ਦੁਨੀਆਂ ਜੋ ਦੂਈ ਹੈ, ਕਿਵ ਰਚੀ ਗਈ? ਇਕ ਵਿਚ ਤਾਂ ਇਕ ਹੀ ਹੈ ਫੇਰ ਜਗਤ ਤੇ ਰਚਨਾ ਕਿਵੇਂ ਹੈ?

ਗੁਰੂ ਜੀ - ਸ਼ੇਖਾ! ਉਹ ਇਕ ਹੈ, ਆਪਣੇ ਆਪ ਵਿਚ ਸੰਪੂਰਨ ਹੈ ਤੇ ਸਦਾ ਹੈ। ਉਹ ਕਿਹੋ ਜਿਹਾ ਤੇ ਕੀਹ ਹੈ? ਇਹ ਗੱਲ ਅਕਹਿ ਹੈ। ਉਸ ਦਾ ਭਾਣਾ, ਮਰਜ਼ੀ, ਹੁਕਮ ਕੋਈ ਹੈ, ਉਸ ਸਰਬ ਚੇਤਨਾ ਤੋਂ ਪਰ੍ਹੇ ਪਰਮ ਚੇਤਨ ਸਰੂਪ ਵਿਚ, ਜਿਵੇਂ ਉਹ ਆਪ ਨਹੀਂ ਵਰਣਨ ਹੋ ਸਕਦਾ, ਤਿਵੇਂ ਉਸ ਦਾ 'ਹੁਕਮ ਨ ਕਹਿਆ ਜਾਈ।' ਸੋ ਆਪਣੇ ਕਿਸੇ ਰੰਗ ਵਿਚ ਉਹ ਆਪੇ ਆਪ ਨੂੰ ਰਚਦਾ ਹੈ। ਰਚਦਾ ਕੀਹ ਹੈ? ਨਿਰਗੁਣ ਸਰਗੁਣ ਹੋ ਜਾਂਦਾ ਹੈ। ਹੋ ਜਾਣਾ ਬੀ ਕੀ? ਨਿਰਗੁਣ ਸਰਗੁਣ ਇਕੋ ਹੀ ਹੈ। ਫਿਰ ਉਹ ਆਪਣਾ ਨਾਉਂ ਰਚਦਾ ਹੈ, ਜੋ ਉਸ ਨਾਲ ਅਭੇਦ ਹੈ ਤੇ ਜੋ ਦੂਈ ਦੇ ਆਰੰਭ ਨੂੰ ਆ ਛੂੰਹਦਾ ਹੈ। ਇਸ ਤੋਂ ਅੱਗੇ ਉਹ ਦੂਜੀ ਸ਼ੈ 'ਕੁਦਰਤ' ਸਾਜਦਾ ਹੈ। ਇਹ (ਕੁਦਰਤ) ਉਸ ਦਾ ਸ਼ਰੀਕ ਨਹੀਂ, ਪਰ ਉਸ ਦੀ ਕੀਤੀ ਹੋਈ ਹੁੰਦੀ ਹੈ। ਇਹ ਸੁਤੰਤਰ ਬੀ ਨਹੀਂ, ਪਰ ਇਸ ਨੂੰ ਫੇਰ ਉਹ ਆਪ ਤੋਂ ਵੱਖ ਬੀ ਨਹੀਂ ਕਰਦਾ, ਇਸ ਰਚੀ ਹੋਈ ਵਿਚ ਜੋ ਕੁਦਰਤ ਹੈ ਤੇ ਉਸ ਤੋਂ ਬਿਨਾਂ ਅਵਿਨਾਸ਼ ਨਹੀਂ ਉਹ ਮਾਨੋ ਆਸਣ ਲਾ ਕੇ ਬਹਿ ਜਾਂਦਾ ਹੈ ਤੇ ਆਨੰਦ ਸਰੂਪਤਾ ਵਿਚ ਹੀ ਬੈਠਦਾ ਹੈ, ਉਹ ਆਸਣ ਹੈ ਸੱਤ ਦਾ। ਐਉਂ ਇਕ ਹੀ ਹੈ। ਰਚਨ ਤੋਂ ਪਹਿਲਾਂ ਇਕ ਹੈ, ਰਚਨ ਤੋਂ ਮਗਰੋਂ ਤੇ ਰਚੀ ਤੋਂ ਅਲੱਗ ਬੀ ਹੈ ਤੇ ਵਿਚ ਵਿਆਪਕ ਬੀ ਹੈ। ਸੱਚ ਦੇ ਆਸਣ ਪਹਿਲੋਂ ਬੀ ਸੀ ਤੇ ਫੇਰ ਬੀ। 'ਆਨੰਦ' ਸਰੂਪ ਹੈ ਉਸ ਦਾ। ਰਚ ਕੇ ਬੀ ਉਹ ਰਚੀ ਨੂੰ ਦੇਖਦਾ ਪਾਲਦਾ ਹੋਇਆ ਫੇਰ ਚਾਉ (ਆਨੰਦੁ) ਸਰੂਪ ਹੈ। ਫਿਰ ਜੋ ਉਸ ਨੇ ਰਚਨਾ ਰਚੀ ਹੈ। ਇਸ ਵਿਚ ਜੀਵ ਉਪਾਏ, ਜਿਨ੍ਹਾਂ ਨੂੰ ਅਕਲ ਸ਼ਊਰ ਦਿਤਾ। ਕਰਮ ਕਰਨ ਦੀ ਖੁਲ੍ਹ ਤੇ ਚੋਣ ਦਿਤੀ, ਇਨ੍ਹਾਂ ਨੂੰ ਧਰਮ ਦਿਤਾ ਤੇ ਨਿਆਂ ਲਈ ਧਰਮ ਦਾ ਵਿਵੇਚਕ ਬੀ ਥਾਪ ਦਿਤਾ। ਸੋ ਜਿਨ੍ਹਾਂ ਨੇ ਸਚ ਨਾਲ ਪਿਆਰ ਪਾਇਆ, ਸੱਚ ਨੂੰ ਆ ਮਿਲੇ, ਜਿਨ੍ਹਾਂ ਕੂੜ ਨਾਲ ਨੇਹੁੰ ਲਾਇਆ ਉਹ ਮੁੱਠੇ ਗਏ। ਸੱਚ ਦੀ ਕਮਾਈ ਲਈ ਨਾਮ ਦੱਸਿਆ ਜੋ ਉਸੀ ਨਾਮੀ ਨਾਲ ਅਭੇਦ ਉਸੇ ਦਾ ਹੀ ਮਾਨੋ ਰੂਪ ਹੈ। ਸੋ ਨਾਮ ਵਾਲੇ ਉਸ ਨੂੰ ਆ ਮਿਲੇ। ਪਰੰਤੂ ਜਿਹੜੇ ਜੀਵ ਦੁਨੀਆਂ ਦੇ ਕੂੜ ਵਿਚ ਨਾਮ ਵਿਸਾਰ ਕੇ ਖੱਚਤ ਹੋ ਗਏ ਤੇ ਭੋਗਾਂ ਵਿਚ ਲੱਗੇ ਰਹੇ, ਅੰਤ ਮਰੇ ਤੇ ਰੂਹ ਗਈ ਅੱਗੇ, ਓਥੇ ਸ਼ੁਭ ਕਰਨੀ ਤੇ ਹਰੀ ਦੇ ਕੀਤੇ ਜਸ ਦਾ ਮੁੱਲ ਪੈਂਦਾ ਹੈ, ਸੋ ਉਨ੍ਹਾਂ ਨੂੰ ਕਿਉਂਕਿ ਜੀਉਂਦਿਆਂ ਉਸ ਦਾ ਰਸ ਨਹੀਂ ਸੀ ਪੀਆ, ਜੀਵਨ ਵਿਚ ਓਥੇ ਥਾਂ ਨਹੀਂ ਲੱਭਦੀ, ਮਨ ਓਥੇ ਪਰਚਦਾ ਨਹੀਂ, ਕੋਈ ਰਹਿਣ ਦੇਂਦਾ ਨਹੀਂ, ਫਿਟਕਾਰਾਂ ਪੈਂਦੀਆਂ ਹਨ, ਹੁਣ ਪਛਤਾਉਂਦੇ ਹਨ ਕਿ ਹਾਏ ਅੰਨ੍ਹੇ ਹੋ ਕੇ ਜਨਮ ਗੁਆ ਆਏ।

ਸ਼ੇਖ - ਫਿਰ ਸਾਡੇ ਮਤ ਮੂਜਬ ਤਾਂ ਉਹ ਮਾੜੀਆਂ ਰੂਹਾਂ ਸਦਾ ਲਈ ਮਾਰੀਆਂ ਗਈਆਂ, ਕਿਆਮਤ ਦੇ ਦਿਨ ਹਿਸਾਬ ਹੋ ਕੇ ਉਹ ਦੋਜ਼ਖ ਨੂੰ ਜਾਣਗੀਆਂ ਸਦਾ ਲਈ।

ਗੁਰੂ ਬਾਬਾ - ਇਹ ਸ਼ਰੀਰ ਗਿਣਤੀ ਦੇ ਦਿਨ ਜਗਤ ਵਿਚ ਰਹਿੰਦਾ ਹੈ, ਚਾਹੇ ਸੌ ਬਰਸ ਰਹੇ। ਕਰਮ ਗਿਣਤੀ ਵਿਚ ਹਨ, ਚਾਹੇ ਕਿਤਨੇ ਕਰੇ, ਇਸ ਕਰਕੇ ਦੰਡ ਸਦਾ ਲਈ ਨਹੀਂ ਹੋ ਸਕਦਾ। ਕੁਦਰਤ ਹੈ ਕਰਤਾਰ ਦੀ ਇਹ ਕਿ ਭੁੱਲ ਤੋਂ ਦੁੱਖ ਹੁੰਦਾ ਹੈ ਪਰ ਦੁਖ ਉਸਤਾਦ ਬਣ ਜਾਂਦਾ ਹੈ ਅੱਗੋਂ ਭੁੱਲ ਨਾ ਕਰਨ ਦਾ, ਕਿਉਂਕਿ ਬੰਦੇ ਵਿਚ ਸ਼ਊਰੁ ਜੁ ਹੈ, ਜਾਨਵਰਾਂ ਵਾਂਗੂੰ ਇਸ ਦੀ ਮੱਤ ਬੱਝੀ ਨਹੀਂ ਨਾ। ਦੁਖ ਪਾ-ਪਾ ਕੇ ਜੀਵ ਨੂੰ ਸੋਝੀ ਹੋ ਜਾਂਦੀ ਹੈ। ਉਸ ਤੋਂ ਬਚਣ ਦੀ, ਜਿਸ ਤੋਂ ਦੁਖ ਹੁੰਦਾ ਹੈ। ਫੇਰ ਦੁਖੀ ਜੀਵ ਆਪ ਤੋਂ ਦਾਨੇ ਤੇ ਸਿਆਣੇ ਭੀ ਲੱਭਦਾ ਹੈ

ਦੁਖ ਦੂਰ ਕਰਨ ਦੀ ਮੱਤ ਲੈਣ ਵਾਸਤੇ ਤੇ ਉਹ ਦਾਤਾ ਫੇਰ ਐਸੇ ਸਿਆਣੇ ਭੇਜ ਬੀ ਦਿੰਦਾ ਹੈ, ਜੀਵਾਂ ਦੇ ਵਿਚ ਸੁਮਤਿ ਦੇਣ ਲਈ। ਇਉਂ ਜੀਵ ਨੂੰ ਪਤਾ ਲਗਾ ਜਾਂਦਾ ਹੈ ਕਿ ਦੁਖਾਂ ਦਾ ਦਾਰੂ ਨਾਮ ਹੈ। ਸੋ ਉਹ ਰਚਣਹਾਰ ਤੇ ਪਾਲਣਹਾਰ ਨਦਰਿ ਕਰਕੇ ਲੋੜਕੂ ਜੀਵ ਨੂੰ ਸਤਿਗੁਰੂ ਮਿਲਾਉਂਦਾ ਹੈ। ਸਤਿਗੁਰ ਜੀਵ ਦੀ ਹਉਂ ਨੂੰ ਕੱਟਦਾ ਹੈ ਤੇ ਨਾਮ ਨਾਲ, ਸਾਈਂ ਨਾਲ ਮੇਲਦਾ ਹੈ। ਜੋ ਸੱਚ ਅਸੀਂ ਬੋਲਣਾ ਜਾਣਦੇ ਹਾਂ, ਇਸ ਤੋਂ ਅੱਗੇ ਇਕ ਸਦਾ ਸੱਚ ਹੈ ਜੋ ਸਾਂਈਂ ਦਾ ਸਰੂਪ ਹੈ, ਸਤਿਗੁਰ ਉਸ ਸੱਚ ਤਕ ਅਪੜਾ ਦੇਂਦਾ ਹੈ।

ਸੋ ਸ਼ੇਖ ਜੀ! ਇਹ ਹੈ ਰੱਬ ਦੇ ਰਹਿਮ ਦਾ ਤਰੀਕਾ ਤੇ ਨਿਆਂ ਦਾ ਕਿ ਮਿਤ ਦੇ ਕਰਮਾਂ ਨੂੰ ਅਮਿਤ ਫਲ ਨਹੀਂ, ਲਗ ਸਕਦਾ ਤੇ ਮਾੜੇ ਕਰਮ ਵਿਚ ਜੋ ਪੀੜਾ ਰੱਖੀ ਹੈ, ਉਹ ਦਾਰੂ ਵਲ ਪ੍ਰੇਰਦੀ ਹੈ, ਐਉਂ ਕਰਮ ਦਗਧ ਹੋ ਜਾਂਦੇ ਹਨ। ਸੋ ਉਸ ਨਿਰੰਕਾਰ ਦਾ ਨਾਉਂ ਨਰਕ ਨਿਵਾਰਨ ਹੈ। ਦੂਜੇ ਸ਼ੁਭ ਕਰਣੀ ਹੈ, ਸੋ ਦਾਨ ਹੈ। ਕਮਾਵੇ, ਖਾਵੇ ਪਰ ਦਾਨ ਦੇ ਕੇ। ਦਾਨ ਦੇਵੇ ਪਰ ਆਪਾ ਨਾ ਜਣਾਵੇ, ਸਗੋਂ ਪੁੰਨ ਕਰੇ, ਲੋਕ ਮਾੜਾ ਕਹਿਣ ਤਾਂ ਖੁਸ਼ ਹੋਵੇ। ਇਸ ਨਾਸ਼ਮਾਨ ਨੂੰ ਨਾਸ਼ਮਾਨ ਜਾਣੇ ਤਾਂ ਭਲਿਆਈ ਕਰਨੀ ਇਸ ਵਿਚ ਸਾਰ ਗੱਲ ਹੈ।

ਪਰ ਸ਼ੇਖ ਜੀ! ਇਹ ਰਸਤਾ ਸਤਿਗੁਰ ਤੋਂ ਮਿਲਦਾ ਹੈ। ਸਤਿਗੁਰ ਵਿਚ ਸਾਂਈਂ ਦਾ ਨਿਵਾਸ ਹੁੰਦਾ ਹੈ, ਉਸ ਦੇ ਮਿਲਿਆਂ ਮਾੜੇ ਪਾਸੇ ਦਾ ਮੋਹ ਹਟਦਾ ਤੇ ਸਾਂਈਂ ਨਾਲ ਲਗਦਾ ਹੈ, ਇਸ ਸੱਚੇ ਦੇ ਨਾਲ ਮੋਹ ਪੈਣ ਨਾਲ ਉਸ ਦੀ ਪ੍ਰਾਪਤੀ ਹੁੰਦੀ ਹੈ।

ਫੇਰ ਜੋ ਇਉਂ ਜਗਤ ਵਿਚ ਸਤਿਸੰਗ ਪਾ ਕੇ ਸੇਵਾ ਕਰਦੇ ਹਨ ਤੇ ਆਪੇ ਨੂੰ ਸੰਤੋਖ ਵਿਚ ਰਖਦੇ ਹਨ, ਉਹ ਮਾੜੇ ਕਰਮ ਨਹੀਂ ਕਰਦੇ ਤੇ ਵਾਹਿਗੁਰੂ ਦੀ ਵਡਿਆਈ, ਸਿਫਤ, ਸਲਾਹ ਕਰਦੇ ਹਨ, ਉਹ ਸਭ ਤੋਂ ਵੱਡੇ ਅਰਥਾਤ ਪਰਮੇਸੁਰ ਨੂੰ ਪਾ ਲੈਂਦੇ ਹਨ। ਪਰ ਜੋ ਮੂਰਖ ਹਨ, ਦੁਨੀਆਂ ਵਿਚ ਆ ਕੇ ਸੱਚ ਦੇ ਪਾਸੇ ਨਹੀਂ ਟੁਰਦੇ, ਉਹਨਾਂ ਦਾ ਦੁਨੀਆਂ ਵਿਚ ਆਉਣਾ ਬਿਰਥਾ ਹੈ, ਪਰ ਕਾਹਨੂੰ ਕਿਸੇ ਨੂੰ ਮੰਦਾ ਕਹੀਏ, ਸੱਚ ਤਾਂ ਮਿਲਦਾ ਹੀ ਸਤਿਗੁਰ ਨੂੰ ਮਿਲ ਕੇ ਹੈ ਤੇ ਰੱਬ ਦੀ ਇਹ ਦਾਤ ਹੈ। ਇਸ ਬਖਸ਼ਿਸ਼ ਵਾਲੇ ਸੱਚ ਦੀ ਕਮਾਈ ਕਰਦੇ 'ਸੱਚੇ' ਨੂੰ ਧਿਆਉਂਦੇ ਹਨ ਤਾਂ ਤੇ ਸਭ ਲਈ ਦੁਆ ਹੈ ਕਿ ਸਾਂਈਂ ਇਹ ਖੈਰ ਸਭਨਾਂ ਨੂੰ ਪਾਵੇ।

ਪੀਰ - ਆਪ ਧਨ ਹੋ।

ਗੁਰੂ ਜੀ - ਹੇ ਸ਼ੇਖ! ਮੈਂ ਇਹ ਗੱਲਾਂ ਸਾਈਂ ਦੇ ਭੈ ਵਿਚ ਕਹਿ ਰਿਹਾ ਹਾਂ। ਮੈਂ ਕੁਛ ਨਹੀਂ, ਉਸ ਸੱਚੇ ਦੇ ਦਰ ਦਾ, ਢਾਡੀ ਮਾਤਰ ਹਾਂ, ਢਾਡੀ ਇਕ ਨੀਵੀਂ ਜਾਤ ਹੈ, ਹੋਰ ਲੋਕੀਂ ਉੱਚੀ ਜਾਤ ਸਦਾਉਂਦੇ ਹਨ। ਮੈਂ ਤਾਂ ਉਸ ਦੀ ਸਿਫਤ ਸਲਾਹ ਕਰਨ ਵਾਲੇ, ਉਸ ਦੇ ਪ੍ਰੇਮ ਧਿਆਨ ਵਿਚ ਮਗਨ ਰਹਿਣ ਵਾਲਿਆਂ ਦੇ ਦਰਸ਼ਨ ਮੰਗਦਾ ਹਾਂ। ਪ੍ਰੇਮ ਕਰਨ ਵਾਲੇ ਭਗਤ ਉਸ ਦਰ ਪਰਵਾਨ ਹਨ ਜੋ ਕੀਰਤਨ ਵਿਚ ਜੀਉਂਦੇ ਹਨ, ਕਿਉਂਕਿ ਇਸ ਰਸਤੇ ਹੀ ਪਿਆਰ ਪੁਗਦਾ ਹੈ। ਪਿਆਰ ਜਾਂ ਭਗਤੀ ਹੀ ਰਾਹ ਹੈ। ਸਿਫਤ ਸਾਲਾਹ ਨਾਲ ਦਿਲ ਖਿੜਿਆ-ਖਿੜਿਆ ਸਾਈਂ ਦੇ ਰਾਹ ਟੁਰਦਾ ਹੈ, ਪਰ ਕਈ ਲੋਕ ਬਿਨਾਂ ਇਸ ਕਰਨੀ ਦੇ ਬਫਾਉਂਦੇ ਹਨ। ਕਈ ਸ਼ੁਭ ਕਰਮਾਂ ਬਿਨਾਂ ਆਪਣੀ ਮਤ ਅੱਗੇ ਰਖਦੇ ਹਨ ਪਰ ਉਹਨਾਂ ਨੂੰ ਢੋਈ ਨਹੀਂ ਮਿਲਦੀ। ਸੋ ਜਗਤ ਵਿਚ ਵਸਦਿਆਂ ਸ਼ੇਖ ਜੀ ਪਰਮੇਸ਼ੁਰ ਦੇ ਪਿਆਰਿਆਂ ਦੀ ਸੰਗਤ ਕਰੀਏ। ਮੈਂ ਤਾਂ ਇਹੋ ਗੱਲ ਨਿਤ ਮੰਗਦਾ ਹਾਂ। ਇਹ ਉੱਤਮ ਬੀਚਾਰ ਹੈ ਸਭ ਤੋਂ।

ਇਹ ਗੱਲਾਂਬਾਤਾਂ ਸੱਚ ਤੇ ਸੱਚ ਸੰਬੰਧੀ ਉਥੇ ਰਹਿੰਦਿਆਂ ਵਾਰ ਦੀਆਂ ਪੌੜੀਆਂ ਵਿਚ ਰਚੀਆਂ ਗਈਆਂ। ਇਹ ਆਸਾ ਕੀ ਵਾਰ ਦੀਆਂ ਮੁੱਢਲੀਆਂ 9 ਪਉੜੀਆਂ ਹਨ ਜਦ ਮਰਦਾਨੇ ਕੰਠ ਕਰਕੇ ਇਹ ਗਾਵੀਆਂ ਤੇ ਵਿਚ ਦਿਤੇ ਸਲੋਕ ਗੁਰੂ ਬਾਬੇ ਦੇ, ਤਾਂ ਤਾਂ ਅਚਰਜ ਰੰਗ ਬੱਝ ਜਾਵੇ, ਸ਼ੇਖ ਸੁਣੇ ਤੇ ਨਿਹਾਲ ਹੋਵੇ।

ਇਹ ਵਾਰ ਅੰਮ੍ਰਿਤ ਵੇਲੇ ਸੁਣ ਕੇ ਸ਼ੇਖ ਤਾਂ ਚਾਹੇ ਕਿ ਗੁਰੂ ਬਾਬਾ ਟਿਕੇ, ਪਰ ਗੁਰੂ ਬਾਬੇ ਨੂੰ ਆਪਣਾ ਪ੍ਰੇਮ ਸੋਹਿਲਾ ਸੁਨਾਉਣ ਦੀ ਕਈ ਹੋਰ ਥਾਂ ਕਾਹਲੀ ਸੀ। ਸੋ ਇਥੋਂ ਵਿਦਾ ਹੋਣ ਲਈ ਤਿਆਰ ਹੋ ਖੜੋਤੇ। ਤਦ ਸ਼ੇਖ ਉਠ ਖਲੋਤਾ ਤੇ ਅਦਬ ਨਾਲ ਵਿਦਾ ਕਰਨ ਲੱਗਾ ਤੇ ਆਖਿਓਸੁ, 'ਨਾਨਕ ਤੁਧੁ ਖੁਦਾਇ ਪਾਇਆ ਹੈ, ਤੁਧੁ ਅਰੁ ਖੁਦਾਇ ਵਿਚ ਭੇਦ ਨਾਹੀਂ। ਪਰ ਤੂੰ ਮਿਹਰਬਾਨ ਹੋਹੁ ਜੋ ਅਸਾਡੀ ਬੀ ਖੁਦਾਇ ਨਾਲ ਰਹਿ ਆਵੈ। ਤਦ ਬਾਬੇ ਆਖਿਆ, ਸ਼ੇਖ ਬ੍ਰਹਮ ਖੇਪ ਖੁਦਾਇ ਨਿਬਾਹੈ। ਤਬ ਪੀਰ ਨੇ ਆਖਿਆ, ਜੀ ਬਚਨ ਦੇਹਿ। ਤਬ ਬਾਬੇ ਕਹਿਆ, ਜਾਹੁ ਬਚਨ ਹੈ। ਸ਼ੇਖ ਉਠ ਖੜ੍ਹਾ ਹੋਇਆ। ਬਾਬੇ ਸ਼ੇਖ ਵਿਦਾ ਕੀਤਾ। ਬਾਬਾ ਜੀ ਉਠ ਰਵਿਆ।

ਐਉਂ ਇਕ ਜ਼ੁਹਦੀ ਗੱਦੀ ਵਾਲੇ ਤੇ ਨਾਮੀ ਫਕੀਰ

ਨੂੰ ਉਸ ਦੇ ਤਪਾਂ ਹਠਾਂ ਤੇ ਖਿਆਲਾਂ ਵਿਚ ਪਈਆਂ ਉਕਾਈਆਂ ਹਟਾ ਕੇ ਗੁਰੂ ਬਾਬਾ ਜੀ ਟੁਰੇ। ਗੁਰੂ ਜੀ ਦਾ ਇਹ ਤਰੀਕਾ ਬਹੁਤ ਚੰਗਾ ਸੀ ਕਿ ਗੱਦੀ ਨਸ਼ੀਨਾਂ ਨੂੰ ਠੀਕ ਕਰਕੇ ਉਹਨਾਂ ਦੇ ਮਗਰ ਲੱਗਿਆਂ ਅਨੇਕਾਂ ਦਾ ਭਲਾ ਕਰ ਦੇਂਦੇ ਸੀ। ਜੇ ਇਕ ਫਕੀਰ ਦੇ ਮਗਰ ਦਸ ਹਜ਼ਾਰ ਹੈ ਤਾਂ ਦਸ ਹਜ਼ਾਰ ਲਈ ਬੜਾ ਵਕਤ ਚਾਹੀਏ ਤੇ ਜੇ ਉਹਨਾਂ ਦਾ ਪੀਰ ਭੁਲਾਂ ਤੋਂ ਨਿਕਲ ਗਿਆ ਤਾਂ ਉਸ ਤੋਂ ਸਭ ਨੂੰ ਲਾਭ ਹੋ ਗਿਆ। ਨਾਲੇ ਪੀਰਾਂ ਵਿਚ ਜੋ ਤੁਅੱਸਬ ਤੇ ਹਿੰਦੂਆਂ ਨਾਲ ਨਫਰਤ ਸੀ, ਉਹ ਪਰਜਾ ਲਈ ਅਤਿ ਦੁਖਦਾਈ ਸੀ। ਗੁਰੂ ਬਾਬਾ ਉਹਨਾਂ ਨੂੰ ਉੱਚਾ ਆਦਰਸ਼ ਦੇ ਕੇ ਪਿਆਰ ਵਿਚ ਲੈ ਆਉਂਦਾ ਤੇ ਨਫਰਤ ਤੋਂ ਕੱਢ ਲੈਂਦਾ ਸੀ ਜੋ ਪਰਜਾ ਆਪੋ ਵਿਚ ਸੁਖ ਵਸੇ।

ਇਧਰ ਸੇਖ ਵੀ ਸੱਚ ਦਾ ਢੂੰਡਾਊ ਸੀ। ਡੇਰੇਦਾਰ, ਗੱਦੀ ਨਸ਼ੀਨ, ਭੇਖਾਂ ਵਾਲੇ ਤੇ ਦਾਰਸ਼ਨਿਕ ਵਿਦਿਆ ਦੇ ਅਭਿਮਾਨੀ ਭਾਵੇਂ ਸੱਚ ਦੇ ਲੋੜਕੂ ਹੋਣ, ਪਰ ਮਾਨ ਦੀ ਚੜ੍ਹਤ ਐਸੀ ਹੁੰਦੀ ਹੈ ਕਿ ਨਾ ਤਾਂ ਅੰਦਰ ਦਾ ਦੁੱਖ ਫੋਲ ਸਕਦੇ ਹਨ ਕਿ ਕਿਸੇ ਅੱਗੇ ਤੇ ਨਾ ਆਪਣੀ ਉਕਾਈ ਯਾ ਲੋੜ ਦਾ ਇਕਰਾਰ ਕਰ ਸਕਦੇ ਹਨ। ਇਹ ਲੋਕ ਗ੍ਰਿਹਸਤੀ ਅੱਗੇ, ਚਾਹੇ ਉਹ ਕਿਤਨਾ ਬਜ਼ੁਰਗ ਹੋਵੇ, ਆਪਣਾ ਮਾਨ ਸਦਾ ਉੱਚਾ ਰੱਖਣ ਦਾ ਯਤਨ ਕਰਦੇ ਹਨ। ਪਰ ਧੰਨ ਸ਼ੇਖ ਬ੍ਰਾਹਮ ਜਿਸ ਨੇ ਅੰਤ ਇਹ ਗੱਲ ਜਿੱਤ ਲਈ ਤੇ ਆਖਿਆ, ਹੇ ਗੁਰੂ ਨਾਨਕ! ਮੈਨੂੰ ਇਕ ਛੁਰੀ ਦੇਹ ਜੋ ਮੈਂ ਮਾਣ ਨੂੰ ਹਲਾਲ ਕਰ ਸੱਟਾਂ ਤੇ ਜਦ ਮਾਣ ਨੂੰ ਹਲਾਲ ਕਰ ਲਾਇਓਸੂ ਤਾਂ ਗੁਰੂ ਬਾਬੇ ਦੀ ਮਿਹਰ ਦਾ ਸਦਕਾ ਸੁਖੀ ਹੋ ਗਿਆ ਤੇ ਵਰ੍ਹਿਆਂ ਦੀਆਂ ਅਟਕਾਂ ਦੂਰ ਹੋ ਗਈਆਂ ਤਾਂ ਅਝੱਕ ਗੁਰੂ ਬਾਬੇ ਅੱਗੇ ਨੀਉਂ ਗਿਆ।

ਧੰਨ ਗੁਰੂ ਨਾਨਕ ਦੇਵ!

ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਸ਼ੇਖ ਬ੍ਰਾਹਮ ਪ੍ਰਸੰਗ ਦੇ ਅੰਤ ਪਰ ਲਿਖਿਆ ਹੈ ਕਿ –

*ਭਯੋ ਮੁਰੀਦ ਸ਼ੇਖ ਤਬ ਗੁਰੁ ਕੋ।*
*ਬੰਦੇ ਚਰਨ ਪ੍ਰੇਮ ਕਰਿ ਉਰ ਕੋ।*
*ਕਿਤਕ ਦਿਵਸ ਤਿਨ ਰਾਖਯੋ ਡੇਰਾ।*
*ਨਿਤਪ੍ਰੀਤ ਕਰਿ ਹੀ ਭਾਉ ਘਨੇਰਾ।*

***'ਚਲਦਾ...........।'***

*(ਪੰਨਾ 28 ਦੀ ਬਾਕੀ)*

ਤਾਂ ਬਹੁਤ ਕਮਾਇਆ ਪਰ ਇੱਟਾਂ 'ਤੇ ਲਾ ਦਿਤਾ ਸਾਰਾ ਹੀ। ਉਹ ਫੇਰ ਇਸ਼ਾਰਾ ਕਰਦੈ। ਕਹਿੰਦੇ, ਦੇਖ ਲਓ ਫੇਰ ਇਹੀ ਕਹਿ ਰਿਹੈ। ਕਿ ਮਕਾਨ ਵਗੈਰਾ ਬਣਾਉਣ ਉਤੇ ਹੀ ਲਾ ਦਿਤਾ, ਕੋਈ ਪੁੰਨ ਦਾਨ ਹੀ ਨਾ ਮੈਂ ਕਰ ਸਕਿਆ।

ਸੋ ਮਹਾਰਾਜ ਕਹਿੰਦੇ, ਮਨ ਦੀ ਮਨ ਵਿਚ ਰਹਿ ਜਾਂਦੀ ਹੈ ਪ੍ਰੇਮੀਓ – '**ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥**'

*ਸੋ ਸੇਵਕੁ ਜੋ ਲਾਇਆ ਸੇਵ ॥*
*ਤਿਨ ਹੀ ਪਾਏ ਨਿਰੰਜਨ ਦੇਵ ॥*
*ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥*
*ਬਹੁਰਿ ਨ ਆਵੈ ਜੋਨੀ ਬਾਟ ॥ ਅੰਗ – ੧੧੫੯*

ਜੇ ਤਾਂ ਪੂਰਾ ਸਮਰੱਥ ਗੁਰੂ ਮਿਲ ਗਿਆ, ਤਾਂ ਤਾਂ ਕਪਾਟ ਖੁਲ੍ਹ ਜਾਣਗੇ, ਫੇਰ ਉਹ ਜੂਨੀ 'ਚ ਨਹੀਂ ਦੁਬਾਰਾ ਆਇਆ ਕਰਦਾ। ਪਰ ਵਾਰੀ ਸਾਂਭ ਲੈ –

*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥*
*ਘਟ ਭੀਤਰਿ ਤੂ ਦੇਖੁ ਬਿਚਾਰਿ ॥*
*ਕਹਤ ਕਬੀਰੁ ਜੀਤਿ ਕੈ ਹਾਰਿ ॥*
*ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ਅੰਗ – ੧੧੫੯*

ਉੱਚੀ-ਉੱਚੀ ਸੰਤ ਹਾਕਾਂ ਮਾਰ-ਮਾਰ ਕੇ ਸੰਸਾਰ ਨੂੰ ਸਮਝਾਉਂਦੇ ਨੇ, ਕੋਈ ਵਿਰਲਾ ਪੁਰਸ਼ ਹੈ ਜਿਹਦੀ ਗੱਲ ਸਮਝ ਵਿਚ ਆਉਂਦੀ ਹੈ। ਨਹੀਂ ਤਾਂ ਉਥੇ ਦੀ ਉਥੇ, ਪਰਨਾਲਾ ਕਹਿੰਦੇ ਥਾਂ ਦੀ ਥਾਂ। ਪੰਚਾਂ ਦਾ ਕਿਹਾ ਸਿਰ ਮੱਥੇ। ਗੱਲ ਤਾਂ ਬਣੀ ਨਾ ਇਹਦੇ ਵਿਚ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਭਾਈ ਤੀਰਥ! ਇਹ ਮਾਨਸ ਜਨਮ ਇਸ ਤਰ੍ਹਾਂ ਨਹੀਂ ਹੈ ਕਿ ਇਹਨੂੰ ਐਵੇਂ ਜਿਵੇਂ ਗਵਾ ਦਿਓ। ਅਗਲਾ ਪਾਸਾ ਸੰਵਾਰੋ ਜਿਥੇ ਆਪਾਂ ਜਾਣਾ ਹੈ। ਜੇ ਉਹ ਨਹੀਂ ਸੰਵਾਰਦੇ ਫੇਰ ਕੋਈ ਗੱਲ ਨਹੀਂ ਬਣਦੀ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਗੁਰਸਤੋਤਰ, ਅਨੰਦ ਸਾਹਿਬ, ਅਰਦਾਸ, ਹੁਕਮਨਾਮਾ।

*(ਵੀਡੀਓ ਫਿਲਮ ਦੀਵਾਨ ਨੰ: 117 ਦੀ ਬਾਕੀ)*

# ਗੁਰੂ ਰਾਮਦਾਸ ਦਰਸ਼ਨ

*ਪ੍ਰੋ. ਪੂਰਨ ਸਿੰਘ*

## ਸ੍ਰੀ ਗੁਰੂ ਰਾਮਦਾਸ ਤੇ ਬਾਬਾ ਸ੍ਰੀ ਚੰਦ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ, ਬਾਬਾ ਸ੍ਰੀ ਚੰਦ ਜੀ ਆਪਣੀ ਚਲਾਈ ਹੋਈ ਸੰਪਰਦਾਇ ਦੇ ਮੁਖੀ ਸਨ। ਉਹ ਦੇਸ਼ ਵਿਚ ਪ੍ਰਸਿੱਧ ਰਹੱਸਵਾਦੀ ਮਹਾਂਪੁਰਸ਼ ਦੇ ਰੂਪ ਵਿਚ ਭਰਮਣ ਕਰਦੇ ਸਨ। ਆਪਣੀ ਇਕ ਯਾਤਰਾ ਸਮੇਂ ਬਾਬਾ ਸ੍ਰੀ ਚੰਦ ਜੀ, ਸ੍ਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਲਈ ਅੰਮ੍ਰਿਤਸਰ ਆਏ। ਸ੍ਰੀ ਗੁਰੂ ਰਾਮਦਾਸ ਜੀ ਦੇ ਲੰਬੇ ਦਾੜ੍ਹੇ ਨੂੰ ਵੇਖ ਕੇ ਬਾਬਾ ਸ੍ਰੀ ਚੰਦ ਨੇ ਮਖੌਲ ਵਜੋਂ ਕਿਹਾ, ਇਸ ਨੂੰ ਵਧਾ ਕੇ ਕਿਉਂ ਰੱਖਿਆ ਜੇ? "ਆਪ ਜੀ ਦੇ ਪਵਿੱਤਰ ਚਰਨਾਂ ਦੀ ਧੂੜ ਨੂੰ ਝਾੜਨ ਲਈ। ਸ੍ਰੀ ਗੁਰੂ ਰਾਮਦਾਸ ਜੀ ਨੇ ਉੱਤਰ ਦਿਤਾ। ਬਾਬਾ ਸ੍ਰੀ ਚੰਦ ਜੀ ਕਹਿਣ ਲੱਗੇ, ਇਹੀ ਕਰਾਮਾਤ ਹੈ ਜਿਸ ਨੇ ਤੁਹਾਨੂੰ ਏਡਾ ਵੱਡਾ ਤੇ ਮੈਨੂੰ ਏਡਾ ਛੋਟਾ ਬਣਾ ਦਿਤਾ ਹੈ।

## ਸ੍ਰੀ ਗੁਰੂ ਰਾਮਦਾਸ ਜੀ ਦਾ ਅੰਮ੍ਰਿਤਸਰ ਵਸਾਉਣਾ

ਸ੍ਰੀ ਗੁਰੂ ਰਾਮਦਾਸ ਜੀ ਨੇ ਬੇਰੀਆਂ ਦੀਆਂ ਝੰਗੀਆਂ ਦੀ ਸੰਘਣੀ ਛਾਂ ਹੇਠਾਂ ਇਕ ਇਕਾਂਤ ਜਿਹੀ ਥਾਂ ਨੂੰ ਸਿੱਖਾਂ ਲਈ ਇਕ ਨਵਾਂ ਨਗਰ ਵਸਾਉਣ ਲਈ ਚੁਣਿਆ। ਇਹ ਥਾਂ ਉਨ੍ਹਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਕਹਿਣ ਉਤੇ, ਗੋਇੰਦਵਾਲ ਨੂੰ ਛੱਡ ਕੇ ਆਣ ਵਸਾਇਆ। ਇਥੇ ਉਨ੍ਹਾਂ ਨੇ ਇਕ ਵੱਡੇ ਸਰੋਵਰ ਦੀ ਖੁਦਾਈ ਸ਼ੁਰੂ ਕੀਤੀ ਜਿਸ ਨੇ ਐਨ ਵਿਚਕਾਰ ਕੇਂਦਰੀ ਹਰਿਮੰਦਰ ਬਣਾਉਣ ਦਾ ਸੰਕਲਪ ਸੀ। ਇਹ ਉਹ ਥਾਂ ਹੈ ਜਿਥੇ ਹੁਣ ਸ਼ਹਿਰ ਅੰਮ੍ਰਿਤਸਰ ਵਸ ਰਿਹਾ ਹੈ। ਉਨ੍ਹਾਂ ਦੇ ਸ਼ੁਰੂ ਕੀਤੇ ਕੰਮ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਇਹ ਲਿਖਿਆ ਹੋਇਆ ਮਿਲਦਾ ਹੈ ਕਿ ਇਥੋਂ ਉਹ ਜਲ ਨਿਕਲਿਆ ਜੋ ਬਹੁਤ ਸਾਰੇ ਰੋਗਾਂ ਨੂੰ ਦੂਰ ਕਰ ਸਕਦਾ ਹੈ। ਗੁਰੂ ਜੀ ਵਲ ਵੇਖ ਕੇ ਬਹੁਤ ਸਾਰੇ ਭਰਮਣ ਕਰ ਰਹੇ ਸਿੱਖ ਵੀ ਇਥੇ ਆ ਵਸੇ। ਅੱਜ ਦੇ ਦਿਨ ਤਕ, ਇਸ ਨਗਰ ਦੇ ਨਿਵਾਸੀ ਹਰ ਦੁਖ ਤੇ ਬਿਪਤਾ ਸਮੇਂ ਸ੍ਰੀ ਗੁਰੂ ਰਾਮਦਾਸ ਦੇ ਚਰਨਾਂ ਤੇ ਅਰਦਾਸ ਕਰਦੇ ਹਨ। ਇਹ ਜਗ੍ਹਾ ਦੀ ਚੋਣ ਇੰਨੀ ਚੰਗੀ ਅਤੇ ਪਵਿੱਤਰ ਆਤਮਾਵਾਂ ਦੇ ਨਿਵਾਸ ਕਾਰਨ, ਏਨੀ ਬਖਸ਼ਿਸ਼ ਭਰਪੂਰ ਹੋ ਗਈ ਕਿ ਅੰਮ੍ਰਿਤਸਰ ਦਾ ਸ਼ਹਿਰ ਸਾਰੇ ਪ੍ਰਾਂਤ ਵਿਚ ਉਦਯੋਗ ਤੇ ਵਪਾਰ ਦਾ ਨਿਤ ਵਧਦਾ ਕੇਂਦਰ ਬਣ ਗਿਆ। ਸਾਰੇ ਆਲੇ-ਦੁਆਲੇ ਦੇ ਪਿੰਡਾਂ ਨਾਲੋਂ ਇਸ ਦੀ ਭੂਮੀ ਤੇ ਜਲ ਵਾਯੂ ਏਨੀ ਭਿੰਨ ਤੇ ਉਪਜਾਊ ਹੈ ਕਿ ਏਥੇ ਕਸ਼ਮੀਰ ਦੀਆਂ ਨਾਸ਼ਪਤੀਆਂ, ਕੋਇਟੇ ਦੇ ਆੜੂ ਤੇ ਅਰਧ-ਪਹਾੜੀ ਪਰਦੇਸ਼ਾਂ ਦੇ ਕਈ ਫਲ ਫੁਲ ਆਦਿ ਉਗਾਏ ਜਾ ਸਕਦੇ ਹਨ। ਸਾਰਾ ਸ਼ਹਿਰ ਸੰਤਰਿਆਂ ਤੇ ਹੋਰ ਫਲਦਾਰ ਬੂਟਿਆਂ ਦੇ ਬਾਗ਼ਾਂ ਨਾਲ ਘਿਰਿਆ ਹੋਇਆ ਹੈ। ਜੋ ਕਮਾਈ ਲਈ ਲਗਾਏ ਜਾਂਦੇ ਹਨ। ਹੁਣ ਵੀ ਅੰਮ੍ਰਿਤਸਰ ਦੇ ਫਲ ਕਲਕੱਤੇ ਦੀ ਮੰਡੀ ਤਕ ਪੁੱਜਦੇ ਹਨ।

ਫਲ ਉਪਜਾਊ ਤੇ ਫਲਾਂ ਨਾਲ ਭਰਿਆ ਤੇ ਹਰਿਮੰਦਰ ਦੇ ਨਿਤ ਗੂੰਜਦੇ ਸੰਗੀਤ ਦਾ ਇਹ ਸ਼ਹਿਰ ਅੰਮ੍ਰਿਤਸਰ, ਠੀਕ ਹੀ ਅਮਰ ਕਰ ਦੇਣ ਵਾਲੇ ਅੰਮ੍ਰਿਤ ਦਾ ਸਰੋਵਰ ਹੈ।

## ਸ੍ਰੀ ਗੁਰੂ ਰਾਮਦਾਸ ਤੇ ਸ੍ਰੀ ਅਰਜਨ ਦੇਵ ਜੀ

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਸਭ ਤੋਂ ਛੋਟੇ ਸਪੁੱਤਰ ਵਿਚ ਪ੍ਰਭੂ ਪ੍ਰੀਤਮ ਦਾ ਅਨੁਭਵ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਦੀ ਵੀ ਇਹੀ ਪੇਸ਼ੀਨਗੋਈ ਸੀ। ਜਦੋਂ ਅਰਜਨ ਦੇਵ ਜੀ ਹਾਲੀਂ ਛੋਟੇ ਬਾਲ ਸਨ ਤਾਂ ਰਿੜ੍ਹਦੇ-ਰਿੜ੍ਹਦੇ ਉਹ ਉਸ ਥਾਲ ਨੂੰ ਮਾਰਨ ਲਗ ਜਾਂਦੇ ਜਿਸ ਵਿਚੋਂ ਕਿ ਸ੍ਰੀ ਗੁਰੂ ਅਮਰਦਾਸ ਜੀ ਪ੍ਰਸ਼ਾਦਿ ਛਕ ਰਹੇ ਹੁੰਦੇ। ਤਾਂ ਸ੍ਰੀ ਗੁਰੂ ਅਮਰਦਾਸ ਜੀ ਬਚਨ ਕਰਦੇ ਬੱਚੇ! ਇੰਨਾਂ ਬੇਸਬਰਾ ਕਿਉਂ ਹੁੰਦਾ ਏਂ? ਤੂੰ ਵੀ ਇਸ ਥਾਲ ਵਿਚੋਂ ਪ੍ਰਸ਼ਾਦ ਛਕੇਂਗਾ।

ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਗਿਆ ਕੀਤੀ ਕਿ ਲਾਹੌਰ ਜਾ ਕੇ ਨਿਵਾਸ ਰਖਣ ਅਤੇ ਉੱਨਾ ਚਿਰ ਤਕ ਉਥੇ ਹੀ ਰਹਿਣ ਜਦੋਂ ਤਕ ਕਿ ਉਨ੍ਹਾਂ ਨੂੰ ਬੁਲਾਇਆ ਨਾ ਜਾਵੇ। ਸ੍ਰੀ ਅਰਜਨ ਦੇਵ ਜੀ ਲਈ ਇਹ ਇਕ ਵੱਡੀ ਆਤਮਕ ਪੀੜਾ ਸੀ। ਪਰ ਉਹ ਆਗਿਆਪਾਲ ਸਨ, ਇਸ ਲਈ ਲਾਹੌਰ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਦੀ ਵਿਦਾਇਗੀ ਸਮੇਂ ਮਾਤਾ ਭਾਨੀ ਜੀ ਨੇ ਆਪਣੇ ਪੁੱਤਰ ਨੂੰ ਅਸੀਸ ਦਿਤੀ। ਜਿਸ ਵਿਚ ਉਨ੍ਹਾਂ ਨੇ ਆਪਣਾ ਮਾਤ-ਪ੍ਰੇਮ ਦਾ ਸੰਦੇਸ਼ ਦਿਤਾ। ਇਸ ਨੂੰ ਪਿਛੋਂ ਸੰਗੀਤਮਈ ਛੰਦ-ਰਚਨਾ ਵਿਚ ਸੰਕਲਿਤ ਕਰਕੇ ਸਿੱਖ ਮੰਡਲ ਨੇ ਆਦਰਸ਼ਕ ਸਿੱਖ ਮਾਤਾ ਵਲੋਂ ਆਪਣੇ ਪੁੱਤਰ ਨੂੰ ਦਿਤੀ ਗਈ ਸਭ ਤੋਂ ਸੂਖਮ ਅਸੀਸ ਦੇ ਰੂਪ ਵਿਚ ਇਸ ਨੂੰ ਸਾਂਭਿਆ ਹੋਇਆ ਹੈ -

*ਪੂਤਾ ਮਾਤਾ ਕੀ ਆਸੀਸ ॥*

*ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ*
*ਸਦਾ ਭਜਹੁ ਜਗਦੀਸ ॥ ੧ ॥ ਰਹਾਉ ॥*
*ਸਤਿਗੁਰੁ ਤੁਮ੍ ਕਉ ਹੋਇ ਦਇਆਲਾ*
*ਸੰਤਸੰਗਿ ਤੇਰੀ ਪ੍ਰੀਤਿ ॥ ਕਾਪੜੁ ਪਤਿ ਪਰਮੇਸਰੁ ਰਾਖੀ*
*ਭੋਜਨੁ ਕੀਰਤਨੁ ਨੀਤਿ ॥ ੨ ॥*
*ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ*
*ਹਰਿ ਸਿਮਰਤ ਅਨਦ ਅਨੰਤਾ ॥*
*ਰੰਗ ਤਮਾਸਾ ਪੂਰਨ ਆਸਾ*
*ਕਬਹਿ ਨ ਬਿਆਪੈ ਚਿੰਤਾ ॥ ੩ ॥*
*ਭਵਰੁ ਤੁਮ੍ਾਰਾ ਇਹੁ ਮਨੁ ਹੋਵਉ*
*ਹਰਿ ਚਰਣਾ ਹੋਹੁ ਕਉਲਾ ॥*
*ਨਾਨਕ ਦਾਸੁ ਉਨਿ ਸੰਗਿ ਲਪਟਾਇਓ*
*ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥ ੪ ॥ ੩ ॥ ੪ ॥*

*ਅੰਗ – ੪੯੬*

## ਸਿੱਖ ਦਾ ਜਲਾਵਤਨੀ ਵਿਚ ਰਹਿਣਾ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜਲਾਵਤਨੀ ਉਸੇ ਤਰ੍ਹਾਂ ਦਾ ਵਿਛੋੜਾ ਸੀ, ਜਿਸ ਤਰ੍ਹਾਂ ਦਾ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਕਰਤਾਰਪੁਰ ਛੱਡਣ ਸਮੇਂ, ਸ੍ਰੀ ਗੁਰੂ ਅਮਰਦਾਸ ਜੀ ਨੂੰ ਖਡੂਰ ਸਾਹਿਬ ਛੱਡਣ ਸਮੇਂ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੋਇੰਦਵਾਲ ਛੱਡਣ ਸਮੇਂ ਅਨੁਭਵ ਹੋਇਆ ਸੀ।

ਲਾਹੌਰ ਤੋਂ ਉਨ੍ਹਾਂ ਨੇ ਗੁਰੂ ਜੀ ਨੂੰ ਆਪਣੀਆਂ ਪ੍ਰਸਿੱਧ ਚਿੱਠੀਆਂ ਲਿਖ ਭੇਜੀਆਂ। ਪਰ ਵੱਡੇ ਭਾਈ ਨੇ ਉਹ ਚਿੱਠੀਆਂ ਕਾਬੂ ਕਰ ਲਈਆਂ ਅਤੇ ਗੁਰੂ ਜੀ ਤਕ ਪਹੁੰਚਣ ਨਾ ਦਿਤੀਆਂ। ਜਦੋਂ ਅੰਕ '3' ਵਾਲੀ ਚਿੱਠੀ ਕਿਸੇ ਤਰ੍ਹਾਂ ਗੁਰੂ ਜੀ ਤਕ ਪੁੱਜ ਗਈ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਤੋਂ ਵਾਪਸ ਬੁਲਾ ਲਿਆ। ਵਾਪਸੀ ਉਤੇ ਗੁਰੂ ਪਿਤਾ ਜੀ ਨੇ ਪੁੱਛਿਆ ਕਿ ਪਹਿਲੀ ਚਿੱਠੀ ਉਤੇ ਹੀ ਅੰਕ '3' ਕਿਉਂ ਲਿਖਿਆ ਗਿਆ ਸੀ। ਸੱਚ ਦਾ ਨਿਸਤਾਰਾ ਹੋ ਗਿਆ। ਪ੍ਰਿਥੀ ਚੰਦ ਨੂੰ ਪਹਿਲੀਆਂ ਲੁਕਾਈਆਂ ਹੋਈਆਂ ਚਿੱਠੀਆਂ ਦੇ ਦੇਣ ਲਈ ਮਜਬੂਰ ਕੀਤਾ ਗਿਆ। ਇਹ ਉਚਤਮ ਪੱਧਰ ਦੀ ਕਾਵਿ ਰਚਨਾ ਦਾ ਨਮੂਨਾ ਸਨ। ਇਨ੍ਹਾਂ ਨੂੰ ਸੰਗੀਤਬੱਧ ਰੂਪ ਦੇ ਦਿਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਪਰਤਣ ਉਤੇ ਬਹੁਤ ਖੁਸ਼ੀਆਂ ਕੀਤੀਆਂ ਗਈਆਂ।

*ਮੇਰਾ ਮਨ ਲੋਚੈ ਗੁਰ ਦਰਸਨ ਤਾਈ ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ ॥ ੧ ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ ॥ ੧ ॥ ਰਹਾਉ ॥*
*ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥*
*ਚਿਰੁ ਹੋਆ ਦੇਖੇ ਸਾਰਿੰਗਪਾਣੀ ॥*
*ਧੰਨੁ ਸੁ ਦੇਸੁ ਜਹਾ ਤੂੰ ਵਸਿਆ*
*ਮੇਰੇ ਸਜਣ ਮੀਤ ਮੁਰਾਰੇ ਜੀਉ ॥ ੨ ॥*
*ਹਉ ਘੋਲੀ ਹਉ ਘੋਲਿ ਘੁਮਾਈ*
*ਗੁਰ ਸਜਣ ਮੀਤ ਮੁਰਾਰੇ ਜੀਉ ॥ ੧ ॥ ਰਹਾਉ ॥*
*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ ॥ ੩ ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸੁ ਸਚੇ ਗੁਰ ਦਰਬਾਰੇ ਜੀਉ ॥ ੧ ॥ ਰਹਾਉ ॥*
*ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥*
*ਸੇਵ ਕਰੀ ਪਲੁ ਚਸਾ ਨ ਵਿਛੁੜਾ*
*ਜਨ ਨਾਨਕ ਦਾਸ ਤੁਮਾਰੇ ਜੀਉ ॥ ੪ ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥ ੧ ॥ ੮ ॥*

*ਅੰਗ – ੯੬*

## ਪੁੱਤਰ ਨੂੰ ਗੁਰਿਆਈ

ਲਾਹੌਰ ਤੋਂ ਘਰ ਪਰਤਣ ਸਮੇਂ, ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗਲਵਕੜੀ ਵਿਚ ਲੈ ਕੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਖਤ ਬਖਸ਼ ਦਿਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਮਰਿਯਾਦਾ ਪੂਰਵਕ ਭੇਟਾ ਅਰਪਣ ਕੀਤੀ ਅਤੇ ਭਾਈ ਬੁੱਢਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਹਾਨੀ ਪਾਤਸ਼ਾਹੀ ਤਿਲਕ ਲਾਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਬਚਨ ਕੀਤਾ, (ਗੁਰੂ) ਅਰਜਨ (ਦੇਵ) ਜੀ, ਸਾਰੀ ਪ੍ਰਿਥਵੀ ਦੇ ਗੁਰੂ ਬਣ ਗਏ ਹਨ। ਉਨ੍ਹਾਂ ਦੇ ਤਖ਼ਤ ਤੋਂ ਪ੍ਰਕਾਸ਼ ਪਸਰ ਕੇ ਸਾਰੇ ਸੰਸਾਰ ਨੂੰ ਰੌਸ਼ਨ ਕਰ ਰਿਹਾ ਹੈ।

## ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ

ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ, ਪ੍ਰੀਤ ਦੀ ਵਹਿੰਦੀ ਨਦੀ ਸਮਾਨ ਹੈ। ਜਿਸ ਦੀ ਸੀਤਲ ਮਧੁਰ ਧੁਨੀ, ਪ੍ਰੀਤਮ ਲਈ ਤੜਪਦੀ ਅਤੇ ਉਸ ਦੇ ਦਰਸ਼ਨ ਦੀ ਝਲਕ ਦੇ ਕੀਲ ਲੈਣ ਵਾਲੇ ਜਾਦੂ ਅਸਰ ਨੂੰ ਗਾਉਂਦੀ ਹੈ। ਇਹ ਪ੍ਰਭੂ ਪ੍ਰੀਤਮ ਦੀ ਪਤਨੀ ਦੇ ਮੂੰਹੋਂ ਅਖਵਾਈ ਗਈ ਹੈ ਜੋ ਉਸ ਦੇ ਦਰਸ਼ਨ ਦੀ ਇਕ ਝਲਕ ਲਈ ਸਹਿਕਦੀ ਹੈ ਅਤੇ ਫਿਰ ਇਕ ਹੋਰ ਝਲਕ ਲਈ। ਗੁਰੂ ਜੀ ਦਾ ਰੱਬੀ ਸੰਗੀਤ, ਸਮੂੰਹ ਸੰਗਤ ਦੀ ਆਤਮਾ ਨੂੰ ਥਰਥਰਾ ਦਿੰਦਾ ਹੈ ਅਤੇ ਉਨ੍ਹਾਂ ਦਾ ਗੀਤ ਹਰ ਇਕ ਨੂੰ ਪਵਿੱਤਰ ਕਰ ਦਿੰਦਾ ਹੈ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-43)*

ਸਿਰੀਰਾਗੁ ਮਹਲਾ ੧ ਘਰੁ ੩ ॥
ਜੋਗੀ ਅੰਦਰਿ ਜੋਗੀਆ ॥
ਤੂੰ ਭੋਗੀ ਅੰਦਰਿ ਭੋਗੀਆ ॥

ਹੇ ਪਰਮੇਸ਼ਰ! ਤੂੰ ਜੋਗੀ=ਯੋਗਭਯਾਸੀ ਆਤਮਾ ਵਿਚ ਜੁੜੇ ਹੋਏ ਪੁਰਸ਼ਾਂ ਅੰਦਰ ਜੋਗੀ ਰੂਪ ਹੋ ਕੇ ਬਿਰਾਜਮਾਨ ਹੋ ਰਿਹਾ ਹੈਂ।

ਮਾਇਆ ਦੇ ਭੋਗੀ=ਭੋਗਣ ਵਾਲਿਆਂ ਦੇ ਅੰਦਰਿ=ਵਿਚ ਵੀ ਤੂੰ ਹੀ ਪਦਾਰਥ ਭੋਗੀਆ=ਭੋਗ ਰਿਹਾ ਹੈਂ। ਇਸ ਪ੍ਰਕਾਰ ਹੇ ਸੱਚੇ ਪਾਤਸ਼ਾਹ ਜੀ! ਤੂੰ ਸਾਰਿਆਂ ਵਿਚ ਸਰਬ ਰੂਪ ਹੋ ਕੇ ਵਰਤ ਰਿਹਾ ਹੈਂ ਅਥਵਾ ਜੋਗੀਆਂ ਨੇ ਜੋ ਜੋਗੀਆ=ਜੁੜਨਾ ਹੈ, ਭਾਵ ਚਿਤ ਦੀ ਇਕਾਗਰਤਾ ਹੋਣੀ ਹੈ, ਜਿਸ ਨੂੰ ਪਤੰਜਲੀ ਨੇ ਜੋਗ ਦਸਿਆ ਹੈ। ਚਿਤ ਬਿਰਤੀਆਂ ਨੂੰ ਰੋਕ ਲੈਣਾ ਜੋਗ ਹੈ।

ਤੇਰਾ ਅੰਤੁ ਨ ਪਾਇਆ
ਸੁਰਗਿ ਮਛਿ ਪਇਆਲਿ ਜੀਉ ॥੧॥

ਹੇ ਸੱਚੇ ਪਾਤਸ਼ਾਹ ਜੀ! ਤੂੰ ਐਨਾ ਬੇਅੰਤ ਹੈਂ ਕਿ ਨਾ ਸਵਰਗ ਦੇ ਦੇਵੀ ਦੇਵਤਿਆਂ ਨੇ, ਨਾ ਮਛਿ=ਮਾਤ ਲੋਕ ਨੇ ਅਤੇ ਨਾ ਪਇਆਲਿ=ਪਾਤਾਲ ਲੋਕ ਨੇ ਕਿਸੇ ਨੇ ਵੀ ਤੇਰਾ ਅੰਤ ਨਹੀਂ ਪਾਉਣਾ ਕੀਤਾ। ਅਰਥਾਤ ਭੋਗੀ ਲੋਕ ਪਦਾਰਥਾਂ ਨੂੰ ਭੋਗਦੇ ਹਨ ਅਤੇ ਜੋਗੀ ਲੋਕ ਜੋਗ ਸਾਧਨਾ ਕਰਦੇ ਹਨ। ਫਿਰ ਵੀ ਜੋਗੀਆਂ ਅਤੇ ਭੋਗੀਆਂ ਨੇ ਤੇਰਾ ਅੰਤ ਨਹੀਂ ਪਾਇਆ। ਸਵਰਗ ਲੋਕ ਦੇ ਅੰਦਰ ਦੇਵੀ ਦੇਵਤੇ ਹਨ ਅਤੇ ਇੰਦਰ ਉਨ੍ਹਾਂ ਤੇਤੀ ਕਰੋੜ ਦੇਵੀ ਦੇਵਤਿਆਂ ਦਾ ਰਾਜਾ ਹੈ। ਬ੍ਰਹਸਪਤੀ ਲੋਕ ਦੇ ਅੰਦਰ ਦੇਵੀ ਦੇਵਤੇ ਹਨ ਅਤੇ ਇੰਦਰ ਉਨ੍ਹਾਂ ਤੇਤੀ ਕਰੋੜ ਦੇਵੀ ਦੇਵਤਿਆਂ ਦਾ ਰਾਜਾ ਹੈ। ਬ੍ਰਹਸਪਤੀ ਉਨ੍ਹਾਂ ਦਾ ਗੁਰੂ ਹੈ ਅਤੇ ਪਾਤਾਲ ਦਾ ਰਾਜਾ ਬਲ ਰਾਜਾ ਹੈ। ਮਛਿ=ਮਾਤ ਲੋਕ, ਜਿਵੇਂ ਪਾਣੀ ਦੇ ਵਿਚਾਲੇ ਮੱਛ ਰਹਿੰਦਾ ਹੈ। ਇਹ ਲੋਕ ਵਿਚਕਾਰ ਹੋਣ ਕਰਕੇ ਪਾਤਸ਼ਾਹ ਨੇ ਇਸ ਨੂੰ ਮੱਛ ਲੋਕ, ਮੱਛੀ ਲੋਕ, ਮੱਛਤ ਲੋਕ ਦਾ ਨਾਮ ਵਰਤਿਆ ਹੈ। ਮੱਛਤ ਸ਼ਬਦ ਕੱਚਾ ਪ੍ਰਯੋਗ ਹੈ ਅਤੇ ਮੱਚ ਪੱਕਾ ਪ੍ਰਯੋਗ ਹੈ। ਮੱਛਤ ਨਾਮ ਵੀ ਮੱਛੀ ਦਾ ਹੈ। ਇਸ ਕਰਕੇ ਮਹਾਰਾਜ ਜੀ ਨੇ ਛੱਛੇ ਦੇ ਨਾਲ ਮਛਿ ਸ਼ਬਦ ਵਰਤਿਆ ਹੈ। ਇਸ ਤਰ੍ਹਾਂ ਮਛਿ=ਮੱਧ ਲੋਕ ਭਾਵ ਮਾਤ ਲੋਕ ਵਿਚ ਵੀ ਤੂੰ ਆਪ ਹੀ ਵਰਤ ਰਿਹਾ ਹੈਂ।

ਹਉ ਵਾਰੀ ਹਉ ਵਾਰਣੈ
ਕੁਰਬਾਣੁ ਤੇਰੇ ਨਾਵ ਨੋ ॥੧॥ ਰਹਾਉ ॥

ਹੇ ਸੱਚੇ ਪਾਤਸ਼ਾਹ ਜੀ! ਹਉ=ਅਸੀਂ ਆਪ ਜੀ ਤੋਂ ਵਾਰੀ=ਕੁਰਬਾਨ ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਹਉ=ਹਉਮੈ ਨੂੰ ਵਾਰਣੈ=ਖਤਮ ਕਰਨਾ ਕੀਤਾ ਹੈ ਵਾ: ਅਸੀਂ ਮਨ, ਬਾਣੀ, ਸਰੀਰ ਕਰਕੇ ਵਾਰਣੈ=ਬਲਿਹਾਰ ਜਾਂਦੇ ਹਾਂ। ਹੇ ਪਰਮੇਸ਼ਰ! ਜਿਵੇਂ ਆਪ ਜੀ ਪਵਿੱਤਰ ਹੋ, ਉਸੇ ਤਰ੍ਹਾਂ ਆਪ ਜੀ ਦਾ ਨਾਮ ਵੀ ਪਵਿੱਤਰ ਹੈ। ਅਸੀਂ ਤੇਰੇ ਨਾਮ ਨੋ=ਤੋਂ ਵੀ ਕੁਰਬਾਣੁ=ਬਲਿਹਾਰ ਜਾਂਦੇ ਹਾਂ, ਜਿਸ ਨਾਮ ਕਰਕੇ ਤੇਰੇ ਸਰੂਪ ਦੀ ਸਾਖਿਆਤਤਾ ਹੁੰਦੀ ਹੈ।

ਤੁਧੁ ਸੰਸਾਰੁ ਉਪਾਇਆ ॥
ਸਿਰੇ ਸਿਰਿ ਧੰਧੇ ਲਾਇਆ ॥

ਹੇ ਪਰਮੇਸ਼ਰ ਜੀਉ! ਜਿਵੇਂ ਜਲ ਵਿਚੋਂ ਲਹਿਰ ਉਠਦੀ ਹੈ, ਉਸੇ ਤਰ੍ਹਾਂ ਤੁਧੁ=ਤੁਸੀਂ ਇਸ ਸੰਸਾਰ ਨੂੰ ਆਪਣੇ ਵਿਚੋਂ ਹੀ ਉਪਾਇਆ=ਉਤਪੰਨ ਕੀਤਾ ਹੈ ਅਤੇ ਜੀਵਾਂ ਨੂੰ ਸਿਰੇ ਸਿਰਿ=ਸਿਰਜ-ਸਿਜਰ ਭਾਵ ਰਚ-ਰਚ ਕੇ ਧੰਧੇ=ਕਾਰਜਾਂ ਵਿਚ ਲਾਇਆ=ਲਗਾਇਆ ਹੋਇਆ ਹੈ। ਭਾਵ ਜਿਹੋ ਜਿਹੀ ਕਿਸੇ ਦੀ ਵਾਸਨਾ ਸੀ, ਉਹੋ ਜਿਹੇ ਧੰਦਿਆਂ ਵਿਚ ਆਪ ਜੀ ਨੇ ਸੰਸਾਰ ਦੇ ਲੋਕਾਂ ਨੂੰ ਲਾਉਣਾ ਕੀਤਾ ਹੈ।

ਵੇਖਹਿ ਕੀਤਾ ਆਪਣਾ
ਕਰਿ ਕੁਦਰਤਿ ਪਾਸਾ ਢਾਲਿ ਜੀਉ ॥੨॥

ਹੇ ਪਰਮੇਸ਼ਰ! ਤੂੰ ਆਪਣੀ ਕੁਦਰਤਿ=ਸ਼ਕਤੀ ਕਰਿ=ਕਰਕੇ ਸੰਸਾਰ ਰੂਪ ਪਾਸਾ=ਚੌਪੜ ਦੀ ਖੇਡ ਦੀ ਗੋਟ ਭਾਵ ਜੀਵ ਰੂਪ ਨਰਦਾਂ ਸੁੱਟ ਕੇ ਤ੍ਰਿਗੁਣਤਾ ਰੂਪ ਪਾਸਾ ਆਪ ਹੀ ਢਾਲ ਰਿਹਾ ਹੈਂ ਅਤੇ ਆਪਣੇ ਪੈਦਾ ਕੀਤੇ ਹੋਏ ਪਰਪੰਚ ਨੂੰ ਆਪ ਹੀ ਵੇਖਹਿ=ਦੇਖਦਾ ਤੇ ਪਾਲਣਾ ਕਰਦਾ ਹੈ ਵਾ: ਜਿਨ੍ਹਾਂ ਦਾ ਉਸ ਪਰਮੇਸ਼ਰ ਵਲ ਪਾਸਾ ਢਾਲਿ=ਢਲਿਆ ਹੋਇਆ ਹੈ, ਉਨ੍ਹਾਂ ਦਾ ਪਰਮੇਸ਼ਰ ਨੇ ਤਿੰਨਾਂ ਗੁਣਾਂ ਵੱਲੋਂ ਆਪਣੇ ਵੱਲ ਪ੍ਰੇਮ ਨਾਲ ਪਾਸਾ ਢਾਲ ਲਿਆ ਹੈ। ਉਹ ਉਸ ਦੇ ਪ੍ਰੇਮ ਵਿਚ ਮਗਨ ਹੋ ਜਾਂਦੇ ਹਨ।

ਜਿਵੇਂ ਸੋਨਾ ਢਾਲ ਕੇ ਡਲੀ ਦਾ ਰੂਪ ਧਾਰਨ ਕਰ ਲੈਂਦਾ ਹੈ, ਉਸੇ ਤਰ੍ਹਾਂ ਉਹ ਜੀਵ ਭਾਵ ਤੋਂ ਢਲ ਕੇ ਬ੍ਰਹਮ ਰੂਪ ਬਣ ਜਾਂਦੇ ਹਨ। ਇਸ ਤਰ੍ਹਾਂ ਜਿਨ੍ਹਾਂ ਨੇ ਤਿੰਨਾਂ ਗੁਣਾਂ ਵੱਲੋਂ ਭਾਵ ਸਰਵਣ, ਮੰਨਣ, ਨਿਧਿਆਸਣ ਵਲ ਪਾਸਾ ਢਾਲ ਦਿਤਾ ਹੈ, ਉਹ ਦੇਹ ਅਭਿਮਾਨ ਵੱਲੋਂ ਢਲਕ ਕੇ ਆਪਣੇ ਸਰੂਪ ਨੂੰ ਵੇਖਦੇ ਹਨ।

ਪਰਗਟਿ ਪਾਹਾਰੈ ਜਾਪਦਾ ॥

ਹੇ ਮਹਾਰਾਜ! ਤੂੰ ਪਾਹਾਰੈ=ਪਸਾਰੇ ਵਿਚ ਪਰਗਟਿ=ਦਿਸਣ ਵਾਲਾ ਜਾਪਦਾ=ਜਾਣਿਆ ਜਾਂਦਾ ਹੈਂ। ਤੂੰ ਸਾਰੇ ਪਸਾਰੇ ਵਿਚ ਪ੍ਰਗਟ ਸਰੂਪ ਹੈਂ। ਤੇਰਾ ਪ੍ਰਤਾਪ ਸਾਰੀ ਦੁਨੀਆਂ ਜਾਣਦੀ ਹੈ। ਸਾਰੇ ਤੇਰੇ ਹੀ ਭੈ ਵਿਚ ਹਨ। ਇਸ ਲਈ ਤੂੰ ਗੁਪਤ ਨਹੀਂ ਹੈਂ। ਤੇਰਾ ਪ੍ਰਤਾਪ ਸੰਸਾਰ ਵਿਚ ਪ੍ਰਗਟ ਰੂਪ ਵਿਚ ਦਿਸ ਰਿਹਾ ਹੈ, ਭਾਵ ਜਾਪਦਾ=ਜਾਣਿਆ ਜਾਂਦਾ ਹੈ।

ਸਭੁ ਨਾਵੈ ਨੋ ਪਰਤਾਪਦਾ ॥

ਹੇ ਪਰਮੇਸ਼ਰ! ਸਭੁ=ਸਾਰਾ ਜਗ ਹੀ ਤੇਰੇ ਨਾਵੈ=ਨਾਮ ਨੋ=ਨੂੰ ਪਰਤਾਪਦਾ=ਲੋਚਦਾ ਭਾਵ ਚਾਹੁੰਦਾ ਹੈ। ਕੋਈ ਜਲਧਾਰੇ ਕਰਦਾ ਹੈ, ਕੋਈ ਧੂਣੀਆਂ ਤਾਪਦਾ ਹੈ ਆਦਿ ਇਨ੍ਹਾਂ ਸਾਧਨਾਂ ਨੂੰ ਕਰਦੇ ਹਨ ਵਾ: ਪਰ=ਵਿਸ਼ੇਸ਼ ਕਰਕੇ ਪਸ਼ਚਾਤਾਪ ਕਰਦੇ ਹਨ ਕਿ ਮੈਨੂੰ ਹੁਣ ਤਕ ਨਾਮ ਕਿਉਂ ਨਹੀਂ ਮਿਲਿਆ।

ਸਤਿਗੁਰ ਬਾਝੁ ਨ ਪਾਇਓ
ਸਭ ਮੋਹੀ ਮਾਇਆ ਜਾਲਿ ਜੀਉ ॥ ੩ ॥

ਸਤਿਗੁਰ ਤੋਂ ਬਾਝੁ=ਬਗੈਰ ਅੰਮ੍ਰਿਤ ਨਾਮ ਨੂੰ ਕਿਸੇ ਨੇ ਵੀ ਨਹੀਂ ਪਾਇਆ। ਹੇ ਪਿਆਰੇ ਪਰਮੇਸ਼ਰ ਜੀ! ਜਿਵੇਂ ਸ਼ਿਕਾਰੀ ਜਾਲ ਪਾ ਕੇ ਪੰਛੀਆਂ ਨੂੰ ਫਸਾ ਲੈਂਦਾ ਹੈ, ਉਸੇ ਤਰ੍ਹਾਂ ਮਾਇਆ ਰੂਪ ਸ਼ਿਕਾਰੀ ਨੇ ਮੋਹ ਰੂਪ ਜਾਲ ਤੇ ਪਦਾਰਥਾਂ ਰੂਪ ਚੋਗਾ ਪਾ ਕੇ ਸਭ=ਸਾਰੀ ਸ੍ਰਿਸ਼ਟੀ ਮੋਹੀ=ਮੋਹਿਤ ਕੀਤੀ ਹੋਈ ਹੈ।

ਸਤਿਗੁਰ ਕਉ ਬਲਿ ਜਾਈਐ ॥

ਉਸ ਮੋਹ ਰੂਪੀ ਜਾਲ ਦੇ ਬੰਧਨ ਤੋਂ ਮੁਕਤ ਕਰਾਉਣ ਵਾਲੇ ਸੱਚੇ ਸਤਿਗੁਰਾਂ ਕਉ=ਤੋਂ ਬਲਿ=ਬਲਿਹਾਰ ਭਾਵ ਕੁਰਬਾਨ ਜਾਈਐ=ਜਾਣਾ ਕਰੀਏ।

ਜਿਤੁ ਮਿਲਿਐ ਪਰਮ ਗਤਿ ਪਾਈਐ ॥

ਕਿਉਂਕਿ ਜਿਸ ਗਰੀਬ ਨਿਵਾਜ਼ ਸਤਿਗੁਰਾਂ ਨਾਲ ਮਿਲ ਕੇ ਪਰਮ ਗਤਿ=ਕੈਵਲ ਮੋਖਸ਼ ਦੀ ਪ੍ਰਾਪਤੀ ਹੁੰਦੀ ਹੈ।

ਸੁਰਿ ਨਰ ਮੁਨਿ ਜਨ ਲੋਚਦੇ
ਸੋ ਸਤਿਗੁਰਿ ਦੀਆ ਬੁਝਾਇ ਜੀਉ ॥ ੪ ॥

ਜਿਸ ਪਰਮੇਸ਼ਰ ਦੇ ਪਵਿੱਤਰ ਸਰੂਪ ਨੂੰ ਸੁਰਿ=ਦੇਵਤੇ ਨਰ=ਪੁਰਸ਼ ਮੁਨਿ=ਮੁਨੀ ਮੰਨਣਸ਼ੀਲ ਅਤੇ ਜਨ=ਭਗਤ ਆਦਿ ਸਾਰੇ ਹੀ ਲੋਚਦੇ=ਚਾਹੁੰਦੇ ਹਨ, ਸੋ=ਉਹ ਸਰਬ ਵਿਆਪੀ ਸਰੂਪ ਜਿਸ ਨੂੰ ਸਾਰੇ ਚਾਹੁੰਦੇ ਹਨ, ਉਹ ਸਤਿਗੁਰਾਂ ਨੇ ਆਪਣੀ ਸੰਗਤ ਦੁਆਰਾ ਬੁਝਾਇ=ਸਮਝਾ ਦੀਆ=ਦਿਤਾ ਹੈ।

ਸਤਸੰਗਤਿ ਕੈਸੀ ਜਾਣੀਐ ॥

ਉਹ ਗੁਰਾਂ ਦੀ ਸਤਿਸੰਗਤ ਕੈਸੀ=ਕਿਹੋ ਜਿਹੀ ਜਾਣੀਐ=ਜਾਣੀਦੀ ਹੈ?

ਜਿਥੈ ਏਕੋ ਨਾਮੁ ਵਖਾਣੀਐ ॥

ਜਿਥੈ=ਜਿਸ ਥਾਂ 'ਤੇ ਦੇਸ਼ ਵਾਰਤਾ, ਕੌਮ ਵਾਰਤਾ, ਬਤੰਙਾਵਾਦ, ਆਦਿਕ ਸਾਰੇ ਕਲੇਸ਼ਾਂ ਦੀ ਬਜਾਏ ਇਕ ਪਰਮੇਸ਼ਰ ਦੇ ਨਾਮ ਦਾ ਹੀ ਵਖਾਣੀਐ=ਕਥਨ ਹੁੰਦਾ ਹੋਵੇ, ਉਸ ਨੂੰ ਸਤਿਸੰਗਤ ਕਹਿੰਦੇ ਹਨ। ਐਸੀ ਸੰਗਤ ਜਾਨਣਾ ਕਰੋ।

ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥ ੫ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਗੁਰਾਂ ਦੀ ਸੰਗਤ ਵਿਚ ਏਕੋ=ਇਕ ਪਰਮੇਸ਼ਰ ਦੇ ਨਾਮ ਨੂੰ ਜਪਣ ਦਾ ਹੀ ਹੁਕਮ ਹੈ, ਉਹ ਨਾਮ ਸਤਿਗੁਰੂ ਜੀ ਨੇ ਗੁਰਮੁਖ ਜਨਾਂ ਨੂੰ ਬੁਝਾਇ=ਸਮਝਾ ਦੀਆ=ਦਿਤਾ ਹੈ।

ਇਹੁ ਜਗਤੁ ਭਰਮਿ ਭੁਲਾਇਆ ॥

ਇਹ ਸਾਰੇ ਜਗਤੁ=ਸੰਸਾਰ ਨੂੰ ਮਾਇਆ ਨੇ ਭਰਮਿ=ਭੁਲੇਖੇ ਵਿਚ ਭੁਲਾਇਆ=ਭੁਲਾ ਰੱਖਿਆ ਹੈ।

ਆਪਹੁ ਤੁਧੁ ਖੁਆਇਆ ॥

ਹੇ ਪਰਮੇਸ਼ਰ! ਤੁਧੁ=ਤੁਸੀਂ ਆਪਹੁ=ਆਪ ਹੀ ਜੀਵਾਂ ਨੂੰ ਮਾਇਆ ਦੇ ਮੋਹ ਵਿਚ ਲਗਾ ਕੇ ਆਪਣੇ ਸਰੂਪ ਵੱਲੋਂ ਖੁਆਇਆ=ਭੁਲਾਇਆ ਹੋਇਆ ਹੈ।

ਪਰਤਾਪੁ ਲਗਾ ਦੋਹਾਗਣੀ
ਭਾਗ ਜਿਨਾ ਕੇ ਨਾਹਿ ਜੀਉ ॥ ੬ ॥

ਜਿਨ੍ਹਾਂ ਇਸਤਰੀਆਂ ਕੇ=ਦੇ ਭਾਗ=ਕਰਮਾਂ ਵਿਚ ਪਤੀ ਦੀ ਸੇਵਾ ਕਰਨ ਦਾ ਸੁਖ ਨਹੀਂ ਹੈ, ਉਨ੍ਹਾਂ ਦੋਹਾਗਣੀ=ਛੁੱਟੜ ਇਸਤਰੀਆਂ ਨੂੰ ਹਰ ਵਕਤ ਪਰਤਾਪੁ=ਪਸ਼ਚਾਤਾਪ ਲੱਗਿਆ ਰਹਿੰਦਾ ਹੈ, ਇਸੇ ਪ੍ਰਕਾਰ ਜਿਨ੍ਹਾਂ ਜੀਉ=ਜੀਵ ਰੂਪ ਇਸਤਰੀਆਂ ਕੇ=ਦੇ ਭਾਗ=ਕਰਮਾਂ ਵਿਚ ਪਤੀ ਪਰਮੇਸ਼ਰ ਦੀ ਪਰਪਤੀ ਦਾ ਸੁਖ ਨਾਹਿ=ਨਹੀਂ ਹੈ, ਉਨ੍ਹਾਂ ਮਨਮੁਖ ਰੂਪੀ ਦੋਹਾਗਣੀ=ਛੁੱਟੜ ਇਸਤਰੀਆਂ ਨੂੰ ਹਮੇਸ਼ਾ ਪਸ਼ਚਾਤਾਪ

ਹੀ ਲੱਗਿਆ ਰਹਿੰਦਾ ਹੈ ਵਾ: (ਪਰ+ਤਾਪ) ਪਰ=ਵਿਸ਼ੇਸ਼ ਕਰਕੇ ਆਧੀ, ਬਿਆਧੀ, ਉਪਾਧੀ ਆਦਿ ਦਾ ਤਾਪ ਲੱਗਿਆ ਰਹਿੰਦਾ ਹੈ। ਭਾਵ ਉਹ ਕਦੇ ਵੀ ਪਤੀ ਪਰਮੇਸ਼ਰ ਦੇ ਅਨੰਦ ਨੂੰ ਨਹੀਂ ਮਾਣ ਸਕਦੀਆਂ।

ਦੋਹਾਗਣੀ ਕਿਆ ਨੀਸਾਣੀਆ ॥

ਦੋਹਾਗਣੀ=ਛੁੱਟੜ, ਭਾਵ ਦੁਰਾਚਾਰੀ ਹੋਈਆਂ ਇਸਤਰੀਆਂ ਦੀਆ ਕਿਆ=ਕਿਹੜੀਆਂ ਨੀਸਾਣੀਆ=ਨਿਸ਼ਾਨੀਆਂ ਹਨ?

ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥

ਉਹ ਆਪਣੇ ਖਸਮਹੁ=ਮਾਲਕ ਪਤੀ ਦੀ ਸੇਵਾ ਤੋਂ ਔਗੁਣਾਂ ਕਾਰਨ ਘੁਥੀਆ=ਭੁੱਲੀਆ ਹੋਣ ਕਰਕੇ ਨਿਮਾਣੀਆ=ਸਤਿਕਾਰ ਤੋਂ ਰਹਿਤ ਤੁਰੀਆਂ ਫਿਰਹਿ=ਫਿਰਦੀਆਂ ਹਨ ਭਾਵ ਪੇਕੇ ਘਰ, ਸਹੁਰੇ ਘਰ ਸਤਿਕਾਰ ਨਹੀਂ ਮਿਲਦਾ।

ਮੈਲੇ ਵੇਸ ਤਿਨਾ ਕਾਮਣੀ
ਦੁਖੀ ਰੈਣਿ ਵਿਹਾਇ ਜੀਉ ॥੭॥

ਤਿਨਾ=ਉਨ੍ਹਾਂ ਦੁਰਾਚਾਰੀ ਕਾਮਣੀ=ਇਸਤਰੀਆਂ ਨੇ ਮੈਲੇ=ਮਲੀਨ ਵੇਸ=ਲਿਬਾਸ ਭਾਵ ਸੋਗ ਰੂਪ ਮਲੀਨ ਬਸਤਰ ਪਹਿਨੇ ਹੁੰਦੇ ਹਨ ਅਤੇ ਉਨ੍ਹਾਂ ਦੀ ਰੈਣਿ=ਰਾਤ ਆਪਣੇ ਪਤੀ ਦੀਆਂ ਖੁਸ਼ੀਆਂ ਤੋਂ ਅਨੰਦ ਨਾ ਮਾਣਨ ਦੇ ਦੁਖ ਵਿਚ, ਵਿਹਾਇ=ਬਤੀਤ ਹੋ ਜਾਂਦੀ ਹੈ।

ਸੋਹਾਗਣੀ ਕਿਆ ਕਰਮੁ ਕਮਾਇਆ ॥

ਹੇ ਸਤਿਗੁਰੂ! ਆਪਣੇ ਪਤੀ ਪਰਮੇਸ਼ਰ ਦੇ ਹੁਕਮ ਵਿਚ ਚੱਲਣ ਵਾਲੀਆਂ ਜੀਵ ਰੂਪ ਸੋਹਾਗਣੀ=ਸੁਹਾਗਣ ਇਸਤਰੀਆਂ ਦੇ ਲੱਛਣ ਦੱਸਣਾ ਕਰੋ ਕਿ ਉਹਨਾਂ ਨੇ ਕਿਆ=ਕਿਹੜਾ ਕਰਮ ਕਮਾਉਣਾ ਕੀਤਾ ਹੈ?

ਪੂਰਬਿ ਲਿਖਿਆ ਫਲੁ ਪਾਇਆ ॥
ਨਦਰਿ ਕਰੇ ਕੈ ਆਪਣੀ
ਆਪੇ ਲਏ ਮਿਲਾਇ ਜੀਉ ॥੮॥

ਉਸ ਉਤੇ ਵਾਹਿਗੁਰੂ ਨੇ ਆਪਣੀ ਨਦਰਿ=ਕਿਰਪਾ ਦ੍ਰਿਸ਼ਟੀ ਕਰੇਕੈ=ਕਰਕੇ ਆਪਣੇ ਸਰੂਪ ਨਾਲ ਮੇਲ ਲਿਆ ਹੈ ਅਤੇ ਉਨ੍ਹਾਂ ਮੇਲੇ ਹੋਇਆਂ ਦੁਆਰਾ ਹੋਰ ਵਿਛੁੜੀਆਂ ਹੋਈਆਂ ਰੂਹਾਂ ਨੂੰ ਵੀ ਆਪਣੇ ਸਰੂਪ ਵਿਚ ਮਿਲਾਇ=ਮਿਲਾ ਲੈਣਾ ਕੀਤਾ ਹੈ ਜੀਉ=ਜੀ।

ਹੁਕਮੁ ਜਿਨਾ ਨੋ ਮਨਾਇਆ ॥

ਹੇ ਸੱਚੇ ਪਾਤਸ਼ਾਹ! ਜਿਨ੍ਹਾਂ ਪਾਸੋਂ ਮਹਾਰਾਜ ਜੀ ਨੇ ਹੁਕਮ ਮਨਾਉਣਾ ਕੀਤਾ ਹੈ, ਉਨ੍ਹਾਂ ਦਾ ਜੀਵਨ ਕਿਹੋ ਜਿਹਾ ਹੈ? ਤਾਂ ਸਤਿਗੁਰਾਂ ਨੇ ਕਿਹਾ ਕਿ ਸ਼ਬਦ ਦੀ ਕਮਾਈ ਕਰਨੀ, ਭਾਣੇ ਵਿਚ ਚੱਲਣਾ, ਆਪਣੀ ਮਨ ਮੱਤ ਛੱਡਣੀ, ਮਿੱਠਾ ਬੋਲਣਾ, ਸੰਤੋਖੀ ਜੀਵਨ ਹੋਣਾ, ਪ੍ਰਭੂ ਦੀ ਰਜ਼ਾ ਵਿਚ ਚੱਲਣਾ, ਨਾਮ ਵਿਚ ਲਿਵ ਲਾਉਣੀ, ਹਉਮੈ ਛੱਡਣੀ ਆਦਿ ਪਾਤਸ਼ਾਹ ਜੀ ਨੇ ਇਹ ਹੁਕਮ ਜਿਨ੍ਹਾਂ ਤੋਂ ਮਨਾਇਆ=ਮਨਾਉਣਾ ਕੀਤਾ ਹੈ।

ਤਿਨ ਅੰਤਰਿ ਸਬਦੁ ਵਸਾਇਆ ॥

ਤਿਨ=ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਸਬਦੁ=ਉਪਦੇਸ਼ ਨੂੰ ਅੰਤਰਿ=ਹਿਰਦੇ ਵਿਚ ਵਸਾਇਆ=ਵਸਾ ਲਿਆ ਹੈ, ਉਹ ਉਸ ਨੂੰ ਕਦੇ ਵੀ ਵਿਸਰਨ ਨਹੀਂ ਦਿੰਦੇ।

ਸਹੀਆ ਸੇ ਸੋਹਾਗਣੀ
ਜਿਨ ਸਹ ਨਾਲਿ ਪਿਆਰੁ ਜੀਉ ॥੯॥

ਸੇ=ਉਹ ਸਹੀਆ=ਮਹਾਤਮਾ ਰੂਪ ਸਖੀਆਂ ਭਾਵ ਸਹੀ ਨਿਸਚੇ ਕਰਕੇ ਪਰਮੇਸ਼ਰ ਦੇ ਅਨੰਦ ਵਾਲੀਆਂ ਸੋਹਾਗਣੀ=ਸੁਹਾਗਵੰਤੀਆਂ ਹਨ, ਜਿਨ੍ਹਾਂ ਦਾ ਸਹ=ਪਤੀ ਅਕਾਲ ਪੁਰਖ ਵਾਹਿਗੁਰੂ ਨਾਲ ਪਿਆਰੁ=ਸਨੇਹ ਲੱਗਾ ਹੋਇਆ ਹੈ ਜੀਉ=ਜੀ।

ਜਿਨਾ ਭਾਣੇ ਕਾ ਰਸੁ ਆਇਆ ॥

ਜਿਨ੍ਹਾਂ ਨੂੰ ਭਾਣੇ=ਹੁਕਮ ਮੰਨਣ ਦਾ ਰਸੁ=ਪ੍ਰੇਮ ਆ ਗਿਆ ਹੈ।

ਤਿਨ ਵਿਚਹੁ ਭਰਮੁ ਚੁਕਾਇਆ ॥

ਜਿਹੜੇ ਭਾਣਾ ਮੰਨਦੇ ਹਨ, ਉਨ੍ਹਾਂ ਦੇ ਅੰਦਰੋਂ ਵਾਹਿਗੁਰੂ ਨੇ ਸਾਰੇ ਭਰਮਾਂ ਨੂੰ ਚੁਕਾਇਆ=ਖ਼ਤਮ ਕਰ ਦਿਤਾ ਹੈ। ਜਿਹੜੇ ਭਾਣਾ ਮੰਨਣ ਤੋਂ ਬਗ਼ੈਰ ਹਨ, ਉਹ ਸਦਾ ਹੀ ਭਰਮਦੇ ਫਿਰਦੇ ਹਨ।

ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭਸੈ ਲਏ ਮਿਲਾਇ ਜੀਉ ॥੧੦॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਤਿਗੁਰੂ ਨੂੰ ਐਸਾ ਨਿਰੰਕਾਰ ਸਰੂਪ ਜਾਣੀਐ=ਜਾਨਣਾ ਕਰੋ ਕਿ ਜੋ ਵੀ ਉਸ ਦੀ ਸ਼ਰਨ ਆ ਜਾਂਦਾ ਹੈ ਭਾਵੇਂ ਉਹ ਕਿਸੇ ਵੀ ਜਾਤ, ਧਰਮ, ਨਗਰ, ਦੇਸ, ਕੌਮ ਦਾ ਕਿਉਂ ਨਾ ਹੋਵੇ, ਉਹ ਸਭਸੈ=ਸਾਰਿਆਂ ਨੂੰ ਹੀ ਆਪਣੇ ਵਿਚ ਮਿਲਾਇ=ਮੇਲ ਲਏ=ਲੈਂਦਾ ਹੈ ਜੀਉ=ਜੀ।

ਸਤਿਗੁਰਿ ਮਿਲਿਐ ਫਲੁ ਪਾਇਆ ॥

ਜਿਹੜੇ ਪੁਰਸ਼ ਸਤਿਗੁਰੂ ਪਾਤਸ਼ਾਹ ਨਾਲ ਮਿਲੇ ਹਨ, ਉਨ੍ਹਾਂ ਨੇ ਬ੍ਰਹਮ ਗਿਆਨ ਰੂਪੀ, ਮੁਕਤੀ, ਰੂਪੀ ਅਤੇ ਧਰਮ ਅਰਥ ਕਾਮ, ਮੋਖ ਆਦਿ ਫਲ ਦੀ ਪ੍ਰਾਪਤੀ ਕਰ ਲਈ ਹੈ। ਹੇ ਪਾਤਸ਼ਾਹ ਜੀ! ਬ੍ਰਹਮਾਨੰਦ, ਗਿਆਨ ਆਦਿ ਦਾ ਫਲ ਕਿਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ?

ਜਿਨਿ ਵਿਚਹੁ ਅਹਕਰਣੁ ਚੁਕਾਇਆ ॥

ਜਿਨਿ=ਜਿਨ੍ਹਾਂ ਨੇ ਆਪਣੇ ਅੰਤਸ਼ਕਰਣ ਵਿਚਹੁ=ਅੰਦਰੋਂ ਵਿਸ਼ਿਆਂ ਰੂਪੀ ਜ਼ਹਿਰ ਘੋਲਣ ਵਾਲਾ ਅਹਕਰਣ=ਹੰਕਾਰ ਚੁਕਾਇਆ=ਚੁੱਕਾ ਭਾਵ ਦੂਰ ਕਰ ਦਿਤਾ ਹੈ। ਉਨ੍ਹਾਂ ਨੇ ਬ੍ਰਹਮਾਨੰਦ, ਗਿਆਨ ਫਲ ਨੂੰ ਪਾਉਣਾ ਕੀਤਾ ਹੈ।

ਦੁਰਮਤਿ ਕਾ ਦੁਖੁ ਕਟਿਆ
ਭਾਗੁ ਬੈਠਾ ਮਸਤਕਿ ਆਇ ਜੀਉ ॥ ੧੧ ॥

ਜਿਨ੍ਹਾਂ ਜੀਉ=ਜੀਵਾਂ ਦੇ ਮਸਤਕਿ=ਮੱਥੇ ਉਪਰ ਸ਼ਿਰੋਮਣੀ ਨਿਸ਼ਕਾਮ ਭਾਗੁ=ਕਰਮ ਆਦਿ=ਆ ਕੇ ਬੈਠਾ=ਬੈਠ ਗਿਆ ਹੈ ਭਾਵ ਕਰਮ ਫਲ ਦੇਣ ਨੂੰ ਸਨਮੁਖ ਹੋਇਆ ਹੈ, ਉਨ੍ਹਾਂ ਦੇ ਹਿਰਦੇ ਵਿਚੋਂ ਸਤਿਗੁਰਾਂ ਨੇ ਦੁਰਮਤਿ=ਖੋਟੀ ਮੱਤ ਕਾ=ਦਾ ਦੁਖੁ ਕਟਿਆ=ਕੱਟ ਦਿਤਾ ਹੈ।

ਅੰਮ੍ਰਿਤੁ ਤੇਰੀ ਬਾਣੀਆ ॥

ਉਹ ਇਸ ਤਰ੍ਹਾਂ ਉਚਾਰਦੇ ਹਨ ਕਿ ਹੇ ਪਰਮੇਸ਼ਰ! ਤੇਰੀ=ਤੁਹਾਡੀ ਸਤਿਨਾਮ ਰੂਪ ਬਾਣੀਆਂ=ਬਾਣੀ ਅੰਮ੍ਰਿਤੁ=ਅਮਰ ਕਰ ਦੇਣ ਵਾਲੀ ਹੈ ਵਾ: ਆਪ ਜੀ ਦੀਆਂ ਬਾਣੀਆਂ ਅੰਮ੍ਰਿਤ ਰੂਪ ਹਨ।

ਤੇਰਿਆ ਭਗਤਾ ਰਿਦੈ ਸਮਾਣੀਆ ॥

ਉਹ ਤੇਰਿਆ=ਤੁਹਾਡੇ ਭਗਤ ਜਨਾਂ ਦੇ ਰਿਦੈ=ਹਿਰਦੇ ਵਿਚ ਸਮਾਣੀਆਂ=ਸਮਾਅ ਰਹੀ ਹੈ।

ਸੁਖ ਸੇਵਾ ਅੰਦਰਿ ਰਖਿਐ
ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥ ੧੨ ॥

ਹੇ ਪਰਮੇਸ਼ਰ ਜੀ! ਤੁਸੀਂ ਸਾਰੇ ਸੰਸਾਰਕ ਤੇ ਪੂਰਨ ਆਤਮਾਨੰਦ ਦੀ ਪ੍ਰਾਪਤੀ ਵਾਲੇ ਸੁਖ ਸਤਿਗੁਰਾਂ ਦੀ ਸੇਵਾ=ਟਹਿਲ ਅੰਦਰਿ=ਵਿਚ ਹੀ ਰਖਿਐ=ਰੱਖਣਾ ਕੀਤੇ ਹਨ ਵਾ: ਜਿਨ੍ਹਾਂ ਨੂੰ ਗੁਰਾਂ ਦੀ ਸੇਵਾ ਵਿਚ ਲਾ ਰੱਖਿਆ ਹੈ, ਉਨ੍ਹਾਂ ਦੇ ਅੰਦਰ ਆਤਮਾਨੰਦ ਦੀ ਪ੍ਰਾਪਤੀ ਦੇ ਸੁਖ ਪ੍ਰਾਪਤ ਹੋਏ ਹਨ ਅਤੇ ਉਨ੍ਹਾਂ ਨੂੰ ਆਪਣੀ ਕ੍ਰਿਪਾ ਨਦਰਿ=ਦ੍ਰਿਸ਼ਟੀ ਕਰਹਿ=ਕਰਕੇ ਸੰਸਾਰ-ਸਮੁੰਦਰ ਤੋਂ ਨਿਸਤਾਰਿ=ਤਾਰ ਦਿੰਦੇ ਹੋ।

ਸਤਿਗੁਰੁ ਮਿਲਿਆ ਜਾਣੀਐ ॥

ਉਹੋ ਹੀ ਸਤਿਗੁਰੂ ਦੇ ਨਾਲ ਮਿਲਿਆ ਜਾਣਿਆ ਜਾਂਦਾ ਹੈ।

ਜਿਤੁ ਮਿਲਿਐ ਨਾਮੁ ਵਖਾਣੀਐ ॥

ਜਿਤੁ=ਜਿਸ ਦੇ ਮਿਲਿਐ=ਮਿਲਾਪ ਕਰਕੇ ਪਰਮੇਸ਼ਰ ਦਾ ਨਾਮ ਵਖਾਣੀਐ=ਕਥਨ ਹੋਵੇ ਭਾਵ ਸੁਤੇ ਹੀ ਪ੍ਰਮਾਤਮਾ ਚੇਤੇ ਆ ਜਾਵੇ, ਉਸ ਨੂੰ ਸਤਿਗੁਰੂ ਦੇ ਨਾਲ ਮਿਲਿਆ ਸਮਝਣਾ ਕਰੋ। ਉਹੋ ਹੀ ਤਨੋ ਮਨੋ ਗੁਰਸਿੱਖ ਹੈ, ਜਿਸ ਦੇ ਅੰਦਰ ਗੁਰੂ ਸਾਹਿਬ ਜੀ ਵਸੇ ਹੋਏ ਹਨ।

ਸਤਿਗੁਰ ਬਾਝੁ ਨ ਪਾਇਓ
ਸਭ ਥਕੀ ਕਰਮ ਕਮਾਇ ਜੀਉ ॥ ੧੩ ॥

ਹੇ ਪਿਆਰੇ ਜੀ! ਇਸ ਅੰਮ੍ਰਿਤ ਨਾਮ ਨੂੰ ਸਤਿਗੁਰਾਂ ਤੋਂ ਬਾਝੁ=ਬਗ਼ੈਰ ਕਿਸੇ ਨੇ ਪਾਇਓ=ਪਾਉਣਾ ਨਹੀਂ ਕੀਤਾ। ਸਭ=ਸਾਰੀ ਸ੍ਰਿਸ਼ਟੀ ਕਰਮ-ਕਾਂਡ ਨੂੰ ਕਮਾ-ਕਮਾ ਕੇ ਥੱਕ ਗਈ ਹੈ। ਭਾਵ ਨਿੱਤ, ਨਮਿੱਤ, ਪ੍ਰਾਸਚਿਤ ਆਦਿ ਕਰਮ ਕਮਾਉਂਦੇ ਹੋਏ ਥੱਕ ਗਏ ਹਨ।

ਹਉ ਸਤਿਗੁਰ ਵਿਟਹੁ ਘੁਮਾਇਆ ॥

ਹਉ=ਅਸੀਂ ਤਾਂ ਸਤਿਗੁਰ=ਸੱਚੇ ਗੁਰਾਂ ਦੇ ਵਿਟਹੁ=ਉਪਰੋਂ ਘੁਮਾਇਆ=ਵਾਰਨੇ ਜਾਂਦੇ ਹਾਂ।

ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥

ਜਿਨਿ=ਜਿਨ੍ਹਾਂ ਸਤਿਗੁਰਾਂ ਨੇ ਭਰਮ ਦੇ ਵਿਚ ਭੁੱਲੇ, ਜੂਨਾਂ ਵਿਚ ਫਿਰਦੇ ਜੀਵਾਂ ਨੂੰ ਭਗਤੀ ਦੇ ਸਹਿਤ ਗਿਆਨ ਦੇ ਮਾਰਗਿ=ਰਸਤੇ 'ਤੇ ਪਾਇਆ=ਪਾ ਦਿਤਾ ਹੈ।

ਨਦਰਿ ਕਰੇ ਜੇ ਆਪਣੀ
ਆਪੇ ਲਏ ਰਲਾਇ ਜੀਉ ॥ ੧੪ ॥

ਜੇ=ਜੇਕਰ ਸਤਿਗੁਰੂ ਜੀ ਆਪਣੀ ਨਦਰਿ=ਕ੍ਰਿਪਾ ਦ੍ਰਿਸ਼ਟੀ ਕਰੇ=ਕਰ ਦੇਣ ਤਾਂ ਵਾਹਿਗੁਰੂ ਆਪ ਹੀ ਜੀਵਾਂ ਨੂੰ ਗੁਰਾਂ ਦੇ ਉਪਦੇਸ਼ ਦੁਆਰਾ ਨਾਮ ਜਪਣ ਵਿਚ ਰਲਾ ਲੈਂਦਾ ਹੈ ਅਤੇ ਜੋ ਨਾਮ ਵਿਚ ਰਲੇ ਹੋਏ ਹਨ, ਉਨ੍ਹਾਂ ਨੂੰ ਆਪਣੇ ਸਰੂਪ ਵਿਚ ਰਲਾ ਲੈਂਦਾ ਹੈ।

ਤੂੰ ਸਭਨਾ ਮਾਹਿ ਸਮਾਇਆ ॥

ਹੇ ਮੇਰੇ ਵਾਹਿਗੁਰੂ! ਤੂੰ ਸਭਨਾ=ਸਾਰਿਆਂ ਦੇ ਮਾਹਿ=ਵਿਚ ਸਮਾਇਆ=ਮਿਲਿਆ ਭਾਵ ਸਮਿਲਤ, ਤਦਾਕਾਰ ਹੋਇਆ ਹੈਂ।

ਤਿਨਿ ਕਰਤੈ ਆਪੁ ਲੁਕਾਇਆ ॥

ਹੇ ਕਰਤੈ=ਰਚਨਹਾਰ ਪ੍ਰਭੂ! ਪਰ ਤੂੰ ਤਿਨਿ=ਤਿਨ੍ਹਾਂ ਜੀਵਾਂ ਦੇ ਵਿਚ ਆਪਣੇ ਆਪ ਨੂੰ ਲੁਕਾਇਆ=ਲੁਕਾ ਕੇ ਰੱਖਿਆ ਹੋਇਆ ਹੈ।

ਨਾਨਕ ਗੁਰਮੁਖਿ ਪਰਗਟੁ ਹੋਇਆ
ਜਾ ਕਉ ਜੋਤਿ ਧਰੀ ਕਰਤਾਰਿ ਜੀਉ ॥ ੧੫ ॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਕਰਤਾਰਿ=ਪਰਮੇਸ਼ਰ ਜੀਉ=ਜੀ! ਜਾ=ਜਿਨ੍ਹਾਂ ਕਉ=ਦੇ ਹਿਰਦੇ ਵਿਚ ਤੂੰ ਆਪਣੀ ਜੋਤਿ=ਗਿਆਤ ਗੁਰਾਂ ਦੁਆਰਾ ਧਰੀ=ਧਾਰਨ ਕੀਤੀ ਹੈ, ਤਿਨ੍ਹਾਂ ਗੁਰਮੁਖ ਜਨਾਂ

ਨੂੰ ਤੂੰ ਪਰਗਟੁ=ਪ੍ਰਤੱਖ ਸਾਖਿਆਤ ਹੋਇਆ ਹੈਂ।

ਆਪੇ ਖਸਮਿ ਨਿਵਾਜਿਆ ॥

ਖਸਮਿ=ਅਕਾਲ ਪੁਰਖ ਵਾਹਿਗੁਰੂ ਨੇ ਆਪ ਹੀ ਗੁਰਾਂ ਦੀ ਸੰਗਤ ਦੁਆਰਾ ਜੀਵ ਨੂੰ ਨਿਵਾਜਿਆ=ਵਡਿਆਇਆ ਹੈ।

ਜੀਉ ਪਿੰਡੁ ਦੇ ਸਾਜਿਆ ॥

ਸਾਰਿਆਂ ਨੂੰ ਜੀਉ=ਸੂਖਮ ਅਤੇ ਪਿੰਡੁ=ਸਥੂਲ ਸਰੀਰ ਦੇ ਕੇ ਅੰਗਾਂ ਪ੍ਰਤੰਗਾਂ ਨੂੰ ਆਪਣੀ ਚੇਤਨ ਸੱਤਾ ਪਾ ਕੇ ਸਾਜਿਆ=ਸਾਜਨਾ ਕੀਤਾ ਹੈ।

ਆਪਣੇ ਸੇਵਕ ਕੀ ਪੈਜ ਰਖੀਆ
ਦੁਇ ਕਰ ਮਸਤਕਿ ਧਾਰਿ ਜੀਉ ॥ ੧੬ ॥

ਪਰਮੇਸ਼ਰ ਨੇ ਆਪਣੇ ਦੁਇ=ਦੋਨੇਂ ਕਰ=ਹੱਥ ਭਾਵ ਕ੍ਰਿਪਾ ਤੇ ਰੋਜ਼ੀ ਦਾ ਹੱਥ ਅੰਤਹਕਰਣ ਰੂਪੀ ਮਸਤਕਿ=ਮੱਥੇ ਤੇ ਧਾਰਿ=ਧਰ ਕੇ ਆਪਣੇ ਸੇਵਕ=ਦਾਸਾਂ ਕੀ=ਦੀ ਪੈਜ=ਇੱਜ਼ਤ ਰਖੀਆ=ਰੱਖਣਾ ਕੀਤੀ ਹੈ ਵਾ: ਗੁਰਾਂ ਦੁਆਰਾ ਕਿਰਪਾ ਰੂਪੀ ਹੱਥ ਅੰਤਹਕਰਣ ਰੂਪੀ ਮੱਥੇ ਤੇ ਧਾਰਨ ਕਰ ਕੇ ਲੋਕ ਪ੍ਰਲੋਕ ਦੇ ਦੋਵੇਂ ਥਾਵਾਂ 'ਤੇ ਆਪਣੇ ਦਾਸਾਂ ਦੀ ਪੈਜ ਰੱਖਣਾ ਕੀਤੀ ਹੈ।

ਸਭਿ ਸੰਜਮ ਰਹੇ ਸਿਆਣਪਾ ॥

ਉਨ੍ਹਾਂ ਦੇ ਸਭਿ=ਸਾਰੇ ਸਾਧਨਾਂ ਦੇ ਸੰਜਮ=ਯਤਨ ਤੇ ਬੁੱਧੀ ਦੀਆਂ ਸਿਆਣਪਾ=ਚਤੁਰਾਈਆਂ ਪਿੱਛੇ ਹੀ ਰਹੇ=ਰਹਿ ਗਈਆਂ ਹਨ ਭਾਵ ਉਨ੍ਹਾਂ ਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ।

ਮੇਰਾ ਪ੍ਰਭੁ ਸਭੁ ਕਿਛੁ ਜਾਣਦਾ ॥

ਉਨ੍ਹਾਂ ਦਾ ਇਹ ਨਿਸਚਾ ਹੈ ਕਿ ਮੇਰਾ ਪ੍ਰਭੁ=ਪਰਮੇਸ਼ਰ ਅੰਤਰਜਾਮੀ ਸਭੁ=ਸਾਰਾ ਕਿਛੁ=ਕੁਝ ਜਾਣਦਾ ਹੈ। ਉਸ ਦੇ ਅੱਗੇ ਸੰਜਮ ਅਤੇ ਸਿਆਣਪ ਨੂੰ ਕੋਈ ਥਾਂ ਨਹੀਂ ਹੈ।

ਪ੍ਰਗਟ ਪ੍ਰਤਾਪੁ ਵਰਤਾਇਓ
ਸਭੁ ਲੋਕੁ ਕਰੈ ਜੈਕਾਰੁ ਜੀਉ ॥ ੧੭ ॥

ਇਉਂ ਸੱਚੇ ਪਾਤਸ਼ਾਹ ਜੀ ਨੇ ਆਪਣੇ ਸੇਵਕਾਂ ਦਾ ਪ੍ਰਗਟ=ਪ੍ਰਤੱਖ ਰੂਪ ਵਿਚ ਪ੍ਰਤਾਪੁ=ਜੱਸ ਵਰਤਾਇਓ=ਵਰਤਾ ਦਿਤਾ ਹੈ। ਜਿੰਨੇ ਵੀ ਸਭੁ=ਸਾਰੇ ਲੋਕ ਹਨ, ਉਹ ਜੈ ਜੈਕਾਰ ਕਰੈ=ਕਰਦੇ ਹਨ। ਉਨ੍ਹਾਂ ਦਾ ਨਿਸਚਾ ਹੈ ਕਿ -

ਮੇਰੇ ਗੁਣ ਅਵਗਨ ਨ ਬੀਚਾਰਿਆ ॥

ਪਰਮੇਸ਼ਰ ਨੇ ਮੇਰੇ=ਸਾਡੇ ਕਿਸੇ ਗੁਣਾਂ ਅਤੇ ਅਵਗਨ=ਔਗੁਣਾਂ ਨੂੰ ਬੀਚਾਰਿਆ=ਵੀਚਾਰਨਾ ਨਹੀਂ ਕੀਤਾ।

ਪ੍ਰਭਿ ਅਪਣਾ ਬਿਰਦੁ ਸਮਾਰਿਆ ॥

ਪ੍ਰਭਿ=ਅਕਾਲ ਪੁਰਖ ਵਾਹਿਗੁਰੂ ਨੇ ਆਪਣੇ ਬਿਰਦੁ=ਧਰਮ ਨੂੰ ਆਪ ਹੀ ਸਮਾਰਿਆ=ਸੰਭਾਲਣਾ ਕੀਤਾ ਹੈ।

ਕੰਠਿ ਲਾਇ ਕੈ ਰਖਿਓਨੁ
ਲਗੈ ਨ ਤਤੀ ਵਾਉ ਜੀਉ ॥ ੧੮ ॥

ਪਰਮੇਸ਼ਰ ਜੀ ਨੇ ਆਪਣੇ ਸੇਵਕਾਂ ਨੂੰ ਅਭੇਦ ਨਿਸਚੇ ਰੂਪੀ ਕੰਠਿ=ਗਲ ਨਾਲ ਲਾਇ=ਲਗਾ ਕੈ=ਕੇ ਰਖਿਓਨੁ=ਰੱਖਣਾ ਕੀਤਾ ਹੈ ਅਤੇ ਕਿਸੇ ਪ੍ਰਕਾਰ ਦੀ ਤ੍ਰਿਸ਼ਨਾ, ਈਰਖਾ, ਮਾਤਾ ਦੇ ਗਰਭ ਆਦਿ ਦੀ ਦੁਖ ਰੂਪ ਤਤੀ ਵਾਉ=ਹਵਾ ਨ=ਨਹੀਂ ਲਗੈ=ਲੱਗਣ ਦਿਤੀ।

ਮੈ ਮਨਿ ਤਨਿ ਪ੍ਰਭੂ ਧਿਆਇਆ ॥

ਮੈ=ਅਸੀਂ ਤਾਂ ਮਨਿ=ਹਿਰਦੇ ਦੇ ਸੰਕਲਪ ਦੁਆਰਾ ਧਿਆਨ ਜੋੜ ਕੇ ਤਨਿ=ਸਰੀਰ ਵਿਚ ਪ੍ਰਭੂ ਨੂੰ ਵਿਆਪਕ ਜਾਣ ਕੇ ਰੋਮ-ਰੋਮ ਕਰਕੇ ਉਸ ਨੂੰ ਧਿਆਉਣਾ ਕੀਤਾ ਹੈ।

ਜੀਇ ਇਛਿਅੜਾ ਫਲੁ ਪਾਇਆ ॥

ਜਿਹੜੀ ਜੀਇ=ਹਿਰਦੇ ਦੀ ਪ੍ਰਭੂ ਪ੍ਰਾਪਤੀ ਦੀ ਇਛਿਅੜਾ=ਇੱਛਾ ਸੀ, ਉਸ ਧਰਮ, ਅਰਥ, ਕਾਮ, ਮੋਖ ਆਦਿ ਦੀ ਪ੍ਰਾਪਤੀ ਬ੍ਰਹਮ ਗਿਆਨ ਰੂਪੀ ਫਲ ਨੂੰ ਪਾਇਆ=ਪਾ ਲਿਆ ਹੈ।

ਸਾਹ ਪਾਤਿਸਾਹ ਸਿਰਿ ਖਸਮੁ ਤੂੰ
ਜਪਿ ਨਾਨਕ ਜੀਵੈ ਨਾਉ ਜੀਉ ॥ ੧੯ ॥

ਹੇ ਪਰਮੇਸ਼ਰ! ਸਾਰਿਆਂ ਸਾਹ=ਪਾਤਸ਼ਾਹਾਂ ਦਾ ਪਾਤਸ਼ਾਹ ਸਿਰਿ=ਸ਼੍ਰੋਮਣੀ ਖਸਮੁ=ਮਾਲਕ ਤੂੰ ਆਪ ਹੀ ਹੈਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਆਪ ਜੀ ਦਾ ਐਸਾ ਪਵਿੱਤਰ ਨਾਉਂ=ਨਾਮ ਹੈ ਜਿਸ ਨੂੰ ਜਪ-ਜਪ ਕੇ ਜੀਵੈ=ਜਿਊਣਾ ਕਰਦੇ ਹਾਂ।

ਤੁਧੁ ਆਪੇ ਆਪੁ ਉਪਾਇਆ ॥

ਹੇ ਪਰਮੇਸ਼ਰ ਜੀ! ਤੁਧੁ=ਤੁਸੀਂ ਆਪੇ ਹੀ ਆਪਣੇ ਆਪ ਤੋਂ ਉਪਾਇਆ=ਪੈਦਾ ਕੀਤਾ ਹੈ।

ਦੂਜਾ ਖੇਲੁ ਕਰਿ ਦਿਖਲਾਇਆ ॥

ਜੋ ਇਹ ਦੂਜਾ=ਦੂਸਰਾ ਭਾਵ ਮਾਇਕੀ ਖੇਲ੍ਹ ਹੈ, ਉਹ ਚੰਮ ਦ੍ਰਿਸ਼ਟੀ ਵਾਲਿਆਂ ਨੂੰ ਨੇਤਰਾਂ ਦਾ ਵਿਸ਼ਾ ਕਰਿ=ਕਰਕੇ ਦਿਖਲਾਇਆ=ਵਿਖਾਉਣਾ ਕੀਤਾ ਹੈ ਵਾ: ਆਪਣੇ ਤੋਂ ਭਿੰਨ ਦੂਸਰਾ ਸੰਸਾਰ ਦਾ ਖੇਲ੍ਹ ਰਚ ਕੇ ਦਿਖਾਉਣਾ ਕੀਤਾ ਹੈ।

ਸਭੁ ਸਚੋ ਸਚੁ ਵਰਤਦਾ
ਜਿਸੁ ਭਾਵੈ ਤਿਸੈ ਬੁਝਾਇ ਜੀਉ ॥ ੨੦ ॥

ਹੇ ਸੱਚੇ ਪਰਮੇਸ਼ਰ ਜੀ! ਸਚੁ=ਨਿਸਚੇ ਕਰਕੇ ਤੂੰ ਹੀ ਸਭੁ=ਸਾਰਿਆਂ ਥਾਵਾਂ ਵਿਚ ਵਰਤਦਾ=ਵਰਤ ਰਿਹਾ ਹੈਂ, ਪਰੰਤੂ ਜਿਸ ਦੀ ਸ਼ਰਧਾ ਭਾਵਨਾ ਭਾਵੈ=ਭਾਅ ਜਾਵੇ ਉਸ ਨੂੰ ਆਪਣਾ ਸਤ ਚਿਤ ਅਨੰਦ ਸਰੂਪ ਬੁਝਾਇ=ਸਮਝਾ ਦਿੰਦਾ ਹੈ।

ਗੁਰ ਪਰਸਾਦੀ ਪਾਇਆ ॥
ਤਿਥੈ ਮਾਇਆ ਮੋਹੁ ਚੁਕਾਇਆ ॥

ਸਤਿਗੁਰਾਂ ਦੀ ਪਰਸਾਦੀ=ਕਿਰਪਾ ਦੁਆਰਾ ਜਿਨ੍ਹਾਂ ਨੇ ਆਪਣੇ ਨਿਜ ਸਰੂਪ ਨੂੰ ਪਾਇਆ=ਪਾਉਣਾ ਕੀਤਾ ਹੈ।

ਕਿਰਪਾ ਕਰਿ ਕੈ ਆਪਣੀ
ਆਪੇ ਲਏ ਸਮਾਇ ਜੀਉ ॥੨੧॥

ਫੇਰ ਉਨ੍ਹਾਂ ਨੂੰ ਆਪਣੀ ਕ੍ਰਿਪਾ=ਦਇਆ ਦ੍ਰਿਸ਼ਟੀ ਕਰਿ ਕੈ=ਕਰ ਕੇ ਆਪਣੇ ਸਰੂਪ ਦੇ ਵਿਚ ਹੀ ਸਮਾਇ=ਸਮਾਅ ਲੈਣਾ ਕੀਤਾ ਹੈ।

ਗੋਪੀ ਨੈ ਗੋਆਲੀਆ ॥
ਤੁਧੁ ਆਪੇ ਗੋਇ ਉਠਾਲੀਆ ॥

